ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 38 | 25 September 2019 to 01 October 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਪੂਰਨ ਸਿੰਘ ਦਾ ਦੇਹਾਂਤ

**ਅੰਮ੍ਰਿਤਸਰ/ਏਟੀ ਨਿਊਜ਼ :** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸਾਬਕਾ ਮੁੱਖ ਗ੍ਰੰਥੀ ਹਰਿਮੰਦਰ ਸਾਹਿਬ ਗਿਆਨੀ ਪੂਰਨ ਸਿੰਘ ਦਾ ਦੇਹਾਂਤ ਹੋ



ਗਿਆ ਹੈ। ਉਨ੍ਹਾਂ ਨੇ ਆਪਣੇ ਆਖਰੀ ਸਾਹ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ 'ਚ ਸਵੇਰੇ 9 ਵਜੇ ਦੇ ਕਰੀਬ ਲਏ। ਗਿਆਨੀ ਪੂਰਨ ਸਿੰਘ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ। ਇਸ ਸੰਬੰਧੀ ਸ਼ਰੋਮਣੀ ਕਮੇਟੀ ਵੱਲੋਂ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ਼ੋਕ ਸਭਾ ਕੀਤੀ ਗਈ। ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਅਮਰਬੀਰ ਸਿੰਘ ਧੋਤ ਨੇ ਦੱਸਿਆ ਕਿ ਉਨ੍ਹਾਂ ਦਾ ਅੰਤਿਮ ਸੰਸਕਾਰ 26 ਸਤੰਬਰ ਨੂੰ ਕੀਤਾ ਜਾਵੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਮੁੱਖ ਸਕੱਤਰ ਡਾ. ਰੂਪ ਸਿੰਘ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਭਾਗ ਸਿੰਘ ਅਣਖੀ ਨੇ ਉਨ੍ਹਾਂ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਪੰਜਾਬ ਵਿਚ ਜ਼ਿਮਨੀ ਚੋਣਾਂ ਦਾ ਬਿਗਲ ਵੱਜਿਆ

## 21 ਅਕਤੂਬਰ ਨੂੰ ਪੈਣਗੀਆਂ ਵੋਟਾਂ ਤੇ 24 ਅਕਤੂਬਰ ਨੂੰ ਹੋਵੇਗਾ ਨਤੀਜਿਆਂ ਦਾ ਐਲਾਨ

- **ਕਾਂਗਰਸ ਨੇ ਸਭ ਤੋਂ ਪਹਿਲਾਂ ਐਲਾਨੇ ਸਾਰੇ ਉਮੀਦਵਾਰ**
- **ਅਕਾਲੀ ਦਲ ਨੇ ਦਾਖਾ ਹਲਕੇ ਤੋਂ ਮਨਪ੍ਰੀਤ ਸਿੰਘ ਇਆਲੀ ਨੂੰ ਮੁੜ ਉਤਾਰਿਆ**

**ਚੰਡੀਗੜ੍ਹ/ਏਟੀ ਨਿਊਜ਼ :**
ਪੰਜਾਬ ਦੇ 4 ਵਿਧਾਨ ਸਭਾ ਹਲਕਿਆਂ 'ਚ ਜ਼ਿਮਨੀ ਚੋਣਾਂ ਦਾ ਐਲਾਨ ਹੋ ਚੁੱਕਾ ਹੈ। ਇਸ ਦੇ ਨਾਲ ਹੀ ਸੂਬੇ ਵਿੱਚ ਚੋਣ ਮਾਹੌਲ ਮੁੜ ਭਖ ਗਿਆ ਹੈ। ਚੋਣ ਕਮਿਸ਼ਨ ਨੇ ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ 'ਤੇ 21 ਅਕਤੂਬਰ ਨੂੰ ਜ਼ਿਮਨੀ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਹੈ। 23 ਸਤੰਬਰ ਤੋਂ ਨਾਮਜ਼ਦਗੀਆਂ ਭਰੀਆਂ ਜਾਣਗੀਆਂ ਤੇ 24 ਅਕਤੂਬਰ ਨੂੰ ਨਤੀਜਿਆਂ ਦਾ ਐਲਾਨ ਕੀਤਾ ਜਾਏਗਾ। ਇਸ ਦੇ ਨਾਲ ਹੀ ਪੰਜਾਬ ਕਾਂਗਰਸ ਨੇ ਚੋਣਾਂ ਲਈ ਸਭ ਤੋਂ ਪਹਿਲਾਂ ਆਪਣੇ 4 ਉਮੀਦਵਾਰ ਮੈਦਾਨ ਵਿੱਚ ਉਤਾਰ ਦਿੱਤੇ ਹਨ। ਹਲਕਾ ਦਾਖਾ ਤੋਂ ਸੰਦੀਪ ਸੰਧੂ, ਜਲਾਲਾਬਾਦ ਤੋਂ

ਬਾਕੀ ਸਫ਼ਾ 32 'ਤੇ



### ਕਾਂਗਰਸੀ ਆਗੂ ਜੋਗਿੰਦਰ ਮਾਨ ਨੇ ਲਾਇਆ ਟਿਕਟਾਂ ਵੇਚਣ ਦਾ ਦੋਸ਼

ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਜੋਗਿੰਦਰ ਮਾਨ ਨੇ ਫਗਵਾੜਾ ਹਲਕੇ ਦੀ ਟਿਕਟ ਵੇਚਣ ਦਾ ਦੋਸ਼ ਲਾਇਆ ਹੈ। ਪੰਜਾਬ ਕਾਂਗਰਸ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਨੇ ਫਗਵਾੜਾ ਹਲਕੇ ਤੋਂ ਕਾਂਗਰਸ ਆਗੂ ਜੋਗਿੰਦਰ ਮਾਨ ਵੱਲੋਂ ਲਾਏ ਦੋਸ਼ਾਂ ਕਿ ਪਾਰਟੀ ਨੇ ਆਈ.ਏ.ਐਸ ਅਧਿਕਾਰੀ ਨੂੰ ਟਿਕਟ ਵੇਚ ਦਿਤੀ ਹੈ, ਬਾਰੇ ਉਨ੍ਹਾਂ ਕਿਹਾ ਕਿ ਕੋਈ ਜੋਸ਼ ਵਿਚ ਆ ਕੇ ਬੋਲ ਜਾਂਦਾ ਹੈ ਪਰ ਅਜਿਹੇ ਬਿਆਨ ਗ਼ਲਤ ਹਨ। ਬਾਹਰਲੇ ਆਗੂਆਂ ਨੂੰ ਟਿਕਟਾਂ ਦੇਣ ਕਾਰਨ ਪਾਰਟੀ ਅੰਦਰ ਰੋਸ ਬਾਰੇ ਉਨ੍ਹਾਂ ਕਿਹਾ ਕਿ ਬਾਹਰਲੇ ਆਗੂਆਂ ਨੂੰ ਨਹੀਂ ਸਗੋਂ ਜਿੱਤਣ ਵਾਲੇ ਉਮੀਦਵਾਰਾਂ ਨੂੰ ਬੜਾ ਸੋਚ ਵਿਚਾਰ ਕਰਕੇ ਟਿਕਟਾਂ ਦਿੱਤੀਆਂ ਹਨ। ਬੇਅਬਦੀ ਦੇ ਮੁੱਦੇ 'ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪਿਛਲੇ ਸਰਕਾਰ ਦੇ ਰਾਜ ਸਮੇਂ ਬੇਅਬਦੀ ਅਤੇ ਗੋਲੀਬਾਰੀ ਦੇ ਮਾਮਲਿਆਂ ਵਿਚ ਬਾਦਲ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ।

## ਭਾਜਪਾ ਵਿਚ "ਇਕ ਅਨਾਰ ਸੌ ਬਿਮਾਰ" ਵਾਲੀ ਹਾਲਤ

ਭਾਜਪਾ ਨੇ ਫਗਵਾੜਾ ਤੇ ਮੁਕੇਰੀਆਂ ਦੀਆਂ ਉਪ ਚੋਣਾਂ ਲਈ ਪਾਰਟੀ ਹਾਈ ਕਮਾਂਡ ਨੂੰ 18 ਜਣਿਆਂ ਦੇ ਨਾਂ ਟਿਕਟ ਦੇਣ ਵਾਸਤੇ ਭੇਜੇ ਹਨ। ਇਨ੍ਹਾਂ ਦੋਵਾਂ ਹਲਕਿਆਂ ਲਈ 18 ਜਣਿਆਂ ਨੇ ਟਿਕਟ ਦੀ ਮੰਗ ਕੀਤੀ ਸੀ। ਸੂਬਾਈ ਲੀਡਰਸ਼ਿਪ ਨੇ ਸਾਰੇ ਨਾਂ ਹੀ ਪਾਰਟੀ ਹਾਈ ਕਮਾਂਡ ਨੂੰ ਭੇਜ ਦਿੱਤੇ ਹਨ। ਇਸ ਦੀ ਪੁਸ਼ਟੀ ਮੀਟਿੰਗ ਦਾ ਹਿੱਸਾ ਰਹੇ ਭਾਜਪਾ ਦੇ ਇਕ ਸੂਬਾਈ ਸਾਬਕਾ ਪ੍ਰਧਾਨ ਨੇ ਕੀਤੀ।

ਫਗਵਾੜਾ ਦੀ ਉਪ ਚੋਣ ਵਾਸਤੇ 6 ਜਣਿਆਂ ਨੇ ਟਿਕਟ ਵਾਸਤੇ ਅਰਜ਼ੀਆਂ ਦਿੱਤੀਆਂ ਹੋਈਆਂ ਹਨ। ਇਨ੍ਹਾਂ ਵਿਚ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਆਪਣੀ ਪਤਨੀ ਵਾਸਤੇ ਟਿਕਟ ਦੀ ਮੰਗ ਕੀਤੀ ਹੋਈ ਹੈ ਜਦਕਿ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਆਪਣੇ ਪੁੱਤਰ ਲਈ ਅਰਜ਼ੀ ਦਿੱਤੀ ਹੋਈ ਹੈ।ਫਗਵਾੜਾ ਵਾਸਤੇ ਜਿਹੜੇ 6 ਨਾਂ ਟਿਕਟ ਲਈ ਆਏ

ਬਾਕੀ ਸਫ਼ਾ 32 'ਤੇ

# ਪੰਜਾਬੀ ਬੋਲੀ ਖਿਲਾਫ ਭੁਗਤੇ ਗੁਰਦਾਸ ਮਾਨ ਦਾ ਵਿਸ਼ਵ ਭਰ 'ਚ ਸਖਤ ਵਿਰੋਧ

## ਆਰਐਸਐਸ ਦੇ ਇਕ-ਭਾਸ਼ਾਈ ਏਜੰਡੇ ਦੀ ਹਮਾਇਤ ਕਰਕੇ ਕਸੂਤਾ ਘਿਰਿਆ ਪੰਜਾਬੀ ਗਾਇਕ




**ਚੰਡੀਗੜ੍ਹ/ਏਟੀ ਨਿਊਜ਼ :**
ਆਰਐਸਐਸ ਦੇ ਏਜੰਡੇ ਦੀ ਹਮਾਇਤ ਕਰਕੇ ਗਾਇਕ ਗੁਰਦਾਸ ਮਾਨ ਕਸੂਤਾ ਘਿਰ ਗਿਆ ਹੈ। ਆਰਐਸਐਸ ਦੇ ਏਜੰਡੇ ਮੁਤਾਬਕ ਭਾਰਤ ਵਿਚ ਇੱਕ ਰਾਸ਼ਟਰ ਤੇ ਇੱਕ ਸੱਭਿਆਚਾਰ ਦੇ ਹੱਕ ਵਿਚ ਨਾਅਰਾ ਮਾਰਨ ਮਗਰੋਂ ਗੁਰਦਾਸ ਮਾਨ ਦੀ ਅਲੋਚਨਾ ਹੋ ਰਹੀ ਹੈ। ਗੁਰਦਾਸ ਮਾਨ ਨੇ ਹਿੰਦੀ ਭਾਸ਼ਾ ਦਾ ਪੱਖ ਪੂਰਦਿਆਂ ਇਕ ਟੈਲੀਵਿਜ਼ਨ ਚੈਨਲ 'ਤੇ ਕਿਹਾ ਸੀ ਕਿ "ਜੇ ਤੁਸੀਂ ਹਿੰਦੀ ਸੁਣ ਸਕਦੇ ਹੋ ਤਾਂ ਹਿੰਦੀ ਪੜ੍ਹ ਵੀ ਸਕਦੇ ਹੋ, ਤੁਸੀਂ ਲਿਖ ਵੀ ਸਕਦੇ ਹੋ। ਤੁਹਾਨੂੰ ਪੜ੍ਹਨੀ ਵੀ ਚਾਹੀਦੀ ਹੈ, ਹਰ ਬੋਲੀ ਸਿੱਖੋ ਸਿੱਖਣੀ ਵੀ ਚਾਹੀਦੀ। ਇਹ ਜ਼ਰੂਰੀ ਹੈ ਕਿ ਇੱਕ ਨੇਸ਼ਨ ਦੀ ਇੱਕ ਜ਼ਬਾਨ ਤਾਂ ਹੋਣੀ ਹੀ ਚਾਹੀਦੀ ਹੈ, ਤਾਂ ਕਿ ਸਾਊਥ ਵਿੱਚ ਜਾ ਕੇ ਵੀ ਬੰਦਾ ਕਹਿ ਸਕੇ ਤੇ ਗੱਲ ਆਪਣੀ ਸਮਝਾ ਸਕੇ, ਜੇ ਉੱਥੇ ਸਮਝ ਨਾ ਆ ਸਕੀ ਤਾਂ ਫਾਇਦਾ ਕੀ ਹੈ ਹਿੰਦੁਸਤਾਨੀ ਹੋਣ ਦਾ।"

ਇਸ ਤੋਂ ਬਾਅਦ ਇੱਕ ਪ੍ਰੈਸ ਕਾਨਫਰੰਸ ਦੌਰਾਨ ਇੱਕ ਪੱਤਰਕਾਰ ਨੇ ਹਿੰਦੀ ਬਾਰੇ ਇਹ ਪੁੱਛਿਆ ਕਿ ਭਾਰਤ ਵਿਚ ਜਿਹੜਾ ਕਿਹਾ ਜਾ ਰਿਹਾ ਹੈ ਕਿ ਹਿੰਦੀ ਨੂੰ ਪ੍ਰਮੋਟ ਕੀਤਾ ਜਾਵੇ, ਤੁਸੀਂ ਪੰਜਾਬੀ ਪੁੱਤ ਹੋ ਤੁਹਾਡਾ ਇਸ ਬਾਰੇ ਕੀ ਵਿਚਾਰ ਹੈ, ਸਾਰਾ ਪੰਜਾਬ ਜਾਣਨਾ ਚਾਹੁੰਦਾ ਹੈ ?

ਮਾਨ ਨੇ ਮੁੜ ਕਿਹਾ ਕਿ "ਮੇਰਾ ਖ਼ਿਆਲ਼ ਹੈ ਕਿ ਇੱਕ ਦੇਸ ਦੀ ਇੱਕ ਭਾਸ਼ਾ ਤਾਂ ਹੋਣੀ ਜ਼ਰੂਰੀ ਹੈ, ਤੁਸੀਂ ਆਪਣੀ ਭਾਸ਼ਾ ਨੂੰ ਹਮੇਸ਼ਾ ਤਰਜੀਹ ਦਿਓ...ਪਿਆਰ ਦਿਓ...ਸਿਖਾਓ..ਉਹ ਜ਼ਰੂਰੀ ਹੈ ਕਿਉਂਕਿ ਉਹ ਮਾਂ ਬੋਲੀ ਹੈ। ਪਰ ਮਾਸੀ ਵੀ ਤਾਂ ਕੋਈ ਚੀਜ਼ ਹੁੰਦੀ ਹੈ..ਬਾਬਾ ਜੀ। ਸੋ ਮਾਂ ਦੇ ਨਾਲ ਮਾਸੀ ਨੂੰ ਵੀ ਪਿਆਰ ਦੇਣਾ ਚਾਹੀਦਾ ਹੈ...ਪਰ ਜਦੋਂ ਅਸੀਂ ਪੂਰੇ ਦੇਸ ਦੀ ਗੱਲ ਕਰਦੇ ਹਾਂ, ਫਿਰ ਭਾਰਤ ਸਾਡੀ ਮਾਂ ਹੈ...ਉਹ ਧਰਤੀ ਹੈ...ਉਸ ਧਰਤੀ ਦੀ ਜਿਹੜੀ ਜ਼ਬਾਨ ਹੈ..ਉਸ ਨੂੰ ਇੱਜ਼ਤ ਦੇਣੀ ਚਾਹੀਦੀ ਹੈ..ਕਿਉਂਕਿ ਇੱਕ ਨੇਸ਼ਨ ਇੱਕ ਜ਼ੁਬਾਨ ਹੋਣੀ ਚਾਹੀਦੀ ਹੈ।"

ਅਜਿਹਾ ਕਹਿ ਕੇ ਉਸ ਨੇ ਸੰਘ ਪਰਿਵਾਰ ਤੇ ਭਾਜਪਾ ਦੇ ਭਗਵੇਂ ਏਜੰਡੇ ਦਾ ਸਮਰਥਨ ਕਰ ਦਿੱਤਾ ਹੈ। ਇਸ ਕਾਰਨ ਸਮੁੱਚਾ ਪੰਜਾਬੀ ਭਾਈਚਾਰਾ ਗੁਰਦਾਸ ਮਾਨ ਦੇ ਖ਼ਿਲਾਫ਼ ਹੋ ਗਿਆ ਹੈ। ਪੰਜਾਬ ਸਮੇਤ ਦੇਸ਼ ਵਿਦੇਸ਼ ਵਿਚ ਗੁਰਦਾਸ ਮਾਨ ਦਾ ਵਿਰੋਧ ਹੋ ਰਿਹਾ ਹੈ। ਕੈਨੇਡਾ ਵਿੱਚ ਵੀ ਵੈਨਕੂਵਰ ਅਤੇ ਐਡਮਿੰਟਨ ਦੇ ਸ਼ੋਅ ਦੌਰਾਨ ਮਾਨ ਨੂੰ ਪੰਜਾਬੀਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਇੱਥੇ ਜ਼ਿਕਰਯੋਗ ਹੈ ਕਿ 13 ਸਤੰਬਰ ਨੂੰ 'ਹਿੰਦੀ ਦਿਹਾੜੇ' ਮੌਕੇ ਪਟਿਆਲਾ ਸਥਿਤ ਭਾਸ਼ਾ ਵਿਭਾਗ (ਜੋ ਕਿ ਕਿਸੇ ਵੇਲੇ ਮਹਿਕਮਾ ਪੰਜਾਬੀ ਹੁੰਦਾ ਸੀ) ਵਿਚ ਕਰਵਾਏ ਗਏ ਇਕ ਸਮਾਗਮ ਮੌਕੇ ਭਾਰਤੀ ਉਪ-ਮਹਾਂਦੀਪ ਵਿਚ ਹਿੰਦੀ

ਬਾਕੀ ਸਫ਼ਾ 32 'ਤੇ















# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing



**1415 W Anderson Stockton**

a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.

**$4,900,000**



**1943 E Fremont St,**

1924 E park St and 1850 E Oak St Stockton CA 95205, Total 8 APN number, one lot, 7.56 acres paved truck parking.

**$3,000,000**

**1801 E Dr martin luther king jr Blvd, Stockton, CA 95205 APN 155-140-15.**
**Almost 10 acres paved truck parking with approximately $32000 monthly income.** **$4,399,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ**
**ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਫਰੀਮੌਂਟ ਗੁਰੂ ਘਰ 'ਚ ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਸਮਾਗਮ







**ਫਰੀਮੌਂਟ/ਏਟੀ ਨਿਊਜ਼ :**
ਪਿਛਲੇ ਕਈ ਸਾਲਾਂ ਤੋਂ ਫਰੀਦਕੋਟ ਤੇ ਆਸ ਪਾਸ ਇਲਾਕੇ ਦੀਆਂ ਸੰਗਤਾਂ ਫਰੀਮੌਂਟ ਗੁਰੂ ਘਰ ਵਿਖੇ ਬਾਬਾ ਫਰੀਦ ਜੀ ਦੀ ਯਾਦ ਵਿਚ ਆਗਮਨ ਪੁਰਬ ਮਨਾਉਂਦੀਆਂ ਆ ਰਹੀਆਂ ਹਨ। ਇਸ ਸਾਲ ਵੀ ਸ਼ਰਧਾ ਅਤੇ ਉਤਸ਼ਾਹ ਨਾਲ ਦਿਨ ਸ਼ੁੱਕਰਵਾਰ, 20 ਸਤੰਬਰ ਨੂੰ ਸ੍ਰੀ ਅਖੰਡ ਪਾਠ ਜੀ ਪਾਠ ਅਰੰਭ ਕੀਤੇ ਗਏ ਤੇ ਭੋਗ ਦਿਨ ਐਤਵਾਰ, 22 ਸਤੰਬਰ ਨੂੰ ਪਾਏ ਗਏ। ਇਸ ਉਪਰੰਤ ਢਾਡੀ ਰਾਗੀ ਸਿੰਘਾਂ ਨੇ ਬਾਬਾ ਫ਼ਰੀਦ ਜੀ ਦੀ ਬਾਣੀ ਤੇ ਜੀਵਨ ਸਬੰਧੀ ਵਿਚਾਰਾਂ ਕੀਤੀਆਂ। ਬਾਬਾ ਫ਼ਰੀਦ ਜੀ ਦੇ ਸ਼ਬਦ ਗਾਇਨ ਕੀਤੇ ਗਏ। ਬਾਬਾ ਫਰੀਦ ਆਗਮਨ ਪੁਰਬ ਸੋਸਾਇਟੀ ਅਤੇ ਗੁਰਦੁਆਰਾ ਕਮੇਟੀ ਦੇ ਉਚੇਚੇ ਸੱਦੇ 'ਤੇ ਭਾਈ ਨਾਇਬ ਸਿੰਘ ਨਿਮਾਣਾ ਹਜ਼ੂਰੀ ਰਾਗੀ ਟਿੱਲਾ ਬਾਬਾ ਸ਼ੇਖ ਫਰੀਦ ਦਾ ਜਥਾ ਰਿਵਰ ਸਾਈਡ ਤੋਂ ਉਚੇਚੇ ਤੌਰ 'ਤੇ ਤਸ਼ਰੀਫ ਲਿਆਏ। ਸ਼ੁੱਕਰਵਾਰ ਵਾਲੇ ਦਿਨ ਭਾਈ ਨਿਮਾਣਾ ਅਤੇ ਗਾਇਕ ਨਿਰਮਲ ਸਿੱਧੂ ਦੁਆਰਾ ਤਿਆਰ ਕੀਤਾ ਟ੍ਰੈਕ ਰਲੀਜ ਕੀਤਾ ਗਿਆ।ਹਰ ਵਾਰ ਦੀ ਤਰਾਂ ਸੰਗਤਾਂ ਦਾ ਉਤਸ਼ਾਹ ਤੇ ਹਾਜ਼ਰੀ ਭਰਪੂਰ ਰਹੀ। ਸ਼ੁੱਕਰਵਾਰ ਵਾਲੇ ਦਿਨ ਹੀ ਰੇਡੀਓ ਪੰਜਾਬ ਦੇ ਸਟੂਡਿਓ ਪਹੁੰਚ ਕੇ ਸੰਗਤਾਂ ਨੂੰ ਸ਼ਿਰਕਤ ਕਰਨ ਦਾ ਸੱਦਾ ਦਿੱਤਾ ਗਿਆ। ਰੇਡੀਓ ਹੋਸਟ ਜਸਪਾਲ ਸਿੰਘ ਨੇ ਪ੍ਰਬੰਧਕਾਂ ਨੂੰ ਜੀ ਆਇਆਂ ਆਖਿਆ ਤੇ ਸ੍ਰੋਤਿਆਂ ਨਾਲ ਸਮਾਗਮ ਤੇ ਫਰੀਦਕੋਟ ਸਬੰਧੀ ਜਾਣਕਾਰੀ ਸਾਂਝੀ ਕੀਤੀ।

ਇਸ ਸਾਲ ਦੇ ਸਮਾਗਮਾਂ ਦੀ ਵਿਲੱਖਣਤਾ ਇਹ ਰਹੀ ਕਿ ਇਲਾਕਾ ਨਿਵਾਸੀ ਸੰਗਤਾਂ ਯੂਬਾ ਸਿਟੀ, ਸਟਾਕਟਨ, ਫਰਿਜਨੋ, ਟਰੇਸੀ , ਸੈਕਰਾਮੈਂਟੋ, ਲੈਥਰੋਪ, ਮੈਨਟੀਕਾ, ਐਲਕਗਰੋਵ ਆਦਿ ਸ਼ਹਿਰਾਂ ਤੋਂ ਹਾਜ਼ਰੀ ਲਵਾਉਣ ਪਹੁੰਚੀਆਂ । ਬਾਬਾ ਫ਼ਰੀਦ ਆਗਮਨ ਪੁਰਬ ਸੁਸਾਇਟੀ ਵੱਲੋਂ ਸਮੂਹ ਸੰਗਤ ਦੀ ਹਾਜ਼ਰੀ ਵਿਚ ਐਤਵਾਰ ਵਾਲੇ ਦਿਨ ਹੀ ਭਾਈ ਨਾਇਬ ਸਿੰਘ ਨਿਮਾਣਾ ਦੀ ਬਾਬਾ ਸ਼ੇਖ ਫਰੀਦ ਜੀ ਨੂੰ ਸਮਰਪਿਤ ਸੀਡੀ "ਬੋਲੈ ਸ਼ੇਖ ਫਰੀਦ" ਵੀ ਰਲੀਜ ਕੀਤੀ ਗਈ। ਪ੍ਰਬੰਧਕਾਂ ਵੱਲੋਂ ਸਾਰੇ ਸਮਾਗਮ ਨੂੰ ਨੇਪਰੇ ਚਾੜਣ ਲਈ ਸੰਗਤ ਦੇ ਸਹਿਯੋਗ ਤੇ ਕਾਮਯਾਬੀ ਲਈ ਸਭ ਦਾ ਧੰਨਵਾਦ ਕੀਤਾ ਗਿਆ। ਸਾਰੇ ਹੀ ਵਲੰਟੀਅਰਾਂ ਤੇ ਪ੍ਰਬੰਧਕਾਂ ਨੂੰ ਵੀ ਇਸ ਲਈ ਵਧਾਈ ਦਿੱਤੀ ਗਈ।ਅਗਲੇ ਸਾਲ ਇਹਨਾਂ ਹੀ ਤਰੀਕਾਂ ਵਿਚ ਫਿਰ ਮਿਲਣ ਦੇ ਵਾਅਦੇ ਨਾਲ ਵਿਦਾ ਲਈ ਗਈ। ਸੁਸਾਇਟੀ ਦੇ ਮੈਂਬਰਾਂ ਤੇ ਵਲੰਟੀਅਰਾਂ ਨਾਲ ਸੰਪਰਕ ਕਰਨ ਤੇ ਸੁਝਾਅ ਦੇਣ ਲਈ ਵੈਬ ਸਾਈਟ ਬਾਬਾ ਫ਼ਰੀਦ ਡੌਟ ਨੈਟ 'ਤੇ ਜਾਇਆ ਜਾ ਸਕਦਾ ਹੈ।

ਇਸ ਸਾਲ ਅਤੇ ਆਉਣ ਵਾਲੇ ਸਮਾਗਮਾਂ ਤੇ ਗਤੀਵਿਧੀਆਂ ਤੇ ਹੋਰ ਜਾਣਕਾਰੀ ਵੀ ਉਕਤ ਵੈਬ ਸਾਈਟ ਤੋਂ ਲਈ ਜਾ ਸਕਦੀ ਹੈ। ਸਮਾਗਮ ਦੀਆਂ ਫੋਟੋਆਂ ਵੀ ਵੈਬ ਸਾਈਟ 'ਤੇ ਪੋਸਟ ਕਰ ਦਿੱਤੀਆਂ ਜਾਣਗੀਆਂ। ਇਨਾਂ ਪ੍ਰੋਗਰਾਮਾਂ ਦੀ ਲੜੀ ਤਹਿਤ ਹੀ ਅਗਲੇ ਹਫ਼ਤੇ ਬਾਬਾ ਸ਼ੇਖ ਫਰੀਦ ਜੀ ਦੇ ਆਗਮਨ ਪੁਰਬ ਨੂੰ, 4 ਅਕਤੂਬਰ ਤੋਂ 6 ਅਕਤੂਬਰ ਤਕ ਗੁਰਦੁਆਰਾ ਸਿੰਘ ਸਭਾ ਪਾਰਕਵੇ ਡਰਾਈਵ ਫਰਿਜਨੋ ਵਿਖੇ ਇਲਾਕੇ ਦੀਆਂ ਸੰਗਤਾਂ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾ ਰਹੀਆਂ ਹਨ। ਕੋਈ ਵੀ ਸੱਜਣ ਜੇਕਰ ਆਉਣ ਵਾਲੇ ਸਮਾਗਮਾਂ ਸਬੰਧੀ ਕੋਈ ਸੁਝਾਓ ਦੇਣਾ ਚਾਹੇ ਤਾਂ ਹਾਰਦਿਕ ਸੁਆਗਤ ਹੈ।


BERKSHIRE HATHAWAY Home Services
Elite Real Estate



Gurdip Kaur
M.A. B.Ed.

Cell : 916-695-0035 Office : 916-681-5112
realtorgurdip@gmail.com • www.bhhser.com
ਘਰ ਖ਼ਰੀਦਣ-ਵੇਚਣ ਲਈ ਅਤੇ ਆਪਣੇ ਘਰ ਬੈਠੇ ਹੀ ਨੋਟਰੀ ਸੇਵਾਵਾਂ ਲੈਣ ਲਈ ਕਾਲ ਕਰੋ
PLEASE CALL GURDIP KAUR
916-695-0035
Cal BRE# 02032641
7412 Elsie Ave. Sacramento 95828
*A member of the franchise system of BHH Affiliates. LLC*



GLOBAL ALLIANZ
LAW FIRM LLP
US IMMIGRATION MADE EASY

ਕਾਨੂੰਨੀ ਸੇਵਾਵਾਂ

- ਫੈਮਲੀ ਇਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ



Atul Kapoor
CEO



Neat Allen Sawyer
Attorney at Law

US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188
INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

## ਭਾਰਤੀ ਡਾਂਸ ਗਰੁੱਪ ‘ਵੀ ਅਨਬੀਟੇਬਲ’ ਪ੍ਰਸਿੱਧ ਸ਼ੋਅ ‘ਅਮੈਰੀਕਾ’ਜ਼ ਗੌਟ ਟੇਲੈਂਟ’ ਦੇ ਫਾਈਨਲ ਵਿਚ ਪੁੱਜਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਭਾਰਤੀ ਡਾਂਸ ਗਰੁੱਪ ‘ਵੀ ਅਨਬੀਟੇਬਲ’ ਅਮਰੀਕਾ ਦੇ ਪ੍ਰਸਿੱਧ ਸ਼ੋਅ ‘ਅਮੈਰੀਕਾ’ਜ਼ ਗੌਟ ਟੇਲੈਂਟ’ ਦੇ ਫਾਈਨਲ ਵਿਚ ਪੁੱਜਾ ਗਿਆ ਹੈ ਤੇ ਉਹ ਇਹ



ਟਾਈਟਲ ਜਿੱਤਣ ਦਾ ਵੱਡਾ ਦਾਅਵੇਦਾਰ ਬਣ ਗਿਆ ਹੈ। ਸੈਮੀ ਫਾਈਨਲ ਵਿਚ ਸ਼ਾਨਦਾਰ ਪੇਸ਼ਕਾਰੀ ਸਦਕਾ ਭਾਰਤੀ ਡਾਂਸ ਗਰੁੱਪ ਦਾ ਜਾਦੂ ਅਮਰੀਕੀਆਂ ਦੇ ਸਿਰ ਚੜ ਬੋਲਿਆ ਤੇ ਉਨਾਂ ਨੇ ਭਾਰਤੀ ਗਰੁੱਪ ਦੇ ਹੱਕ ਵਿਚ ਵੋਟ ਪਾਈ। ਹਰੇ ਰੰਗ ਦੇ ਵਸਤਰ ਪਹਿਨੀ ਗਰੁੱਪ ਦੇ ਮੈਂਬਰਾਂ ਨੇ ‘ਗੁੰਡੇ’ ਫਿਲਮ ਦੇ ‘ਜਸ਼ਨ-ਏ-ਇਸ਼ਕ’ ਉਪਰ ਡਾਂਸ ਕੀਤਾ। ਕਲਾਬਾਜੀਆਂ ਪਾਉਂਦੇ, ਲੜਖੜਾਉਂਦੇ ਤੇ ਝੂਮਦੇ ਕਲਾਕਾਰਾਂ ਨੇ ਇਕ ਤਰਾਂ ਸਮਾਂ ਬੰਨ ਦਿੱਤਾ। ਜਿਸ ਨੇ ਵੀ ਉਨਾਂ ਦੀ ਕਲਾ ਨੂੰ ਵੇਖਿਆ ਉਹ ਉਨਾਂ ਦੀ ਪ੍ਰਸੰਸਾ ਕੀਤੇ ਬਿਨਾਂ ਨਾ ਰਹਿ ਸਕਿਆ। ਜੱਜਾਂ ਨੇ ਵੀ ਭਾਰਤੀ ਗਰੁੱਪ ਦੀ ਰਜਵੀਂ ਪ੍ਰਸੰਸਾ ਕੀਤੀ। ਜੱਜ ਸਿਮਨ ਕੌਵੈਲ ਨੇ ਸੈਮੀਫਾਈਨਲ ਦੇ ਨਤੀਜੇ ਦਾ ਐਲਾਨ ਕਰਦਿਆਂ ਕਿਹਾ ਕਿ ਜੱਜ ਉਨਾਂ ਨੂੰ ਪਿਆਰ ਕਰਦੇ ਹਨ ਤੇ ਸਰੋਤਿਆਂ ਨੇ ਵੀ ਤੁਹਾਡੇ ਹੱਕ ਵਿਚ ਫਤਵਾ ਦਿੱਤਾ ਹੈ। ਉਨਾਂ ਕਿਹਾ ਕਿ ਗਰੁੱਪ ਦਾ ਨਾਂ ‘ਵੈਰੀ ਅਨਬੀਟੇਬਲ’ ਬਹੁਤ ਢੁਕਵਾਂ ਨਾਂ ਹੈ। ਸਹਿ ਜੱਜ ਜੂਲੀਅਨ ਹੌਘ ਨੇ ਕਿਹਾ “ਡਾਂਸ ਹਰ ਇਕ ਲਈ ਹੈ, ਮੈਂ ਤੁਹਾਡੇ ਕੋਲੋਂ ਸਿੱਖਣਾ ਚਾਹੁੰਦਾ ਹਾਂ, ਤੁਹਾਨੂੰ ਕੋਈ ਹਰਾ ਨਹੀਂ ਸਕਦਾ, ਤੁਸੀਂ ਮੁਕੰਮਲ ਰੂਪ ‘ਚ ‘ ਅਨਬੀਟੇਬਲ’ ਹੋ। ” ਮੁੰਬਈ ਦੇ ਇਸ ਗਰੁੱਪ ਦੀ ਕਲਾ ਨੇ ਸਭ ਨੂੰ ਪ੍ਰਭਾਵਿਤ ਕੀਤਾ। ਫਾਈਨਲ ਵਾਸਤੇ ਹੁਣ ਇਸ ਗਰੁੱਪ ਉਪਰ ਦਬਾਅ ਵਧ ਗਿਆ ਹੈ ਪਰ ਗਰੁੱਪ ਦੇ ਮੈਂਬਰ ਆਪਣੀ ਜਿੱਤ ਪ੍ਰਤੀ ਪੂਰੇ ਆਸਵੰਦ ਹਨ।

## ‘ਗਲਾਸਗੋ ਦੇ ਖੁੱਲ੍ਹੇ ਦਰਵਾਜ਼ੇ’ ਤਿਉਹਾਰ ਦੌਰਾਨ ਗੁਰਦੁਆਰਿਆਂ ’ਚ ਲੱਗੀਆਂ ਰਹੀਆਂ ਰੌਣਕਾਂ

### *ਹੋਰਨਾਂ ਭਾਈਚਾਰਿਆਂ ਦੇ ਲੋਕਾਂ ਨਾਲ ਮਿਲਾਪ ਲਈ ਸਮਾਂ ਮਿਲਦੈ- ਲਭਾਇਆ ਸਿੰਘ, ਚੌਧਰੀ*





**ਲੰਡਨ/ਗਲਾਸਗੋ /ਮਨਦੀਪ ਖੁਰਮੀ :** ਸਕਾਟਲੈਂਡ ਦੇ ਸ਼ਹਿਰ ਗਲਾਸਗੋ ਚ 16 ਸਤੰਬਰ ਤੋਂ 22 ਸਤੰਬਰ ਤੱਕ ਦਾ ਹਫ਼ਤਾ ਪਿਛਲੇ 30 ਸਾਲਾਂ ਤੋਂ ਗਲਾਸਗੋ ਖੁੱਲ੍ਹੇ ਦਰਵਾਜ਼ੇ ਤਿਉਹਾਰ (ਗਲਾਸਗੋ ਡੋਰਜ ਓਪਨ ਡੇਅ ਫੈਸਟੀਵਲ) ਵਜੋਂ ਮਨਾਇਆ ਜਾ ਰਿਹਾ ਹੈ। ਇਸ ਹਫਤੇ ਦੀ ਖਾਸੀਅਤ ਇਹ ਹੈ ਕਿ ਸ਼ਹਿਰ ਦੀਆਂ ਵਿਰਾਸਤੀ ਇਮਾਰਤਾਂ, ਕਾਰੀਗਰੀ ਦਾ ਨਮੂਨਾ ਪੁਰਾਣੀਆਂ ਇਮਾਰਤਾਂ, ਪੁਰਾਣੇ ਚਰਚਾਂ, ਉਦਯੋਗਿਕ ਕਾਰਖਾਨੇ, ਥੀਏਟਰ, ਸ਼ਰਾਬ ਦੀਆਂ ਫੈਕਟਰੀਆਂ ਸਮੇਤ ਹੋਰ ਬਹੁਤ ਸਾਰੀਆਂ ਦਿਲ-ਖਿੱਚਵੇਂ ਅਸਥਾਨਾਂ ਦੇ ਦਰਵਾਜ਼ੇ ਆਮ ਲੋਕਾਂ ਲਈ ਖੁੱਲ੍ਹੇ ਰੱਖੇ ਜਾਂਦੇ ਹਨ ਤਾਂ ਜੋ ਉਹ ਸਕਾਟਲੈਂਡ ਦੇ ਅਮੀਰ ਵਿਰਸੇ ਤੇ ਵਿਰਾਸਤਾਂ ਨੂੰ ਬਾਰੀਕਬੀਨੀ ਨਾਲ ਜਾਣ ਸਕਣ। ਹਰ ਸਾਲ ਸਤੰਬਰ ਮਹੀਨੇ 200 ਤੋਂ ਵਧੇਰੇ ਇਮਾਰਤਾਂ, ਘੁੰਮਣ ਵਾਲੇ ਰਸਤੇ ਅਤੇ ਵੱਖ ਵੱਖ ਸੰਸਥਾਵਾਂ ਵੱਲੋਂ ਕੀਤੇ ਜਾਂਦੇ ਸਮਾਗਮ ਖਿੱਚ ਦਾ ਕੇਂਦਰ ਬਣੇ ਰਹਿੰਦੇ ਹਨ। ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਇਹ ਹੈ ਕਿ ਉਕਤ ਤਿਉਹਾਰ ਦਾ ਹਿੱਸਾ ਗਲਾਸਗੋ ਦੇ ਦੋ ਗੁਰਦੁਆਰਾ ਸਾਹਿਬਾਨਾਂ ਦੀਆਂ ਇਮਾਰਤਾਂ ਵੀ ਬਣੀਆਂ ਹੋਈਆਂ ਹਨ। ਜਿਸ ਕਰਕੇ ਹਜਾਰਾਂ ਦੀ ਤਾਦਾਦ ਵਿੱਚ ਵੱਖ ਵੱਖ ਨਸਲਾਂ, ਧਰਮਾਂ ਤੇ ਖਿੱਤਿਆਂ ਦੇ ਲੋਕਾਂ ਦਾ ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਐਲਬਰਟ ਡਰਾਈਵ ਅਤੇ ਸਿੰਘ ਸਭਾ ਸੈਂਟਰਲ ਗੁਰਦੁਆਰਾ ਸਾਹਿਬ ਵਿਖੇ ਪਹੁੰਚਦੇ ਹਨ। ਜਿੱਥੇ ਦੋਵੇਂ ਗੁਰੂਘਰਾਂ ਦੇ ਮੁੱਖ ਸੇਵਾਦਾਰਾਂ ਲਭਾਇਆ ਸਿੰਘ ਅਤੇ ਸੁਰਜੀਤ ਸਿੰਘ ਚੌਧਰੀ ਦੀ ਅਗਵਾਈ ਹੇਠ ਵਲੰਟੀਅਰ ਵੱਖ ਵੱਖ ਭਾਸ਼ਾਵਾਂ ਬੋਲਦੇ ਸਮਝਦੇ ਲੋਕਾਂ ਨਾਲ ਉਹਨਾਂ ਦੀ ਜ਼ੁਬਾਨ ਵਿੱਚ ਸਿੱਖ ਜਗਤ ਨਾਲ ਸੰਬੰਧਤ ਜਾਣਕਾਰੀ ਦੇ ਕੇ ਉਹਨਾਂ ਦੇ ਸਵਾਲਾਂ ਦੇ ਜਵਾਬ ਵੀ ਦਿੰਦੇ ਹਨ। ਜਿਕਰਯੋਗ ਹੈ ਕਿ ਦੋਵੇਂ ਗੁਰਦੁਆਰਾ ਸਾਹਿਬਾਨਾਂ ਵਿੱਚ ਸਿੱਖ ਧਰਮ ਦੀ ਮੁੱਢਲੀ ਜਾਣਕਾਰੀ ਮੁਹੱਈਆ ਕਰਵਾਉਂਦੀਆਂ ਵਿਸ਼ੇਸ਼ ਪ੍ਰਦਰਸ਼ਨੀਆਂ ਵੀ ਲਗਾਈਆਂ ਹੋਈਆਂ ਸਨ। ਜਿਕਰਯੋਗ ਹੈ ਕਿ ਉਕਤ ਤਿਉਹਾਰ ਸਮੁੱਚੇ ਸਕਾਟਲੈਂਡ ਵਿੱਚ ਸਕਾਟਿਸ਼ ਸਿਵਿਕ ਟਰਸਟ ਵਲੋਂ ਆਯੋਜਿਤ ਕੀਤਾ ਜਾਂਦਾ ਹੈ ਜਦੋਂਕਿ ਇਸੇ ਦੇ ਹਿੱਸੇ ਵਜੋਂ ਹੀ ਗਲਾਸਗੋ ਵਿਖੇ ਇਹ ਤਿਉਹਾਰ ਗਲਾਸਗੋ ਇਮਾਰਤ ਸੰਭਾਲ ਟਰਸਟ ਦੀ ਦੇਖਰੇਖ ਹੇਠ ਨੇਪਰੇ ਚੜ੍ਹਦਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲਭਾਇਆ ਸਿੰਘ ਤੇ ਸੁਰਜੀਤ ਸਿੰਘ ਚੌਧਰੀ ਨੇ ਕਿਹਾ ਕਿ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ ਕਿ ਸਕਾਟਲੈਂਡ ਦੇ 30 ਸਾਲਾਂ ਤੋਂ ਲਗਾਤਾਰ ਮਨਾਏ ਜਾਂਦੇ ਆ ਰਹੇ ਤਿਉਹਾਰ ਦਾ ਅਸੀਂ ਵੀ ਅਟੁੱਟ ਹਿੱਸਾ ਬਣ ਕੇ ਅੱਗੇ ਵਧ ਰਹੇ ਹਾਂ। ਜਿੱਥੇ ਇਹ ਤਿਉਹਾਰ ਜਿਗਿਆਸੂ ਲੋਕਾਂ ਦੇ ਗਿਆਨ ਚ ਵਾਧਾ ਕਰਦਾ ਹੈ, ਉੱਥੇ ਆਪੋ ਆਪਣੇ ਵਿਰਸੇ, ਅਕੀਦੇ, ਪ੍ਰੰਪਰਾਵਾਂ ਬਾਰੇ ਦੱਸਣ, ਜਾਨਣ ਲਈ ਮੇਲ ਮਿਲਾਪ ਕਰਨ ਦਾ ਵੀ ਅਹਿਮ ਸਾਧਨ ਹੈ।

## ਵਾਸ਼ਿੰਗਟਨ ਡੀਸੀ ਵਿਚ ਅੰਨ੍ਹੇਵਾਹ ਗੋਲੀਬਾਰੀ, ਇੱਕ ਮਰਿਆ ਪੰਜ ਜਖਮੀ

**ਵਾਸ਼ਿੰਗਟਨ ਡੀਸੀ/ਹੁਸਨ ਲੜੋਆ ਬੰਗਾ) :** ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ ਵਿੱਚ ਅਣਪਛਾਤੇ ਵਿਅਕਤੀ ਵਲੋਂ ਅੰਨ੍ਹੇਵਾਹ ਚਲਾਈ ਗੋਲੀ ਵਿਚ ਇੱਕ ਦੀ ਮੌਤ ਹੋ ਗਈ ਤੇ ਪੰਜ ਹੋਰ ਜਖਮੀ ਹੋ ਗਏ। ਇਹ ਘਟਨਾ ਨੌਰਥ ਵੈਸਟ ਇਲਾਕੇ ਤੇ ਕੋਲੰਬੀਆ ਰੋਡ, ਟਾਰਗਿਟ ਸਟੋਰ ਦੇ ਨੇੜੇ ਦੀ ਹੈ। ਡੀਸੀ ਪੁਲਿਸ ਨੇ ਦੱਸਿਆ ਕਿ ਪੁਲਿਸ ਨੂੰ ਸ਼ਾਮ 10 ਵਜੇ ਗੋਲੀਆਂ ਮਾਰੀਆਂ ਜਾਣ ਦੀ ਸੂਚਨਾ ਮਿਲੀ ਅਤੇ ਉਨ੍ਹਾਂ ਨੂੰ ਛੇ ਲੋਕ ਜਖਮੀ ਹਾਲਤ ਵਿਚ ਮਿਲੇ ਜਿਨ੍ਹਾਂ ਨੂੰ ਇੱਕ ਅਪਾਰਟਮੈਂਟ ਕੰਪਲੈਕਸ ਦੇ ਵਿਹੜੇ ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਪੁਲਿਸ ਨੇ ਦੱਸਿਆ ਕਿ ਪੰਜ ਜ਼ਖਮੀ ਲੋਕਾਂ ਨੂੰ ਵੱਖ ਵੱਖ ਹਸਪਤਾਲ ਲਿਜਾਇਆ ਗਿਆ, ਜਿਨ੍ਹਾਂ ਵਿੱਚ ਇੱਕ ਦੀ ਹਾਲਤ ਗੰਭੀਰ ਹੈ। ਪੁਲਿਸ ਗੁਆਂਢ ਦੇ ਲੋਕਾਂ ਦਾ ਇੰਟਰਵੀਊ ਲੈ ਰਹੀ ਹੈ ਅਤੇ ਨਿਗਰਾਨੀ



ਰੱਖਣ ਵਾਲੇ ਵੀਡੀਓ ਦੀ ਭਾਲ ਕਰ ਰਹੀ ਹੈ। ਪੁਲਿਸ ਇਕ ਨਿਸ਼ਾਨ ਸੇਡਾਨ ਕਾਰ ਜਿਸ ‘ਚ ਦੋ ਪੁਰਸ਼ ਸਵਾਰ ਸਨ ਤੇ ਜੋ ਹਲਕੇ ਰੰਗ ਦੀ ਸੀ, ਦੀ ਭਾਲ ਕਰ ਰਹੀ ਹੈ ਜਿਸ ‘ਚ ਉਹ ਅਸਾਲਟ ਰਾਈਫਲਾਂ ਨਾਲ ਦਿਖਾਈ ਦੇ ਰਹੇ ਹਨ। ਆਸਪਾਸ ਦੇ ਇਲਾਕੇ ਨੂੰ ਆਵਾਜਾਈ ਤੇ ਪੈਦਲ ਚੱਲਣ ਵਾਲਿਆਂ ਲਈ ਵੀ ਬੰਦ ਕਰ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਪਹਿਲੀ ਘਟਨਾ ਤੋਂ ਬਾਅਦ ਲਗਭਗ ਇੱਕ ਘੰਟੇ ਬਾਅਦ, ਰੋਡ ਆਈਲੈਂਡ ਐਵੀਨਿਊ ਦੇ 1400 ਬਲਾਕ ਵਿੱਚ ਤਿੰਨ ਵਿਅਕਤੀਆਂ ਨੂੰ ਗੋਲੀ ਮਾਰ ਦਿੱਤੀ ਗਈ। ਖੂਫੀਆ ਏਜੰਸੀਆਂ ਤੇ ਸਥਾਨਕ ਲਾਅ ਇੰਫੋਰਟਸਮੈਂਟ ਲਗਾਤਾਰ ਘਟਨਾ ਦੇ ਇਰਦ ਗਿਰਦ ਕੰਮ ਕਰ ਰਹੀ ਹੈ। ਨਿਰਸੰਦੇਹ ਅਮਰੀਕਨ ਲੋਕ ਲਗਾਤਾਰ ਹੋ ਰਹੀਆਂ ਅਜਿਹੀਆਂ ਘਟਨਾਵਾਂ ਤੋਂ ਬਹੁਤ ਦੁਖੀ ਹਨ।


# WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

**2101 MARTIN LUTHER KING JR WAY STOCKTON, CA 95205**

# ਵਿਸ਼ਵ ਭਰ ਤੋਂ ਸਿੱਖ ਸ਼ਰਧਾਲੂ ਕਰਤਾਰਪੁਰ ਸਾਹਿਬ ਨਤਮਸਤਕ



**ਲਾਹੌਰ/ਏਟੀ ਨਿਊਜ਼ :** ਪਾਕਿਸਤਾਨ ਦੇ ਕਰਤਾਰਪਰ ਵਿਚ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੇ 480 ਵੇਂ ਜੋਤੀ-ਜੋਤ ਦਿਵਸ ਸਬੰਧੀ ਕਰਵਾਏ ਗਏ ਤਿੰਨ ਰੋਜ਼ਾ ਸਮਾਗਮ ਦੇ ਆਖ਼ਰੀ ਦਿਨ ਵਿਸ਼ਵ ਭਰ ਤੋਂ ਸਿੱਖ ਸ਼ਰਧਾਲੂਆਂ ਨੇ ਸ਼ਿਰਕਤ ਕੀਤੀ। ਮੀਡੀਆ ਰਿਪੋਰਟਾਂ ਮੁਤਾਬਕ ਸ਼ਰਧਾਲੂਆਂ ਨੂੰ ਕਰਤਾਰਪੁਰ ਲਾਂਘੇ ਕੋਲ ਵੀ ਲਿਜਾਇਆ ਗਿਆ ਜਿਸ ਨਾਲ ਕਰਤਾਰਪੁਰ ਦਾ ਸਿੱਧਾ ਸੰਪਰਕ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਵਿਚ ਸਥਿਤ ਡੇਰਾ ਬਾਬਾ ਨਾਨਕ ਗੁਰਦੁਆਰੇ ਨਾਲ ਜੁੜ ਜਾਵੇਗਾ। ਵਿਸ਼ਵ ਭਰ ਤੋਂ ਪੁੱਜੇ ਸ਼ਰਧਾਲੂਆਂ ਨੇ ਪਾਕਿਸਤਾਨ ਸਥਿਤ ਗੁਰਧਾਮਾਂ ਵਿੱਚ ਮੱਥਾ ਟੇਕਿਆ। ਇਨ੍ਹਾਂ ਸ਼ਰਧਾਲੂਆਂ ਵਿੱਚ ਕੈਨੇਡਾ ਸਮੇਤ ਵੱਖ-ਵੱਖ ਯੂਰਪੀ ਦੇਸ਼ਾਂ ਨਾਲ ਸਬੰਧਤ ਸ਼ਰਧਾਲੂ ਸ਼ਾਮਲ ਸਨ। ਮੀਡੀਆ ਰਿਪੋਰਟਾਂ ਮੁਤਾਬਕ ਕਰਤਾਰਪੁਰ ਲਾਂਘਾ ਨਵੰਬਰ ਵਿੱਚ ਸ਼ਰਧਾਲੂਆਂ ਨੂੰ ਸਮਰਪਿਤ ਕਰ ਦਿੱਤਾ ਜਾਵੇਗਾ। ਗੁਰੂ ਨਾਨਕ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਸਮਾਗਮ 7 ਨਵੰਬਰ ਤੋਂ ਸ਼ੁਰੂ ਹੋਣਗੇ ਜੋ 15 ਨਵੰਬਰ ਤਕ ਜਾਰੀ ਰਹਿਣਗੇ। ਪ੍ਰਾਜੈਕਟ ਡਾਇਰੈਕਟਰ ਆਤਿਫ ਮਾਜਿਦ ਨੇ ਪਿਛਲੇ ਹਫ਼ਤੇ ਇਹ ਪੁਸ਼ਟੀ ਕੀਤੀ ਸੀ ਕਿ ਲਾਂਘੇ ਦੀ ਉਸਾਰੀ ਦਾ 86 ਫ਼ੀਸਦੀ ਕੰਮ ਨਿਬੇੜ ਲਿਆ ਗਿਆ ਹੈ ਅਤੇ ਲਾਂਘਾ 9 ਨਵੰਬਰ ਨੂੰ ਚਾਲੂ ਕਰ ਦਿੱਤਾ ਜਾਵੇਗਾ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀਐੱਸਜੀਪੀਸੀ) ਦੇ ਪ੍ਰਧਾਨ ਸਤਵੰਤ ਸਿੰਘ ਦਾ ਕਹਿਣਾ ਸੀ ਕਿ ਉਨ੍ਹਾਂ ਇਸ ਪਲ ਦੀ 72 ਵਰ੍ਹੇ ਉਡੀਕ ਕੀਤੀ ਹੈ ਅਤੇ ਹੁਣ ਇਹ ਸੁਪਨਾ ਸੱਚ ਹੋਣ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਲਾਂਘੇ ਦੇ ਖੁੱਲ੍ਹਣ ਨਾਲ ਦੋਵੇਂ ਮੁਲਕਾਂ ਵਿੱਚ ਸ਼ਾਂਤਮਈ ਸਬੰਧ ਕਾਇਮ ਹੋਣਗੇ ਅਤੇ ਸਿੱਖ ਹਮੇਸ਼ਾਂ ਪਾਕਿਸਤਾਨ ਸਰਕਾਰ ਦੇ ਸ਼ੁਕਰਗੁਜ਼ਾਰ ਰਹਿਣਗੇ।

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਦੀ ਪ੍ਰਬੰਧਕ ਕਮੇਟੀ ਦੀ ਚੋਣ ਲਈ ਵੋਟਾਂ 20 ਅਕਤੂਬਰ ਨੂੰ

**ਰਿਚਮੰਡ ਹਿੱਲ (ਨਿਊਯਾਰਕ)/ਏਟੀ ਨਿਊਜ਼:** ਭੁਪਿੰਦਰ ਸਿੰਘ ਅਟਵਾਲ, ਜਨਰਲ ਸਕੱਤਰ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਨਿਊਯਾਰਕ ਵੱਲੋਂ ਜਾਰੀ ਇਕ ਪ੍ਰੈਸ ਨੋਟ ਵਿਚ ਦੱਸਿਆ ਗਿਆ ਹੈ ਕਿ ਸੁਸਾਇਟੀ ਦੀ ਪ੍ਰਬੰਧਕ ਕਮੇਟੀ ਦੀ ਚੋਣ 20 ਅਕਤੂਬਰ ਦਿਨ ਐਤਵਾਰ ਨੂੰ ਰੱਖੀ ਗਈ ਹੈ। ਗੌਰਤਲਬ ਹੈ ਕਿ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ East Coast ਦੀ ਸਭ ਤੋਂ ਵੱਡੀ ਧਾਰਮਿਕ ਸੰਸਥਾ ਹੈ, ਜਿੱਥੋਂ ਸਿੱਖ ਕੌਮ ਦੇ ਧਾਰਮਿਕ, ਰਾਜਨੀਤਕ ਮਸਲਿਆਂ 'ਤੇ ਹਮੇਸ਼ਾ ਹੀ ਆਵਾਜ਼ ਬੁਲੰਦ ਕੀਤੀ ਜਾਂਦੀ ਹੈ। ਸੁਸਾਇਟੀ ਦੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ ਅਤੇ ਮੁੱਖ ਚੋਣ ਕਮਿਸ਼ਨਰ ਜਸਵਿੰਦਰ ਸਿੰਘ ਪੱਡਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਚੋਣ ਲਈ ਨਾਮਜ਼ਦਗੀ ਪੱਤਰ 5 ਅਕਤੂਬਰ ਨੂੰ ਲਏ ਜਾਣਗੇ। 8 ਅਕਤੂਬਰ ਨੂੰ ਕੋਈ ਵੀ ਉਮੀਦਵਾਰ ਆਪਣੇ ਨਾਮਜ਼ਦਗੀ ਪੱਤਰ ਵਾਪਸ ਲੈ ਸਕਦਾ ਹੈ। 9 ਅਕਤੂਬਰ ਨੂੰ ਉਮੀਦਵਾਰਾਂ ਦੀ ਫਾਈਨਲ ਲਿਸਟ ਜਾਰੀ ਕਰ ਦਿੱਤੀ ਜਾਵੇਗੀ। 11 ਅਕਤੂਬਰ ਨੂੰ ਗੁਰਦੁਆਰਾ ਸਾਹਿਬ ਵਿਚ ਆਮ ਅਜਲਾਸ ਹੋਵੇਗਾ ਜਿੱਥੇ ਮੌਜੂਦਾ ਪ੍ਰਬੰਧਕੀ ਕਮੇਟੀ ਵਲੋਂ ਆਪਣੇ ਸਮੇਂ ਦੌਰਾਨ ਦੀ ਆਮਦਨ ਤੇ ਖਰਚ ਦਾ ਹਿਸਾਬ-ਕਿਤਾਬ ਦਿੱਤਾ ਜਾਵੇਗਾ।

20 ਅਕਤੂਬਰ ਦਿਨ ਐਤਵਾਰ ਨੂੰ ਸਵੇਰੇ 6.00 ਵਜੇ ਤੋਂ ਸ਼ਾਮ 5.00 ਵਜੇ ਤੱਕ Royal Palace ਜੋ 118-06, Atlantic Ave ਉਪਰ ਸਥਿਤ ਹੈ, ਵਿਖੇ ਵੋਟਾਂ ਪੈਣਗੀਆਂ। ਉਸ ਦਿਨ ਸ਼ਾਮ ਨੂੰ ਹੀ ਚੋਣ ਏਜੰਸੀ ਵਲੋਂ ਜਿੱਤੇ ਉਮੀਦਵਾਰਾਂ ਦੀ ਲਿਸਟ ਜਾਰੀ ਕਰ ਦਿੱਤੀ ਜਾਵੇਗੀ। ਵਧੇਰੇ ਜਾਣਕਾਰੀ ਲਈ ਪ੍ਰਧਾਨ ਕੁਲਦੀਪ ਸਿੰਘ ਢਿੱਲੋਂ ਨਾਲ 347-324-2405 'ਤੇ ਸੰਪਰਕ ਕਰ ਸਕਦੇ ਹੋ।

# ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਅਤੇ ਮਰਯਾਦਾ ਨੂੰ ਕਾਇਮ ਰੱਖਣ ਲਈ ਯੋਗ ਉਪਰਾਲੇ ਕੀਤੇ ਜਾਣ

ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਬਿਰਧ ਸਰੂਪਾਂ ਦਾ ਮਸਲਾ ਪਿਛਲੇ ਕੁੱਝ ਦਿਨਾਂ ਤੋਂ ਕੈਲੀਫੋਰਨੀਆ ਵਿੱਚ ਸਾਹਮਣੇ ਆਇਆ ਹੈ। ਇੱਕ ਸਾਲ ਪਹਿਲਾਂ ਕੈਲੀਫੋਰਨੀਆ ਦੇ ਵੱਖ-ਵੱਖ ਗੁਰਦੁਆਰਾ ਸਾਹਿਬ ਤੋਂ ਬਿਰਧ ਸਰੂਪ, ਸੰਸਕਾਰ ਲਈ ਇੱਥੋਂ ਲਿਜਾ ਕੇ ਦਿੱਲੀ ਦੇ ਕੋਰੋਲ ਬਾਗ ਵਿਖੇ ਸਥਿਤ ਮਾਤਾ ਭਾਗੋ ਗੁਰਦੁਆਰਾ ਸਾਹਿਬ ਵਿਖੇ ਲੈ ਜਾਏ ਗਏ। ਜਿੱਥੋਂ ਤੱਕ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਸਤਿਕਾਰ ਦਾ ਸਬੰਧ ਹੈ, ਜਦੋਂ ਵੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਸਰੂਪ ਗੁਰਦੁਆਰਾ ਸਾਹਿਬ ਤੋਂ ਬਾਹਰ ਕਿਤੇ ਵੀ ਲਿਜਾਇਆ ਜਾਂਦਾ ਹੈ, ਤਾਂ ਪੂਰੀ ਮਰਯਾਦਾ ਅਤੇ ਸਤਿਕਾਰ ਸਹਿਤ ਗ੍ਰੰਥੀ ਸਿੰਘ ਇਹ ਅਰਦਾਸ ਕਰਦਾ ਹੈ ਕਿ ਸਤਿਗੁਰੂ ਆਪ ਜੀ ਦਾ ਸਰੂਪ ਬਾਹਰ ਲਿਜਾ ਰਹੇ ਹਾਂ, ਰਸਤੇ ਦੀ ਵਾਧ ਘਾਟ 'ਚ ਸਹਾਈ ਹੋਣਾ। ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੂੰ ਹਾਜ਼ਰ ਨਾਜ਼ਰ ਸਮਝ ਕੇ ਸਿੱਖ ਸੇਵਾ ਕਰਦਾ ਹੈ ਪਰ ਗੁਰੂ ਪਾਤਸ਼ਾਹ ਦੇ ਸਤਿਕਾਰ ਵਿੱਚ ਆਮ ਵਿਅਕਤੀ ਕੋਲੋਂ ਜਾਣੇ ਅਣਜਾਣੇ ਭੁੱਲ ਹੋਣੀ ਸੁਭਾਵਿਕ ਹੈ। ਪਿਛਲੇ ਸਾਲ ਵੀ ਵੱਖੋ-ਵੱਖਰੇ ਗੁਰਦੁਆਰਾ ਸਾਹਿਬ ਤੋਂ ਬਿਰਧ ਸਰੂਪ ਸੰਸਕਾਰ ਕਰਨ ਲਈ ਦਿੱਲੀ ਲਿਜਾਏ ਜਾ ਰਹੇ ਸੀ। ਸਾਨ ਫਰਾਂਸਿਸਕੋ ਦੇ ਏਅਰਪੋਰਟ 'ਤੇ ਜਦੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਐਕਸਰੇ ਵਿੱਚੋਂ ਲੰਘਾਏ ਗਏ ਤਾਂ ਗੁਰੂ ਸਾਹਿਬ ਦੇ ਸਤਿਕਾਰ ਵਿੱਚ ਘੋਰ ਊਣਤਾਈਆਂ ਦੇਖੀਆਂ ਗਈਆਂ, ਜਿਸ ਕਾਰਨ ਸਿੱਖ ਸੰਗਤਾਂ ਦੇ ਮਨਾਂ ਨੂੰ ਸੱਟ ਵੱਜੀ। ਅਸੀਂ ਗੁਰੂ ਮਹਾਰਾਜ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਕਰਦੇ ਹਾਂ ਕਿ ਭਵਿੱਖ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿੱਚ ਕੋਈ ਕਮੀ ਨਾ ਰਹਿ ਜਾਵੇ, ਇਸ ਲਈ ਠੋਸ ਉਪਰਾਲੇ ਕਰਨੇ ਚਾਹੀਦੇ ਹਨ। ਕੋਸ਼ਿਸ਼ ਕੀਤੀ ਜਾਵੇ ਕਿ ਗੁਰੂ ਗ੍ਰੰਥ ਸਾਹਿਬ ਦੇ ਬਿਰਧ ਸਰੂਪਾਂ ਨੂੰ ਬਾਹਰ ਨਾ ਭੇਜਿਆ ਜਾਵੇ। ਕੈਲੀਫੋਰਨੀਆ ਵਿੱਚ ਹੀ ਕੋਈ ਯੋਗ ਅਤੇ ਢੁਕਵੀਂ ਜਗ੍ਹਾ ਲੱਭ ਕੇ ਬਿਰਧ ਸਰੂਪਾਂ ਦੀ ਸਾਂਭ ਸੰਭਾਲ ਅਤੇ ਸੰਸਕਾਰ ਕਰਨ ਲਈ ਸਥਾਨ ਬਣਾਇਆ ਜਾਵੇ।

ਸਿੱਖ ਪੰਚਾਇਤ ਵੱਲੋਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਨੂੰ ਮੱਦੇਨਜ਼ਰ ਰੱਖਦਿਆਂ ਵੱਖੋ-ਵੱਖਰੇ ਸਰੋਤਾਂ ਤੋਂ ਜਾਣਕਾਰੀ ਪ੍ਰਾਪਤ ਕੀਤੀ ਗਈ ਹੈ ਕਿ ਕੁੱਲ 17 ਬਿਰਧ ਸਰੂਪ ਵੱਖ-ਵੱਖ ਗੁਰਦੁਆਰਾ ਸਾਹਿਬ ਤੋਂ ਲਿਜਾਏ ਗਏ, ਜਿਨ੍ਹਾਂ ਵਿੱਚ ਗੁਰਦੁਆਰਾ ਸਾਹਿਬ ਸੈਨਹੋਜੇ, ਫਰੀਮੌਂਟ, ਹੇਵਰਡ ਅਤੇ ਸੈਕਰਾਮੈਂਟੋ ਦੇ ਕੁੱਝ ਗੁਰਦੁਆਰਾ ਸਾਹਿਬ ਸ਼ਾਮਿਲ ਹਨ। ਇਹਨਾਂ ਤੋਂ ਇਲਾਵਾ ਕੁੱਝ ਗੁਰਦੁਆਰਾ ਸਾਹਿਬ ਤੋਂ ਬਿਰਧ ਸੈਂਚੀਆਂ ਅਤੇ ਗੁਟਕਾ ਸਾਹਿਬ ਵੀ ਸ਼ਾਮਿਲ ਹਨ।

ਸਿੱਖ ਪੰਚਾਇਤ ਗੁਰਦੁਆਰਾ ਸਾਹਿਬ ਫਰੀਮੌਂਟ ਕੈਲੀਫੋਰਨੀਆ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ, ਸਿੱਖ ਜਥੇਬੰਦੀਆਂ ਅਤੇ ਧਾਰਮਿਕ ਸੰਸਥਾਵਾਂ ਨੂੰ ਨਿਮਰਤਾ ਸਹਿਤ ਬੇਨਤੀ ਕਰਦੀ ਹੈ ਕਿ ਧੰਨ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਅਤੇ ਮਰਯਾਦਾ ਨੂੰ ਕਾਇਮ ਰੱਖਣ ਲਈ ਯੋਗ ਉਪਰਾਲੇ ਕੀਤੇ ਜਾਣ। ਸਿੱਖ ਪੰਚਾਇਤ ਹਰ ਤਰ੍ਹਾਂ ਦੀ ਸੰਭਵ ਕੋਸ਼ਿਸ਼ ਕਰਨ ਲਈ ਹਮੇਸ਼ਾ ਤਿਆਰ ਹੈ।

ਬੇਨਤੀ ਕਰਤਾ
ਸਿੱਖ ਪੰਚਾਇਤ ਗੁਰਦੁਆਰਾ ਸਾਹਿਬ ਫਰੀਮੌਂਟ, ਕੈਲੀਫੋਰਨੀਆ

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CIS CALIFORNIA IMMIGRATION SERVICES
(Registered & Bonded)
- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.



Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

# ਕਰਤਾਰਪੁਰ ਲਾਂਘੇ ਬਾਰੇ ਕੈਪਟਨ ਭੜਕਾਊ ਬਿਆਨਬਾਜ਼ੀ ਕਰਕੇ ਵਿਰੋਧੀਆਂ ਦੇ ਹੱਥਾਂ ‘ਚ ਨਾ ਖੇਡਣ : ਸਿੱਖ ਬੁੱਧੀਜੀਵੀ

## *ਇਮਰਾਨ ਖਾਨ ਲਾਂਘਾ ਫੀਸ ਬਾਰੇ ਮੁੜ ਵਿਚਾਰ ਕਰਨ*

**ਚੰਡੀਗੜ੍ਹ/ਏਟੀ ਨਿਊਜ਼ :** “ਪਾਕਿਸਤਾਨ ਸਰਕਾਰ ਵੱਲੋਂ ਕਰਤਾਰਪੁਰ ਲਾਂਘੇ ਲਈ ਕੇਵਲ ਪੇਸ਼ ਕੀਤੀ ਫੀਸ ਦੀ ਮੁਢਲੀ ਤਜ਼ਵੀਜ਼ ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ “ਜਜ਼ੀਆ” ਕਰਾਰ ਦੇਣ ਵਾਲਾ ਭੜਕਾਊ ਅਤੇ ਬੇਲੋੜਾ ਬਿਆਨ ਹੈ, ਜੋ ਮੌਕੇ ਦੀਆਂ ਪ੍ਰਸਥਿਤੀਆਂ ਦੇ ਅਨੁਕੂਲ ਨਹੀਂ ਬਲਕਿ ਉਲਟ ਹੈ।” ਪੰਜਾਬ ਦੇ ਬੁੱਧੀਜੀਵੀਆਂ ਨੇ ਇੱਕ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਫੀਸ ਦਾ ਮਸਲਾ ਜਿੱਥੇ ਪਾਕਿਸਤਾਨ ਦਾ ਅੰਦਰੂਨੀ ਹੈ, ਉੱਥੇ ਹੀ ਇਹ ਭਾਰਤ -ਪਾਕਿਸਤਾਨ ਦੇ ਵਿਦੇਸ਼ੀ ਮਾਮਲਿਆਂ ਨਾਲ ਜੁੜਿਆ ਹੋਇਆ ਹੈ। ਇਸ ਦਾ ਹੱਲ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਹੀ ਕਰਨਾ ਹੋਵੇਗਾ। ਕਰਤਾਰਪੁਰ ਲਾਂਘੇ ਦੇ ਮੁੱਦੇ ਉੱਤੇ ਕੈਪਟਨ ਅਮਰਿੰਦਰ ਵਾਰ ਵਾਰ ਭੜਕਾਹਟ ਭਰੀ ਬਿਆਨਬਾਜ਼ੀ ਕਰਕੇ ਲਾਂਘਾ ਵਿਰੋਧੀ ਤਾਕਤਾਂ ਦੇ ਹੱਥਾਂ ‘ਚ ਨਾ ਖੇਡਣ। ਇਹ ਤਾਕਤਾਂ ਪਹਿਲਾਂ ਹੀ ਲਾਂਘਾ ਆਰੰਭ ਹੋਣ ਕਰਕੇ ਮੱਚ ਕੇ ਕੋਲੇ ਹੋਈਆਂ ਫਿਰਦੀਆਂ ਹਨ ਅਤੇ ਲਾਂਘਾ ਬੰਦ ਕਰਾਉਣ ਲਈ ਸਾਜ਼ਿਸ਼ਾਂ ਘੜ ਰਹੀਆਂ ਹਨ। ਐਸਜੀਪੀਸੀ, ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੂੰ ਲਾਂਘਾ ਫੀਸ ਬਾਰੇ ਬਿਆਨਬਾਜ਼ੀ ਕਰਨ ਤੋਂ ਪਹਿਲਾਂ ਆਪਣੀ ਪੀੜ੍ਹੀ ਹੇਠ ਵੀ ਸੋਟੀ ਫੇਰ ਲੈਣੀ ਚਾਹੀਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਦੇ ਉਲਟ ਅਜਿਹਾ ਬੜਾ ਕੁੱਝ ਹੈ ਜਿਹੜਾ ਸਿੱਖ ਕੌਮ ਨੂੰ ਸ਼ਰਮਸਾਰ ਕਰਦਾ ਹੈ। ਐਸਜੀਪੀਸੀ ਵੱਲੋਂ ਸਿੱਖਾਂ ਦੇ ਇਤਿਹਾਸਕ ਸਥਾਨਾਂ ਉੱਤੇ ਮਨਾਏ ਜਾਂਦੇ ਦਿਹਾੜਿਆਂ ਮੌਕੇ ਮੰਜਿਆਂ ਉੱਤੇ ਖਿਡੌਣੇ ਧਰ ਕੇ ਜਾਂ ਤੁਰ ਫਿਰ ਕੇ ਚੀਜ਼ਾਂ ਵੇਚਣ ਵਾਲੇ ਗਰੀਬ ਕਿਰਤੀ ਲੋਕਾਂ ਤੋਂ ਜਗ੍ਹਾ ਦਾ 2 ਦਿਨਾਂ ਦਾ ਕਿਰਾਇਆ 5-5 ਹਜ਼ਾਰ ਰੁਪਏ ਲੈਣਾ, ਇੱਕ ਰਾਤ ਠਹਿਰਣ ਬਦਲੇ ਸ਼ਰਧਾਲੂਆਂ ਤੋਂ ਕਮਰੇ ਦਾ ਕਿਰਾਇਆ 500-1000 ਰੁਪਏ ਅਤੇ ਵਾਹਨਾਂ ਦੀਆਂ ਪਾਰਕਿੰਗ ਲਈ ਮੋਟੀਆਂ ਫੀਸਾਂ ਉਗਰਾਹੁਣਾ ਕਿਵੇਂ ਜਾਇਜ਼ ਹੈ ?





ਬੁੱਧੀਜੀਵੀਆਂ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖਾਂ ਦੀਆਂ ਭਾਵਨਾਵਾਂ ਨੂੰ ਵੇਖਦੇ ਹੋਏ ਲਾਂਘਾ ਫੀਸ ਦਾ ਕੇਸ ਮੁੜ ਵਿਚਾਰਨ ਤਾਂ ਜੋ ਹਰ ਸਿੱਖ ਕਰਤਾਰਪੁਰ ਸਾਹਿਬ ਦੇ ਦਰਸ਼ਨ-ਦੀਦਾਰੇ ਕਰ ਸਕੇ। ਇਸ ਮੌਕੇ ਗੁਰਤੇਜ ਸਿੰਘ, ਗੁਰਦਰਸ਼ਨ ਸਿੰਘ, ਜਸਪਾਲ ਸਿੰਘ, ਗੁਰਪ੍ਰੀਤ ਸਿੰਘ, ਹਰਦੀਪ ਸਿੰਘ ਡਿਬਡਿਬਾ, ਰਾਜਿੰਦਰ ਸਿੰਘ ਖਾਲਸਾ, ਸੁਰਿੰਦਰ ਸਿੰਘ ਕਿਸ਼ਨਪੁਰਾ ਅਤੇ ਖੁਸ਼ਹਾਲ ਸਿੰਘ ਆਦਿ ਹਾਜ਼ਿਰ ਸਨ।

# ਸਿੱਖ ਵਫਦ ਵੱਲੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਹਾਇਕ ਨਾਲ ਮੁਲਾਕਾਤ

- **ਕਰਤਾਰਪੁਰ ਕਾਰੀਡੋਰ ਲਈ ਪਾਕਿਸਤਾਨ ਦਾ ਕੀਤਾ ਧੰਨਵਾਦ**
- **ਕਸ਼ਮੀਰੀਆਂ ਨਾਲ ਇਕਮੁੱਠਤਾ ਦਾ ਪ੍ਰਗਟਾਵਾ**



**ਨਿਊਯਾਰਕ/ਹੁਸਨ ਲੜੋਆ ਬੰਗਾ :** ਯੂਨਾਇਟੇਡ ਨੇਸ਼ਨਜ਼ ਜਨਰਲ ਅਸੈਂਬਲੀ ਦੇ ਸਲਾਨਾ ਇਜਲਾਸ ਲਈ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਅਮਰੀਕਾ ਆਉਣਾ ਹੈ। ਉਹਨਾਂ ਦੀ ਅਮਰੀਕਾ ਫੇਰੀ ਸਫਲ ਬਣਾਉਣ ਦੇ ਮਕਸਦ ਨਾਲ ਉਹਨਾਂ ਦੇ ਵਿਸ਼ੇਸ਼ ਸਹਾਇਕ ਅਤੇ ਕੈਬਿਨੇਟ ਮੰਤਰੀ ਜ਼ੁਲਫੀ ਬੁਖਾਰੀ ਅਮਰੀਕਾ ਦੇ ਦੌਰੇ ਤੇ ਹਨ। ਸਥਾਨਕ ਅਲੀ ਬਾਬਾ ਰੈਸਤਰਾਂ ਵਿਖੇ ਓਵਰਸੀਜ਼ ਪਾਕਿਸਤਾਨੀਜ਼ ਗਲੋਬਲ ਫਾਊਂਡੇਸ਼ਨ ਵੱਲੋਂ ਉਹਨਾਂ ਨਾਲ ਇੱਕ ਮਿਲਣੀ ਦਾ ਪ੍ਰਬੰਧ ਕੀਤਾ ਗਿਆ ਜਿੱਥੇ ਈਸਟ ਕੋਸਟ ਅਮਰੀਕਾ ਦੀਆਂ ਸਿੱਖ ਜਥੇਬੰਦੀਆਂ ਅਤੇ ਗੁਰਦੁਆਰਾ ਕਮੇਟੀਆਂ ਦੇ ਨੁਮਾਇੰਦਿਆਂ ਦਾ ਇੱਕ ਵਫਦ ਜ਼ੁਲਫੀ ਬੁਖਾਰੀ ਨੂੰ ਮਿਲਿਆ ਅਤੇ ਕਰਤਾਰਪੁਰ ਲਾਂਘਾ ਖੋਲਣ ਲਈ ਪਾਕਿਸਤਾਨ ਦਾ ਧੰਨਵਾਦ ਕੀਤਾ। ਪਾਕਿਸਤਾਨ ਨਾਲ ਸਿੱਖਾਂ ਦੀ ਇਤਿਹਾਸਿਕ ਸਾਂਝ ਨੂੰ ਹੋਰ ਡੂੰਘਾ ਅਤੇ ਮਜ਼ਬੂਤ ਕਰਨ ਬਾਰੇ ਵੀ ਵਿਚਾਰਾਂ ਸਾਂਝੀਆਂ ਕੀਤੀਆਂ । ਸਿੱਖ ਜਥੇਬੰਦੀਆਂ ਵੱਲੋਂ ਇੱਕ ਮੰਗ ਪੱਤਰ ਉਹਨਾਂ ਨੂੰ ਸੌਂਪਿਆ ਗਿਆ ਜਿਸ ਵਿੱਚ ਕਸ਼ਮੀਰੀਆਂ ਤੇ ਹੋ ਰਹੇ ਜ਼ੁਲਮ ਦੀ ਨਿੰਦਾ ਕਰਦਿਆਂ ਉਹਨਾਂ ਦੀ ਆਜ਼ਾਦੀ ਦੀ ਲਹਿਰ ਨਾਲ ਇਕਮੁੱਠਤਾ ਪ੍ਰਗਟਾਈ ਗਈ । ਵਰਲਡ ਸਿੱਖ ਪਾਰਲੀਮੈਂਟ ਵੱਲੋਂ ਸੰਬੋਧਨ ਕਰਦਿਆਂ ਡਾ.ਅਮਰਜੀਤ ਸਿੰਘ ਨੇ ਕਿਹਾ ਕਿ ਸਾਡੀ ਪਾਕਿਸਤਾਨ ਨਾਲ ਇਤਿਹਾਸਕ ਸਾਂਝ ਹੈ ਜੋ ਭਾਰਤੀ ਹਕੂਮਤ ਨੂੰ ਹਜ਼ਮ ਨਹੀਂ ਹੁੰਦੀ ਜਿਸ ਕਰਕੇ ਉਹ ਕਰਤਾਰਪੁਰ ਲਾਂਘੇ ਨੂੰ ਤਾਰਪੀਡੋ ਕਰਨ ਲਈ ਹਰ ਸੰਭਵ ਯਤਨ ਕਰ ਰਹੇ ਹਨ ਪਰ ਸਿੱਖ ਕੌਮ ਪਾਕਿਸਤਾਨ ਵੱਲੋਂ ਕੀਤੇ ਜਾ ਰਹੇ ਯਤਨਾਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹੈ। ਜ਼ੁਲਫੀ ਬੁਖਾਰੀ ਨੇ ਆਪਣੇ ਸੰਬੋਧਨ ਵਿੱਚ ਜਿੱਥੇ ਪਾਕਿਸਤਾਨ ਦੇ ਅੰਦਰੂਨੀ ਮਾਮਲਿਆਂ ਬਾਰੇ ਵਿਚਾਰ ਸਾਂਝੇ ਕੀਤੇ ਉਥੇ ਕਰਤਾਰਪੁਰ ਲਾਂਘੇ ਬਾਰੇ ਉਹਨਾਂ ਕਿਹਾ ਕਿ ਭਾਰਤ ਨਾਲ ਸਾਡੇ ਸਬੰਧ ਕਿੰਨੇ ਵੀ ਖਰਾਬ ਕਿਉਂ ਨਾ ਹੋਣ ਪਰ ਪਾਕਿਸਤਾਨ ਦੀ ਸਰਕਾਰ ਲਾਂਘਾ ਖੋਲਣ ਲਈ ਦ੍ਰਿੜ ਹੈ ਅਤੇ ਦੁਨੀਆ ਭਰ ਵਿੱਚ ਵਸਦੀ ਸਿੱਖ ਕੌਮ ਨੂੰ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਦਿਹਾੜੇ ਮੌਕੇ ਪਾਕਿਸਤਾਨ ਆਉਣ ਦਾ ਸੱਦਾ ਦਿੰਦੀ ਹੈ। ਉਹਨਾਂ ਕਿਹਾ ਕਿ ਨਨਕਾਣਾ ਸਾਹਿਬ ਅਤੇ ਕਰਤਾਰਪੁਰ ਸਾਹਿਬ ਦੀ ਸਿੱਖਾਂ ਲਈ ਓਹੀ ਅਹਿਮੀਅਤ ਹੈ ਜੋ ਮੁਸਲਮਾਨਾਂ ਲਈ ਮੱਕਾ ਅਤੇ ਮਦੀਨਾ ਦੀ ਹੈ। ਸਿੱਖ ਵਫਦ ਜਿਸ ਵਿੱਚ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਤੋਂ ਹਿੰਮਤ ਸਿੰਘ, ਵੋਇਸਿਜ਼ ਫ਼ਾਰ ਫਰੀਡਮ ਤੋਂ ਹਰਦਿਆਲ ਸਿੰਘ, ਅਮੇਰਿਕਨ ਸਿੱਖ ਫੋਰਮ ਤੋਂ ਡਾ.ਅਰਵਿੰਦਰ ਸਿੰਘ, ਦੋਆਬਾ ਸਿੱਖ ਐਸੋਸੀਏਸ਼ਨ ਤੋਂ ਸੁਖਜਿੰਦਰ ਸਿੰਘ, ਸਿਖਸ ਫ਼ਾਰ ਜਸਟਿਸ ਤੋਂ ਗੁਰਦਿਆਲ ਸਿੰਘ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਤੋਂ ਤਰਲੋਚਨਪਾਲ ਸਿੰਘ ਅਤੇ ਕਿਰਪਾਲ ਸਿੰਘ ਬਿਲਿੰਗ, ਸਿੱਖ ਯੂਥ ਆਫ ਅਮਰੀਕਾ ਤੋਂ ਡਾ.ਰਣਜੀਤ ਸਿੰਘ ਸ਼ਾਮਿਲ ਸਨ, ਨੇ ਇਮਰਾਨ ਖਾਨ ਦੀ ਅਮਰੀਕਾ ਫੇਰੀ ਦੌਰਾਨ ਉਹਨਾਂ ਨਾਲ ਇੱਕ ਮੁਲਾਕਾਤ ਲਈ ਵੀ ਸਮਾਂ ਮੰਗਿਆ ਤਾਂ ਜੋ ਕਰਤਾਰਪੁਰ ਲਾਂਘਾ ਖੋਲਣ ਲਈ ਉਹਨਾਂ ਦਾ ਧੰਨਵਾਦ ਕਰ ਸਕਣ ।



## ਜਸਟਿਨ ਟਰੂਡੋ ਜਗਮੀਤ ਸਿੰਘ ਤੋਂ ਮੰਗਣਾ ਚਾਹੁੰਦੇ ਨੇ ਮੁਆਫੀ

**ਟੋਰਾਂਟੋ/ਏਟੀ ਨਿਊਜ਼ :** ਕੈਨੇਡਾ ਵਿਚ ਘੱਟ-ਗਿਣਤੀ ਭਾਈਚਾਰਿਆਂ ਦੇ ਪਹਿਰਾਵੇ ਤੇ ਚਮੜੀ ਦੇ ਰੰਗ ਕਾਰਨ ਮੁੱਖ ਧਾਰਾ ਦੇ ਆਗੂਆਂ ਵਲੋਂ ਮਖ਼ੌਲ ਕੀਤੇ ਜਾਣ ਦੇ ਵਿਤਕਰੇ ਦਾ ਮਾਮਲਾ ਭਖਿਆ ਹੋਇਆ ਹੈ। ਇਸ ਦੌਰਾਨ ਬੀਤੇ ਦਿਨੀਂ ਸਾਹਮਣੇ ਆਈਆਂ ਕੁਝ ਵਿਵਾਦਿਤ



ਤਸਵੀਰਾਂ ਤੇ ਵੀਡੀਓ ਕਾਰਨ ਲਿਬਰਲ ਪਾਰਟੀ ਦੇ ਆਗੂ ਤੇ ਪ੍ਰਧਾਨ ਮੰਤਰੀ ਟਰੂਡੋ ਨੇ ਨਿਊ ਡੈਮੋਕਰੈਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਤੋਂ ਵਿਅਕਤੀਗਤ ਤੌਰ 'ਤੇ ਮੁਆਫ਼ੀ ਮੰਗਣ ਦੀ ਇੱਛਾ ਪ੍ਰਗਟਾਈ ਹੈ ਪਰ ਜਗਮੀਤ ਨੇ ਗੱਲਬਾਤ ਤੋਂ ਪਹਿਲਾਂ ਆਪਣੀਆਂ ਸ਼ਰਤਾਂ ਰੱਖ ਦਿੱਤੀਆਂ ਹਨ। ਜਾਣਕਾਰੀ ਅਨੁਸਾਰ ਜਗਮੀਤ ਨੇ ਕਿਹਾ ਹੈ ਕਿ ਟਰੂਡੋ ਨਾਲ ਮੁਲਾਕਾਤ ਨਿੱਜੀ ਤੇ ਸਿਆਸੀ ਹਿੱਤਾਂ ਤੋਂ ਰਹਿਤ ਹੋਣੀ ਚਾਹੀਦੀ ਹੈ। ਜਗਮੀਤ ਨੇ ਖ਼ਦਸ਼ਾ ਜ਼ਾਹਿਰ ਕੀਤਾ ਹੈ ਕਿ ਟਰੂਡੋ ਦੀ ਮੇਰੇ ਨਾਲ ਗੱਲਬਾਤ ਦੇ ਮੌਕੇ ਨੂੰ ਦੇਸ਼ ਵਿਚ ਲਿਬਰਲ ਪਾਰਟੀ ਦਾ ਵੱਕਾਰ ਸੰਭਾਲਣ ਲਈ ਨਹੀਂ ਵਰਤਣ ਦਿੱਤਾ ਜਾ ਸਕਦਾ। ਇਹ ਵੀ ਕਿ ਟਰੂਡੋ ਨੂੰ ਆਪਣਾ ਅਕਸ ਸੁਧਾਰਨ ਵਾਸਤੇ ਕੈਨੇਡਾ ਦੇ ਲੋਕਾਂ ਤੋਂ ਸ਼ੁਰੂਆਤ ਕਰਨੀ ਚਾਹੀਦੀ ਹੈ ਨਾ ਕਿ ਇਕ ਪਾਰਟੀ ਦੇ (ਘੱਟ-ਗਿਣਤੀ ਭਾਈਚਾਰੇ ਨਾਲ ਸਬੰਧਿਤ) ਆਗੂ ਨਾਲ ਗੱਲਾਂ ਕਰਕੇ ਡੰਗ ਸਾਰਨਾ ਚਾਹੀਦਾ ਹੈ। ਜਗਮੀਤ ਨੇ ਕਿਹਾ ਕਿ ਟਰੂਡੋ ਦੀਆਂ ਤਸਵੀਰਾਂ ਨਾਲ ਨਸਲੀ ਵਿਤਕਰੇ ਤੋਂ ਪੀੜਤ ਲੋਕਾਂ ਦੇ ਮਨ ਪ੍ਰੇਸ਼ਾਨ ਹੋਣਾ ਸੁਭਾਵਿਕ ਹੈ।

# ਅਮਰੀਕੀ ਰਾਸ਼ਟਰਪਤੀ ਉਮੀਦਵਾਰ ਲਈ ਨਾਮਜ਼ਦਗੀ ਚੋਣ

### *ਜਿਆਦਾਤਰ ਲੋਕ ਡੈਮੋਕਰੈਟਿਕ ਉਮੀਦਵਾਰ ਵਜੋਂ ਜੋਇ ਬਿਡੇਨ ਦੇ ਹੱਕ 'ਚ, ਕਮਲਾ ਹੈਰਿਸ ਪਛੜੀ*





**ਕੋਸਟਾ ਮੈਸਾ (ਕੈਲੀਫੋਰਨੀਆ)/ਹੁਸਨ ਲੜੋਆ ਬੰਗਾ :** ਸਾਲ 2020 ਵਿਚ ਹੋ ਰਹੀ ਅਮਰੀਕੀ ਰਾਸ਼ਟਰਪਤੀ ਦੀ ਚੋਣ ਲਈ ਹਾਲਾਂ ਕਿ ਭਾਰਤੀ ਮੂਲ ਦੇ ਜਿਆਦਾਤਰ ਲੋਕ ਅਮਰੀਕੀ ਡੈਮੋਕਰੈਟਿਕ ਉਮੀਦਵਾਰ ਵਜੋਂ ਜੋਇ ਬਿਡੇਨ ਦੇ ਹੱਕ ਵਿਚ ਨਜਰ ਆ ਰਹੇ ਹਨ ਪਰ ਫਿਰ ਵੀ ਨਾਮਜ਼ਦਗੀ ਚੋਣ ਵਿਚ ਤਿਕੋਣਾ ਮੁਕਾਬਲਾ ਹੋਣ ਦੀ ਸੰਭਾਵਨਾ ਹੈ। ਸਾਬਕਾ ਉੱਪ ਰਾਸ਼ਟਰਪਤੀ ਬਿਡੇਨ ਤੋਂ ਇਲਾਵਾ ਦੂਸਰੇ ਦੋ ਉਮੀਦਵਾਰਾਂ ਵਿਚ ਸੈਨੇਟਰ ਅਲਿਜ਼ਾਬੈਥ ਵਾਰਨ ਤੇ ਸੈਨੇਟਰ ਬਰਨੀ ਸੈਂਡਰਜ਼ ਸ਼ਾਮਿਲ ਹਨ। ਭਾਰਤੀ ਮੂਲ ਦੇ ਅਮਰੀਕੀਆਂ ਵਿਚ ਕਮਲਾ ਹੈਰਿਸ ਪ੍ਰਤੀ ਕੋਈ ਜਿਆਦਾ ਖਿੱਚ ਵਿਖਾਈ ਨਹੀਂ ਦੇ ਰਹੀ। 31 ਅਗਸਤ ਤੋਂ 4 ਸਤੰਬਰ ਤਕ ਕੀਤੇ ਗਏ ਆਨ ਲਾਈਨ ਸਰਵੇਖਣ ਵਿਚ ਚੀਨੀ ਮੂਲ ਦੇ ਜਿਆਦਾਤਰ ਅਮਰੀਕੀ ਅਜੇ ਜਕੋਤਕੀ ਵਿਚ ਹਨ ਜਦ ਕਿ ਫਿਲਪੀਨੋ ਵੋਟਰਾਂ ਦਾ ਝੁਕਾਅ ਬਿਡੇਨ ਤੇ ਸੈਂਡਰਜ ਵੱਲ ਹੈ। ਐਪਲ ਡੈਮੋਕਰੈਟਿਕ ਪ੍ਰੈਜੀਡੈਂਸ਼ੀਅਲਫ ਫੋਰਮ ਦੇ ਸੁਪਰ ਪੈਸੀਫਿਕ ਐਪਲ ਵਿਕਟਰੀ ਫੰਡ ਵੱਲੋਂ ਸੇਗਰਸਟਾਰਮ ਸੈਂਟਰ ਫਾਰ ਆਰਟਸ ਵਿਖੇ ਏਸ਼ੀਅਨ ਅਮਰੀਕਨ ਤੇ ਪੈਸੇਫਿਕ ਦੀਪ ਸਮੂਹ ਦੇ ਵੋਟਰਾਂ ਸਬੰਧੀ ਇਹ ਸਰਵੇਖਣ ਬੀਤੇ ਦਿਨ ਜਾਰੀ ਕੀਤਾ ਗਿਆ। ਜਦੋਂ ਵੋਟਰਾਂ ਨੂੰ ਪੁੱਛਿਆ ਗਿਆ ਕਿ ਡੈਮੋਕਰੈਟਿਕ ਉਮੀਦਵਾਰ ਵਜੋਂ ਉਹ ਕਿਸ ਦੇ ਹੱਕ ਵਿਚ ਹਨ ਤਾਂ ਚੀਨੀ ਮੂਲ ਦੇ ਜਿਆਦਾਤਰ ਅਮਰੀਕੀ ਜਕੋਤਕੀ ਦੇ ਬਾਵਜੂਦ ਐਂਡਰੀਊ ਯਾਂਗ ਦੇ ਹੱਕ ਵਿਚ ਵਿਖਾਈ ਦਿੱਤੇ ਜਦ ਕਿ ਭਾਰਤੀ ਮੂਲ ਦੇ ਵੋਟਰਾਂ ਵਿਚ ਦੋ ਹਿੰਦੂ ਉਮੀਦਵਾਰਾਂ ਸੈਨੇਟਰ ਕਮਲਾ ਹੈਰਿਸ ਤੇ ਤੁਲਸੀ ਗਬਾਰਡ ਪ੍ਰਤੀ ਕੋਈ ਖਾਸ ਝੁਕਾਅ ਵੇਖਣ ਨੂੰ ਨਹੀਂ ਮਿਲਿਆ ਤੇ ਸਰਵੇ ਵਿਚ ਇਹ ਦੋਨੋਂ ਪੇਟ ਬੁਟੀਗੀਗ ਤੇ ਐਂਡਰੀਊ ਯਾਂਗ ਜੋ ਚੌਥੇ ਤੇ ਪੰਜਵੇਂ ਸਥਾਨ 'ਤੇ ਰਹੇ ਹਨ, ਤੋਂ ਵੀ ਪੱਛੜ ਗਏ ਹਨ। ਰਜਿਸਟਰਡ ਵੋਟਰ ਜੋ ਵੱਖ-ਵੱਖ ਉਮਰ ਵਰਗ ਵਿਚ ਵੰਡੇ ਹੋਏ ਹਨ, ਦਾ ਕਹਿਣਾ ਹੈ ਕਿ ਜੇਕਰ ਡੋਨਾਲਡ ਟਰੰਪ ਮੁੜ ਚੁਣੇ ਜਾਂਦੇ ਹਨ, ਤਾਂ ਇਹ ਉਨਾਂ ਲਈ ਬਹੁਤ ਨਿਰਾਸ਼ਾਜਨਕ ਗੱਲ ਹੋਵੇਗੀ। 80% ਜਿਨਾਂ ਵਿਚੋਂ ਜਿਆਦਾਤਰ ਦਾ ਸਬੰਧ ਡੈਮੋਕਰੈਟਸ ਨਾਲ ਹੈ, ਨੇ ਸਪਸ਼ਟ ਸੰਕੇਤ ਦਿੱਤਾ ਕਿ ਉਹ ਟਰੰਪ ਦਾ ਵਿਰੋਧ ਕਰਦੇ ਹਨ। 88% ਲੋਕਾਂ ਲਈ ਨਫ਼ਰਤੀ ਅਪਰਾਧ ਅਹਿਮ ਮੁੱਦਾ ਹੈ ਤੇ ਉਹ ਇਸ ਮੁੱਦੇ ਉਪਰ ਟਰੰਪ ਦੀ ਪਹੁੰਚ ਨੂੰ ਰੱਦ ਕਰਦੇ ਹਨ। 80% ਦਾ ਕਹਿਣਾ ਹੈ ਕਿ ਇਸ ਕਾਰਨ ਉਨਾਂ ਵੱਲੋਂ ਟਰੰਪ ਦੇ ਹੱਕ ਵਿਚ ਵੋਟ ਪਾਉਣ ਦੀ ਬਹੁਤ ਘੱਟ ਸੰਭਾਵਨਾ ਹੈ। ਚੇਂਜ ਰਿਸਰਚ ਦੇ ਸਰਵੇ ਅਨੁਸਾਰ ਜਿਆਦਾਤਰ ਔਰਤਾਂ ਤੇ ਪੜ੍ਹੇ ਲਿਖੇ ਵੋਟਰ ਇਸ ਮੁੱਦੇ ਉਪਰ ਟਰੰਪ ਦੇ ਰਵੱਈਏ ਕਾਰਨ ਗੁੱਸੇ ਵਿਚ ਹਨ। ਡੈਮੋਕਰੈਟਿਕ ਵੋਟਰਾਂ ਦੀ ਵੱਡੀ ਗਿਣਤੀ ਲਈ ਸਿਹਤ ਸੰਭਾਲ ਤੇ ਵਾਤਾਵਰਣ ਤਬਦੀਲੀ ਦੋ ਅਹਿਮ ਮੁੱਦੇ ਹਨ, ਜੋ ਉਨਾਂ ਲਈ ਚਿੰਤਾ ਦਾ ਵਿਸ਼ਾ ਹਨ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਪੰਜਾਬੀਆਂ ਨੇ ਹਮੇਸ਼ਾ ਧਰਮ ਨਿਰਪੱਖਤਾ ਦਾ ਸਾਥ ਦਿੱਤਾ : ਮੁਨੀਸ਼ ਤਿਵਾੜੀ

## *ਪੰਜਾਬ ਦੇ ਵਿਕਾਸ ’ਚ ਯੋਗਦਾਨ ਪਾਵੇ ਐਨਆਰਆਈ ਭਾਈਚਾਰਾ : ਦੀਵਾਨ*





**ਨਿਊਜਰਸੀ/ਰਾਜ ਗੋਗਨਾ :** ਪੈਨਸਿਲਵੇਨੀਆ ਸੂਬੇ ਦੇ ਸ਼ਹਿਰ ਬੈਨਸਲਮ ਦੇ ਨਾਮਵਰ ਹੋਟਲ ਸ਼ਗੁਨ ਪੈਲੇਸ ਵਿਖੇ ਭਾਰਤ ਦੇ ਦੂਰ ਸੰਚਾਰ ਮਹਿਕਮੇ ਦੇ ਸਾਬਕਾ ਕੇਂਦਰੀ ਮੰਤਰੀ ਅਤੇ ਪੰਜਾਬ ਦੇ ਸ਼੍ਰੀ ਅਨੰਦਪੁਰ ਸਾਹਿਬ ਤੋਂ ਮੌਜੂਦਾ ਮੈਂਬਰ ਪਾਰਲੀਮੈਂਟ ਮੁਨੀਸ਼ ਤਿਵਾੜੀ ਨੇ ਕਿਹਾ ਹੈ ਕਿ ਪੰਜਾਬੀਆਂ ਨੇ ਹਮੇਸ਼ਾ ਤੋਂ ਧਰਮ ਨਿਰਪੱਖਤਾ ਦਾ ਸਾਥ ਦਿੱਤਾ ਹੈ ਅਤੇ ਕਾਂਗਰਸ ਭਾਰਤ ਦੇ ਧਰਮ ਨਿਰਪੱਖ ਢਾਂਚੇ ਅਤੇ ਨਿਆਂਪਾਲਿਕਾ ਦੀ ਆਜ਼ਾਦੀ ‘ਤੇ ਭਰੋਸਾ ਕਰਦੀ ਹੈ। ਉਹ ਆਪਣੀ ਅਮਰੀਕਾ ਦੀ ਫੇਰੀ ਦੌਰਾਨ ਪੈਨਸਿਲਵੇਨੀਆ ਦੇ ਬੈਨਸੇਲਮ ਵਿਖੇ ਭਾਰਤੀ ਹੋਟਲ ਸ਼ਗੁਨ ਪੈਲੇਸ ਵਿਖੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਪੰਜਾਬ ਚੈਪਟਰ ਯੂਐੱਸਏ ਦੇ ਪ੍ਰਧਾਨ ਗੁਰਮੀਤ ਸਿੰਘ ਗਿੱਲ ਵੱਲੋਂ ਆਯੋਜਿਤ ਇੱਕ ਵਿਸ਼ਾਲ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਤਿਵਾੜੀ ਨੇ ਕਿਹਾ ਕਿ ਅਸੀਂ ਭਾਰਤ ਦੀ ਅੰਦਰੂਨੀ ਸਿਆਸਤ ਦੀਆਂ ਗੱਲਾਂ ਛੱਡ ਕੇ ਆਉਂਦੇ ਹਾਂ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਦੇਸ਼ੀ ਫੇਰੀਆਂ ਦੌਰਾਨ ਵੀ ਵਿਰੋਧੀ ਪਾਰਟੀਆਂ ਦੀ ਨਿੰਦਾ ਕਰਨ ਤੋਂ ਨਹੀਂ ਟਲਦੇ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਤੋਂ ਦੇਸ਼ ਅੰਦਰ ਧਰਮ ਨਿਰਪੱਖਤਾ ਅਤੇ ਨਿਆਂਪਾਲਿਕਾ ਦੀ ਆਜ਼ਾਦੀ ‘ਤੇ ਭਰੋਸਾ ਕੀਤਾ ਹੈ। ਪੰਜਾਬੀਆਂ ਨੇ ਵੀ ਹਮੇਸ਼ਾ ਤੋਂ ਧਰਮ ਨਿਰਪੱਖ ਵਿਚਾਰਧਾਰਾ ਦਾ ਸਾਥ ਦਿੱਤਾ ਹੈ। ਤਿਵਾੜੀ ਨੇ ਕਿਹਾ ਕਿ ਜਦੋਂ ਉਨ੍ਹਾਂ ਸ੍ਰੀ ਅਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਚੋਣ ਲੜੀ, ਤਾਂ ਉਨ੍ਹਾਂ ਨੂੰ ਇੱਕ ਹੋਰ ਤਜਰਬਾ ਹੋਇਆ ਕਿ ਪੰਜਾਬ ਦੇ ਲੋਕ ਧਰਮ, ਜਾਤ ਵਰਗੇ ਭੇਦਭਾਵਾਂ ਤੋਂ ਉੱਪਰ ਉੱਠ ਕੇ ਇਨਸਾਨੀਅਤ ਦੀ ਸੋਚ ਦੇ ਆਧਾਰ ‘ਤੇ ਵੋਟ ਦਿੰਦੇ ਹਨ। ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਪਵਨ ਦੀਵਾਨ ਨੇ ਵੀ ਆਪਣੇ ਭਾਸ਼ਨ ‘ਚ ਕਿਹਾ ਕਿ ਵਿਦੇਸ਼ਾਂ ਦੀ ਤਰੱਕੀ ‘ਚ ਪੰਜਾਬੀ ਭਾਈਚਾਰੇ ਦਾ ਬਹੁਤ ਵੱਡਾ ਯੋਗਦਾਨ ਹੈ। ਉਨ੍ਹਾਂ ਐਨਆਰਆਈ ਭਾਈਚਾਰੇ ਨੂੰ ਪੰਜਾਬ ਦੇ ਵਿਕਾਸ ‘ਚ ਵੀ ਹਿੱਸਾ ਪਾਉਣ ਅਤੇ ਆਪੋ-ਆਪਣੇ ਪਿੰਡਾਂ ਨਾਲ ਸਬੰਧਤ ਸਕੂਲਾਂ, ਹਸਪਤਾਲਾਂ ਆਦਿ ਦੀ ਤਰੱਕੀ ਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇੰਡੀਅਨ ਓਵਰਸੀਜ਼ ਕਾਂਗਰਸ ਯੂਐਸਏ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜੀਆਂ ਨੇ ਕਿਹਾ ਕਿ ਉਨ੍ਹਾਂ ਵੱਲੋਂ ਅਮਰੀਕਾ ਅੰਦਰ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਵੱਖ-ਵੱਖ ਚੈਪਟਰ ਸਥਾਪਿਤ ਕੀਤੇ ਗਏ ਹਨ, ਤਾਂ ਜੋ ਪਾਰਟੀ ਦੀਆਂ ਨੀਤੀਆਂ ਦਾ ਐਨਆਰਆਈ ਭਾਈਚਾਰੇ ਵਿਚ ਪ੍ਰਚਾਰ ਹੋ ਸਕੇ। ਐਨਆਰਆਈ ਭਾਈਚਾਰੇ ਅੰਦਰ ਕਾਂਗਰਸ ਪਾਰਟੀ ਨੂੰ ਲੈ ਕੇ ਬਹੁਤ ਉਤਸ਼ਾਹ ਹੈ। ਇਸ ਤੋਂ ਪਹਿਲਾਂ, ਗੁਰਮੀਤ ਸਿੰਘ ਗਿੱਲ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਐੱਮਪੀ ਮਨੀਸ਼ ਤਿਵਾੜੀ ਦਾ ਨਿੱਘਾ ਸਵਾਗਤ ਕੀਤਾ ਗਿਆ। ਗਿੱਲ ਨੇ ਕਿਹਾ ਕਿ, ਸਿਰਫ ਕਾਂਗਰਸ ਹੀ ਦੇਸ਼ ਦੇ ਹਿੱਤਾਂ ਨੂੰ ਸਮਝਦੀ ਹੈ ਅਤੇ ਉਨ੍ਹਾਂ ਦੀ ਰਾਖੀ ਕਰ ਸਕਦੀ ਹੈ। ਐਨਆਰਆਈ ਭਾਈਚਾਰਾ ਕਾਂਗਰਸ ਪਾਰਟੀ ਦੇ ਨਾਲ ਖੜ੍ਹਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰਨਬੀਰ ਸਿੰਘ ਬਰਾੜ, ਮਹਿੰਦਰ ਸਿੰਘ ਗਿਲਜੀਆਂ, ਮੇਜਰ ਸਿੰਘ ਢਿੱਲੋਂ, ਨਿਰਮਲ ਸਿੰਘ ਗਰੇਵਾਲ, ਪਰਮਿੰਦਰ ਸਿੰਘ ਦਿਓਲ, ਸੁਨੀਲ ਬਜਾਜ, ਵਰਿੰਦਰ ਸ਼ਰਮਾ, ਰਾਜਭਿੰਦਰ ਬਦੇਸ਼ਾ, ਹਰਜੀਤ ਸਿੱਧੂ, ਕਮਿੱਕਰ ਸਿੰਘ ਜੰਡੀ, ਤਲਵਿੰਦਰ ਸਿੰਘ ਘੁੰਮਣ, ਵਿੱਕੀ ਗਿੱਲ, ਫੁੰਮਣ ਸਿੰਘ, ਅਮਰ ਸਿੰਘ ਗੁਲਸ਼ਨ, ਪੱਪੀ ਬਦੇਸ਼ਾ, ਗੁਰਮੀਤ ਬੁੱਟਰ, ਨਵਦੀਪ ਸਿੰਘ, ਨਿਰਮਲ ਸਿੰਘ ਨਿੰਮਾ ਵੀ ਮੌਜੂਦ ਸਨ।

# ਫੌਜ ਦੇ ਖੁਫੀਆ ਵਿੰਗ ਦੀ ਚੇਤਾਵਨੀ ਮਗਰੋਂ ਪੰਜਾਬ ਵਿਚ ਅਲਰਟ ਜਾਰੀ




**ਨਵੀਂ ਦਿੱਲੀ/ਏਟੀ ਨਿਊਜ਼ :** ਪਾਕਿਸਤਾਨ ਵਿਚਲੇ ਅੱਤਵਾਦੀ ਸੰਗਠਨ ਪੰਜਾਬ ਸਣੇ ਭਾਰਤ ਵਿੱਚ ਵੱਡੇ ਧਮਾਕੇ ਕਰਨ ਦੀ ਯੋਜਨਾ ਬਣਾ ਰਹੇ ਹਨ। ਫੌਜ ਦੇ ਖੁਫੀਆ ਵਿੰਗ ਦੀ ਇਸ ਚੇਤਾਵਨੀ ਮਗਰੋਂ ਪੰਜਾਬ ਵਿਚ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਸੂਤਰਾਂ ਮੁਤਾਬਕ ਸੈਨਾ ਦੇ ਖੁਫੀਆ ਵਿੰਗ ਨੇ ਅਲਰਟ ਜਾਰੀ ਕੀਤਾ ਹੈ ਜਿਸ ਮੁਤਾਬਕ ਅੱਤਵਾਦੀ ਪਠਾਨਕੋਟ, ਅੰਮ੍ਰਿਤਸਰ, ਸ਼੍ਰੀਨਗਰ ਤੇ ਹੋਰ ਮੈਟਰੋ ਸ਼ਹਿਰਾਂ ‘ਚ ਅੱਤਵਾਦੀ ਹਮਲੇ ਦੀ ਸਾਜਿਸ਼ਾਂ ਨੂੰ ਅੰਜ਼ਾਮ ਦੇਣ ਦੀ ਕੋਸ਼ਿਸ਼ ਕਰ ਰਹੇ ਹਨ। ਸੂਚਨਾ ਮੁਤਾਬਕ ਇਨ੍ਹਾਂ ਥਾਂਵਾਂ ‘ਤੇ ਵੱਖ-ਵੱਖ ਗੁੱਟਾਂ ‘ਚ ਅੱਤਵਾਦੀ ਪਹੁੰਚੇ ਹਨ ਤੇ ਪੰਜ ਤੋਂ 10 ਅੱਤਵਾਦੀ ਹੋਣ ਦਾ ਸ਼ੱਕ ਹੈ। ਅਲਰਟ ਮੁਤਾਬਕ ਅੱਤਵਾਦੀ ਮਜ਼ਦੂਰ ਦੇ ਲਿਬਾਸ ‘ਚ ਹੋ ਸਕਦੇ ਹਨ। ਇਸ ਦੇ ਨਾਲ ਹੀ ਮਿਲਟਰੀ ਇੰਜਨੀਅਰ ਸਰਵਿਸ ਦੇ ਕੁਝ ਲੋਕਾਂ ‘ਤੇ ਵੀ ਸ਼ੱਕ ਹੈ। ਇਹ ਲੋਕ ਅੱਤਵਾਦੀਆਂ ਨਾਲ ਮਿਲੇ ਹੋ ਸਕਦੇ ਹਨ। ਨਿਸ਼ਾਨੇ ‘ਤੇ ਏਅਰਬੇਸ ਤੇ ਸੁਰੱਖਿਆ ਬਲਾਂ ਦਾ ਕੋਈ ਵੱਡਾ ਦਫਤਰ ਹੈ। ਨਿਊਜ਼ ਏਜੰਸੀ ਏਐਨਆਈ ਮੁਤਾਬਕ ਅੱਤਵਾਦੀ ਹਮਲਿਆਂ ਦੇ ਖ਼ਤਰੇ ਨੂੰ ਵੇਖਦੇ ਹੋਏ ਸ਼੍ਰੀਨਗਰ, ਅਵੰਤੀਪੋਰਾ, ਜੰਮੂ, ਪਠਾਨਕੋਟ, ਹਿੰਡਨ ਸਣੇ ਸਾਰੇ ਮੁੱਖ ਏਅਰਬੇਸਾਂ ‘ਤੇ ਔਰੇਂਜ਼ ਅਲਰਟ ਜਾਰੀ ਕੀਤਾ ਗਿਆ ਹੈ। ਪੂਰੇ ਹਮਲੇ ਦੀ ਸਾਜਿਸ਼ ਜੈਸ਼-ਏ-ਮੁਹੰਮਦ ਨੇ ਰਚੀ ਹੈ।

## ਡ੍ਰੋਨ ਰਾਹੀਂ ਆ ਰਹੇ ਪੰਜਾਬ ’ਚ ਹਥਿਆਰ- ਕੈਪਟਨ



**ਚੰਡੀਗੜ੍ਹ:** ਪੰਜਾਬ ਦੇ ਤਰਨ ਤਾਰਨ ਤੋਂ ਫੜੇ ਗਏ ਹਥਿਆਰ ਪਾਕਿਸਤਾਨ ਤੋਂ ਡ੍ਰੋਨਾਂ ਰਾਹੀਂ ਭੇਜੇ ਗਏ ਸੀ। ਇਹ ਖੁਲਾਸਾ ਫੜੇ ਗਏ ਚਾਰ ਮੁਲਜ਼ਮਾਂ ਤੋਂ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਇਸ ਬਾਰੇ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਟਵੀਟ ਕਰਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਨਵੀਂ ਚੁਣੌਤੀ ਦਾ ਤੁਰੰਤ ਹੱਲ ਕੱਢਣ ਲਈ ਕਿਹਾ ਹੈ। ਉਨ੍ਹਾਂ ਨੇ ਟਵੀਟ ਵਿੱਚ ਲਿਖਿਆ, ‘ਬੁਖਲਾਏ ਪਾਕਿਸਤਾਨ ਵੱਲੋਂ ਡ੍ਰੋਨਾਂ ਰਾਹੀਂ ਹਥਿਆਰ ਸੁੱਟਣਾ ਨਵੀਂ ਤੇ ਡਰਾਉਣੀ ਚੁਣੌਤੀ ਹੈ।‘ ਕੈਪਟਨ ਅਮਰਿੰਦਰ ਨੇ ਉਮੀਦ ਜਤਾਈ ਕਿ ਅਮਿਤ ਸ਼ਾਹ ਇਸ ਚੁਣੌਤੀ ਦਾ ਜਲਦ ਤੋਂ ਜਲਦ ਹੱਲ ਯਕੀਨੀ ਕਰਨਗੇ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਠੋਸ ਕਦਮ ਚੁੱਕੇ ਜਾਣਗੇ। ਦੇਸ਼ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਸ ਮਾਮਲੇ ‘ਤੇ ਕਿਹਾ ਹੈ ਕਿ ਸਾਡੀਆਂ ਫੌਜਾਂ ਦੇਸ਼ ਦੀ ਸੁਰੱਖਿਆ ਸਬੰਧੀ ਕਿਸੇ ਵੀ ਤਰ੍ਹਾਂ ਦੀ ਚੁਣੌਤੀ ਦਾ ਸਾਹਮਣਾ ਕਰਨ ਦੀ ਤਾਕਤ ਰੱਖਦੀਆਂ ਹੈ। ਚਾਹੇ ਇਹ ਆਰਮੀ ਹੋਵੇ, ਨੇਵੀ ਜਾਂ ਫਿਰ ਏਅਰ ਫੋਰਸ, ਸਭ ਫੌਜਾਂ ਪੂਰੀ ਤਰ੍ਹਾਂ ਤਿਆਰ ਹਨ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ’ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਭਾਈ ਰਣਜੀਤ ਸਿੰਘ ਨੂੰ ਤਖਤ ਸ੍ਰੀ ਪਟਨਾ ਸਾਹਿਬ ਦਾ ਜਥੇਦਾਰ ਬਣਾਏ ਜਾਣ 'ਤੇ ਅਮਰੀਕਾ ਦੇ ਸਿੱਖ ਆਗੂਆਂ ਵੱਲੋਂ ਖ਼ੁਸ਼ੀ ਦਾ ਇਜਹਾਰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਭਾਈ ਸਾਹਿਬ ਭਾਈ ਰਣਜੀਤ ਸਿੰਘ ਨੂੰ ਤਖਤ ਸ੍ਰੀ ਪਟਨਾ ਸਾਹਿਬ ਦਾ ਜਥੇਦਾਰ ਬਣਾਏ ਜਾਣ 'ਤੇ ਅਮਰੀਕਾ ਦੇ ਸਿੱਖ ਆਗੂਆਂ ਵੱਲੋਂ ਖ਼ੁਸ਼ੀ ਦਾ ਇਜਹਾਰ ਕੀਤਾ ਗਿਆ ਹੈ। ਅਮਰੀਕਾ ਦੇ ਸ. ਗੁਰਨਾਮ ਸਿੰਘ ਪੰਮਾ ਚੇਅਰਮੈਨ ਗੁਰੂ ਘਰ



ਲਾਈਵ ਓਕ, ਸ. ਗੁਰਮੇਜ ਸਿੰਘ ਗਿੱਲ ਯੂਬਾ ਸਿਟੀ, ਸ. ਬਲਵੀਰ ਸਿੰਘ ਸੋਹਲ ਸਾਬਕਾ ਪ੍ਰਧਾਨ ਯੂਬਾ ਸਿਟੀ, ਜਥੇਦਾਰ ਰੌਣਕ ਸਿੰਘ ਗੁਰੂ ਘਰ ਵਰਮੌਂਟ ਐਲ.ਏ., ਸ. ਦਲਵੀਰ ਸਿੰਘ ਗਿੱਲ ਡਾਇਰੈਕਟਰ ਗੁਰੂ ਘਰ ਯੂਬਾ ਸਿਟੀ, ਸ. ਬਿੱਕਰਮਜੀਤ ਸਿੰਘ ਖ਼ਾਲਸਾ, ਸ. ਸੁਖਵਿੰਦਰ ਸਿੰਘ ਅਬਲੋਵਾਲ, ਸ. ਹਰਮਨਦੀਪ ਸਿੰਘ ਸਕੱਤਰ, ਸ.ਮਲਕੀਅਤ ਸਿੰਘ ਗੋਸਲ਼, ਸ. ਸੁਖਵਿੰਦਰ ਸਿੰਘ ਸੈਣੀ, ਸ. ਜਸਵੀਰ ਸਿੰਘ ਕੂਲਾਰ, ਸ.ਪਿਆਰਾ ਸਿੰਘ ਗੋਸਲ਼, ਸ.ਚਰਨਜੀਤ ਸਿੰਘ ਚੌਹਾਨ ਤੇ ਹੋਰ ਉੱਘੇ ਵੱਖ ਵੱਖ ਸਿਆਸੀ ਤੇ ਧਾਰਮਿਕ ਆਗੂਆਂ ਵੱਲੋਂ ਪ੍ਰਧਾਨ ਸ਼੍ਰੋਮਣੀ ਕਮੇਟੀ ਗੋਬਿੰਦ ਸਿੰਘ ਲੌਂਗੋਵਾਲ ਦਾ ਧੰਨਵਾਦ ਕਰਦਿਆਂ ਸਮੁੱਚੇ ਸਿੱਖ ਜਗਤ ਨੂੰ ਆਮ ਪਰਵਾਰ ਵਿਚੋਂ ਤਖਤ ਸਾਹਿਬ ਦੇ ਜਥੇਦਾਰ ਥਾਪੇ ਜਾਣ 'ਤੇ ਵਧਾਈਆਂ ਦਿੱਤੀਆਂ। ਜ਼ਿਕਰਯੋਗ ਹੈ ਕਿ ਪ੍ਰਸਿੱਧ ਕਥਾਵਾਚਕ ਗਿਆਨੀ ਰਣਜੀਤ ਸਿੰਘ ਦਾ ਜਨਮ, ਪਿਤਾ ਜਵੰਦ ਸਿੰਘ ਬਾਜਵਾ ਤੇ ਮਾਤਾ ਸੁਵਰਨ ਕੌਰ ਦੇ ਘਰ ਪਿੰਡ ਦੌਲਤਪੁਰ (ਜ਼ਿਲਾ ਗੁਰਦਾਸਪੁਰ) ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਨੇ ਬ੍ਰਿਟਿਸ਼ ਫੌਜ ਵਿਚ ਦੂਜੀ ਵੱਡੀ ਜੰਗ ਦੌਰਾਨ ਜਾਪਾਨ, ਮਲੇਸ਼ੀਆ ਆਦਿ ਦੇਸ਼ਾਂ ਦੇ ਯੁੱਧਾਂ ਵਿਚ ਹਿੱਸਾ ਲਿਆ ਸੀ। ਮਾਤਾ-ਪਿਤਾ ਅੰਮ੍ਰਿਤਧਾਰੀ ਸਨ। ਰਣਜੀਤ ਸਿੰਘ ਨੇ 5 ਸਾਲ ਦੀ ਉਮਰ 'ਚ ਹੀ ਅੰਮ੍ਰਿਤਪਾਨ ਕਰ ਲਿਆ ਸੀ। ਪਿਤਾ ਦੀ ਨੌਕਰੀ ਫੌਜ ਵਿਚ ਹੋਣ ਕਰ ਕੇ ਰਣਜੀਤ ਸਿੰਘ ਨੂੰ ਵੱਖ-ਵੱਖ ਥਾਂਵਾਂ 'ਤੇ ਪੜ੍ਹਾਈ ਕਰਨੀ ਪਈ। ਉਨ੍ਹਾਂ ਨੇ ਰਾਂਚੀ ਯੂਨੀਵਰਸਿਟੀ ਦੇ ਪ੍ਰਬੰਧ ਹੇਠਲੇ ਆਰ.ਐੱਸ.ਪੀ. ਕਾਲਜ, ਝਰੀਆ (ਧਨਬਾਦ) ਤੋਂ ਬੀ.ਏ. ਦੀ ਡਿਗਰੀ ਹਾਸਲ ਕੀਤੀ। ਸੰਨ 1984 'ਚ ਉਨ੍ਹਾਂ ਦਾ ਆਨੰਦ ਕਾਰਜ ਬੀਬੀ ਰਣਜੀਤ ਕੌਰ ਨਾਲ ਹੋਇਆ। ਉਹ ਪਿਛਲੇ 13 ਸਾਲਾਂ ਤੋਂ ਸ੍ਰੀ ਦਰਬਾਰ ਸਾਹਿਬ ਹਾਲ ਮੰਜੀ ਸਾਹਿਬ ਵਿਖੇ ਵੀ ਕਥਾ ਦੀ ਸੇਵਾ ਨਿਭਾਉਂਦੇ ਆ ਰਹੇ ਹਨ।

# ਪਹਿਲੇ ਪਾਤਿਸ਼ਾਹ ਗੁਰੂ ਨਾਨਕ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਰੁਸ਼ਨਾਏਗਾ ਮੈਲਬਰਨ

## *ਆਸਟਰੇਲੀਆ 'ਚ ਵੱਡੇ ਸਰਕਾਰੀ ਸਮਾਗਮਾਂ ਦਾ ਐਲਾਨ*

**ਮੈਲਬਰਨ/ਏਟੀ ਨਿਊਜ਼ :** ਪਹਿਲੇ ਪਾਤਿਸ਼ਾਹ ਗੁਰੂ ਨਾਨਕ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਆਸਟਰੇਲੀਆ ਦੇ ਸੂਬੇ ਵਿਕਟੋਰੀਆ ਦੀ ਸਰਕਾਰ ਨੇ ਵੱਡੇ ਪੱਧਰ 'ਤੇ ਮਨਾਉਣ ਦਾ ਐਲਾਨ ਕੀਤਾ ਹੈ ਜਿਸ ਤਹਿਤ ਮੈਲਬਰਨ ਦੇ ਪ੍ਰਮੁੱਖ ਸਥਾਨ ਵਿਸ਼ੇਸ਼ ਰੌਸ਼ਨੀਆਂ ਨਾਲ ਰੁਸ਼ਨਾਏ ਜਾਣਗੇ। ਵਿਕਟੋਰੀਆ ਸਰਕਾਰ ਦੇ ਐਲਾਨ ਮੁਤਾਬਕ 12 ਨਵੰਬਰ ਮੈਲਬਰਨ ਮਿਊਜ਼ੀਅਮ , ਆਰਟਸ ਸੈਂਟਰ ਨੂੰ ਸ਼ਹਿਰ ਦੇ ਐਮੀ ਸਟੇਡੀਅਮ , ਬੋਲਟੀ ਬ੍ਰਿਜ ਸਮੇਤ ਕਈ ਹੋਰ ਵਿਸ਼ੇਸ਼ ਸਥਾਨ ਰੁਸ਼ਨਾਏ ਜਾਣਗੇ। ਆਸਟਰੇਲੀਆ ਪੱਧਰ 'ਤੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਿਸੇ ਸੂਬਾਈ ਸਰਕਾਰ ਦਾ ਇਹ ਵੱਡਾ ਉਪਰਾਲਾ ਹੋਵੇਗਾ। ਇਸੇ ਵਿਉਂਤਬੰਦੀ ਤਹਿਤ ਸੂਬੇ ਦੀਆਂ 18 ਸੰਸਥਾਵਾਂ ਨੂੰ 2 ਲੱਖ ਆਸਟਰੇਲੀਆਈ ਡਾਲਰ ਦੀ ਰਕਮ ਵੀ ਜਾਰੀ ਕੀਤੀ ਜਾ ਰਹੀ ਹੈ ਜਿਸ ਨਾਲ ਵੱਖ-ਵੱਖ ਸਥਾਨਾਂ 'ਤੇ ਸਮਾਗਮ ਹੋਣਗੇ। ਇਨ੍ਹਾਂ 'ਚ ਸ਼ਹਿਰੀ ਇਲਾਕਿਆਂ ਤੋਂ ਇਲਾਵਾ ਖੇਤਰੀ ਹਲਕੇ ਜੀਲੌਂਗ , ਬੈਂਡਿਗੋ ਅਤੇ ਸ਼ੈਪਰਟਨ ਵੀ ਆਪਣੀ ਪੱਧਰ 'ਤੇ ਪ੍ਰੋਗਰਾਮ ਕਰਨਗੇ।

ਬਹੁ-ਸਭਿਅਕ ਮਾਮਲਿਆਂ ਬਾਰੇ ਮੰਤਰੀ ਰਿਚਰਡ ਵੇਅਨ ਨੇ ਇਕ ਮੁਕਾਮੀ ਰੇਡੀਓ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਕਤੂਬਰ - ਨਵੰਬਰ ਮਹੀਨੇ ਪ੍ਰਕਾਸ਼ ਪੁਰਬ ਦੇ ਸਮਾਗਮ ਹੋਣਗੇ, ਅਸੀਂ ਹਰ ਇੱਕ ਨੂੰ ਸੱਦਾ ਦਿੰਦੇ ਹਾਂ ਕਿ ਆਉ ਆਪਣੇ ਨੇੜੇ ਹੋ ਰਹੇ ਸਮਾਗਮਾਂ 'ਚ ਪਹੁੰਚ ਕੇ ਗੁਰੂ ਸਾਹਿਬ ਬਾਰੇ ਜਾਣੀਏ। ਇਸ ਸਬੰਧ 'ਚ ਬੈਂਡਿਗੋ 'ਚ ਪਹਿਲੀ ਵਾਰ 20 ਅਕਤੂਬਰ ਨੂੰ ਕੇਂਦਰੀ ਇਲਾਕੇ 'ਚ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ। ਮੈਲਬਰਨ ਅਤੇ ਜੀਲੌਂਗ ਖੇਤਰ 'ਚ ਮਨੁੱਖਤਾ ਨੂੰ ਸਮਰਪਿਤ



ਮਾਰਚ 'ਹਿਊਮੈਨਟੀ ਵਾਕ' ਰੱਖਿਆ ਗਿਆ ਹੈ, ਸ਼ੈਂਪਰਟਨ 'ਚ ਵੀ ਹਫ਼ਤਾ ਭਰ ਸਮਾਗਮ ਰੱਖੇ ਗਏ ਹਨ। ਇਸੇ ਤਰ੍ਹਾ ਸਥਾਨਕ ਆਰ.ਐਮ.ਆਈ.ਟੀ ਯੂਨੀਵਰਸਿਟੀ 'ਚ ਗੁਰੂ ਸਾਹਿਬ ਦੀਆਂ ਯਾਤਰਾਵਾਂ ਅਤੇ ਸਿੱਖਿਆਵਾਂ ਨਾਲ ਸਬੰਧਿਤ ਪ੍ਰਦਰਸ਼ਨੀ ਵੀ ਇਨ੍ਹਾਂ ਸੂਬਾਈ ਸਮਾਗਮਾਂ ਦਾ ਹਿੱਸਾ ਹੈ।

# ਨਵੀਂ ਦਿੱਲੀ ਦੇ ਹਵਾਈ ਅੱਡੇ ਦਾ ਨਾਂ ਬਦਲ ਕੇ 'ਗੁਰੂ ਨਾਨਕ ਦੇਵ ਕੌਮਾਂਤਰੀ ਹਵਾਈ ਅੱਡਾ' ਕੀਤਾ ਜਾਵੇਗਾ ?

**ਹੂਸਟਨ (ਟੈਕਸਸ)/ਦਲਜੀਤ ਸਿੰਘ ਸਰਾਂ :** ਨਵੀਂ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਦਾ ਨਾਂ ਬਦਲ ਕੇ ਗੁਰੂ ਨਾਨਕ ਦੇਵ ਕੌਮਾਂਤਰੀ ਹਵਾਈ ਅੱਡਾ ਰੱਖਣ ਲਈ ਮੈਦਾਨ ਲਗਭਗ ਤਿਆਰ ਜਾਪਦਾ ਹੈ। ਇਸ ਸਬੰਧੀ ਰਸਮੀ ਐਲਾਨ ਨਵੰਬਰ ਮਹੀਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਬਾਦਲਾਂ ਦੀ ਅਗਵਾਈ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੁਲਤਾਨਪੁਰ ਲੋਧੀ ਵਿਖੇ ਕਰਵਾਏ ਜਾਣ ਵਾਲੇ ਵੱਡੇ ਸਮਾਗਮ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤੇ ਜਾਣ ਦੀ ਪੂਰੀ ਸੰਭਾਵਨਾ ਹੈ।

ਮੋਦੀ ਸਰਕਾਰ ਇਸ 'ਇੱਕ ਤੀਰ ਦੋ ਸ਼ਿਕਾਰ' ਵਾਲੇ ਕਦਮ ਨਾਲ ਸਿੱਖਾਂ ਨੂੰ ਵੀ ਖੁਸ਼ ਕਰਨ ਤੇ ਕਾਂਗਰਸ ਮੁਕਤ ਭਾਰਤ ਦੇ ਮਿਸ਼ਨ ਦੀ ਪੂਰਤੀ ਲਈ ਨਹਿਰੂ ਖ਼ਾਨਦਾਨ ਦੀਆਂ ਨਿਸ਼ਾਨੀਆ ਮੇਟਣ ਦੀ ਮੁਹਿਮ ਸਬੰਧੀ ਇੱਕ ਹੋਰ ਅਹਿਮ ਤੇ ਸਫਲ ਕਦਮ ਪੁੱਟਣ 'ਚ ਕਾਮਯਾਬੀ ਹਾਸਲ ਕਰ ਲਵੇਗੀ। ਅਮਰੀਕਾ ਦੇ ਟੈਕਸਸ ਸੂਬੇ ਦੇ ਹੂਸਟਨ ਸ਼ਹਿਰ ਵਿੱਚ ਹੌਊਡੀ-ਮੋਡੀ ਸਿਆਸੀ ਸ਼ੋਅ ਦੌਰਾਨ ਮੋਦੀ ਨੂੰ ਮਿਲੇ ਦਰਬਾਰੀਏ ਅਮਰੀਕੀ ਸਿੱਖ ਵਫ਼ਦ ਦੇ ਮੰਗ-ਪੱਤਰ ਵਿੱਚ ਇਸ ਸਬੰਧੀ ਮੰਗ ਅਗਾਊਂ ਸਹਿਮਤੀ ਨਾਲ ਸ਼ਾਮਲ ਕੀਤੀ ਦੱਸੀ ਜਾਂਦੀ ਹੈ।

ਮੋਦੀ ਵੱਲੋਂ ਸਿੱਖ ਵਫ਼ਦ ਦੀ ਮਿਲਣੀ ਬਾਅਦ ਟਪਿੱਟਰੀ ਪ੍ਰਤਿਕਰਮ ਵਿੱਚ ਸਿੱਖਾਂ ਲਈ ਵੱਡੀ ਖ਼ੁਸ਼ੀ ਵਾਲੀ ਖ਼ਬਰ ਦਾ ਮਤਲਬ ਅਸਲ ਵਿੱਚ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਦਾ ਨਾਂ ਬਦਲ ਕੇ ਗੁਰੂ ਨਾਨਕ ਦੇਵ ਜੀ ਦੇ ਨਾਂ ਉੱਤੇ ਰੱਖਣ ਦਾ ਸਪੱਸ਼ਟ ਸੰਕੇਤ ਹੈ।

ਰਾਜਸੀ ਵਿਸ਼ਲੇਸ਼ਕਾਂ ਦੀ ਮੱਤ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੀ ਇਸ 'ਸਿਆਸੀ ਸ਼ਤਰੰਜ' ਸਬੰਧੀ ਸਿੱਖ ਭਾਈਚਾਰੇ ਵਲੋਂ ਵੱਖ ਵੱਖ ਪੱਖਾਂ ਤੋਂ ਵੇਖਣਾ, ਸਿੱਖਣਾ ਤੇ ਸਮਝਣਾ ਜਾਵੇਗਾ। ਸਿੱਖਾਂ ਦੇ ਵੱਡੇ ਹਿੱਸੇ ਦਾ ਕਹਿਣਾ ਹੈ ਕਿ ਪੈਗ਼ੰਬਰਾਂ ਦੇ ਪੈਗੰਬਰ ਬਾਬਾ ਨਾਨਕ ਦੇ ਨਾਂ ਕੋਈ ਹਵਾਈ ਅੱਡਾ ਕਰ ਦੇਣ ਨਾਲ਼ੋਂ ਉਨ੍ਹਾਂ ਦੇ 'ਮਾਨਵ ਕੀ ਜਾਤ, ਸਬੈ ਏਕਾ ਪਹਿਚਾਨਬੋ' ਉੱਤੇ ਪਹਿਰਾ ਦੇਣ ਦੀ ਅੱਜ ਦੇ 'ਨਫ਼ਰਤਾਂ ਭਰੇ ਸਮਿਆਂ' ਵਿਚ ਵੱਧ ਲੋੜ ਹੈ। ਵੈਸੇ ਬਹੁਤ ਸਾਰੇ ਸਿੱਖ ਹੁਣ ਵੀ ਉਵੇਂ ਹੀ ਖ਼ੁਸ਼ ਹੋਣਗੇ ਜਿਵੇਂ ਪਿੱਛੇ ਜਿਹੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ 'ਦੁਨੀਆ ਦੇ ਸਭ ਤੋਂ ਵੱਧ ਵੇਖੇ ਜਾਣ ਸਥਾਨ' ਸਬੰਧੀ ਇੱਕ ਰਿਪੋਰਟ ਤੋਂ ਬਹੁਤੇ ਸਿੱਖ ਖੁਸ਼ੀਆਂ ਮਨਾਉਣ ਤੇ ਰਿਪੋਰਟ ਕਰਨ ਵਾਲ਼ਿਆਂ ਦਾ ਸ਼ੁਕਰਾਨਾ ਕਰਨ ਲੱਗ ਗਏ। ਉਨ੍ਹਾਂ ਨੂੰ ਇਹ ਅਹਿਸਾਸ ਹੀ ਨਹੀਂ ਸੀ ਕਿ ਰੂਆਨੀਅਤ ਦੇ ਸੋਮੇ ਦਰਬਾਰ ਸਾਹਿਬ ਦੀ ਹਸਤੀ ਦੇ ਮੁਕਾਬਲੇ ਅਜਿਹੀਆਂ ਰਿਪੋਰਟਾਂ/ਟਿੱਪਣੀਆਂ ਕੋਈ ਮਾਅਨਾ ਨਹੀਂ ਰੱਖਦੀਆਂ।

# ਦਰਬਾਰ ਸਾਹਿਬ ਦੇ ਆਲੇ-ਦੁਆਲੇ ਨੂੰ ਖ਼ੂਬਸੂਰਤ ਬਣਾਏਗੀ ਕੈਪਟਨ ਸਰਕਾਰ

**ਅੰਮ੍ਰਿਤਸਰ/ਏਟੀ ਨਿਊਜ਼ :**

ਪੰਜਾਬ ਹੈਰੀਟੇਜ਼ ਤੇ ਟੂਰਿਜ਼ਮ ਪ੍ਰਮੋਸ਼ਨ ਬੋਰਡ ਹੁਣ ਹਾਲ ਗੇਟ ਤੇ ਕੱਟੜਾ ਸ਼ੇਰ ਸਿੰਘ ਅੰਦਰ ਸਥਿਤ ਮਾਰਕੀਟ ਦੀ ਸੁੰਦਰਤਾ ਨੂੰ ਉਸੇ ਤਰ੍ਹਾਂ ਚਾਰ ਚੰਨ ਲਾਉਣ ਜਾ ਰਿਹਾ ਹੈ, ਜਿਸ ਤਰ੍ਹਾਂ ਦਰਬਾਰ ਸਾਹਿਬ ਬਾਹਰ ਹੈਰੀਟੇਜ਼ ਸਟਰੀਟ ਬਣੀ ਹੈ। ਪੰਜਾਬ ਹੈਰੀਟੇਜ਼ ਤੇ ਟੂਰਿਜ਼ਮ ਪ੍ਰਮੋਸ਼ਨ ਬੋਰਡ ਨੇ ਇਸ ਪ੍ਰਾਜੈਕਟ ਨੂੰ ਹਾਲ ਗੇਟ ਦੀ ਮਾਰਕੀਟ ਤੇ ਸ੍ਰੀ ਦਰਬਾਰ ਸਾਹਿਬ ਦੇ ਰਸਤੇ ਤੋਂ ਬਾਹਰ ਆਉਣ ਵਾਲੀ ਮਾਰਕੀਟ ਉੱਪਰ ਵੀ ਇਸੇ ਤਰ੍ਹਾਂ ਹੀ ਦੁਕਾਨਾਂ ਨੂੰ ਬਾਹਰਲੇ ਪਾਸੋਂ ਨਵਾਂ ਰੂਪ ਦੇਣ ਦਾ ਪ੍ਰਾਜੈਕਟ ਤਿਆਰ ਕੀਤਾ। ਇਸ ਦੀ ਸਰਕਾਰ ਕੋਲੋਂ ਮਨਜ਼ੂਰੀ ਮਿਲਣ ਤੋਂ ਬਾਅਦ ਪੰਦਰਾਂ ਕਰੋੜ ਦੀ ਲਾਗਤ ਨਾਲ ਇਸ ਪ੍ਰਾਜੈਕਟ ਨੂੰ ਅੰਮ੍ਰਿਤਸਰ ਦੇ ਹਾਲ ਗੇਟ ਤੋਂ ਸ਼ੁਰੂ ਕਰ ਦਿੱਤਾ ਗਿਆ ਹੈ। ਇਹ ਪ੍ਰਾਜੈਕਟ ਜੂਨ 2020 ਤੱਕ ਤਿਆਰ ਹੋ ਜਾਵੇਗਾ।

# ਸੁਖਬੀਰ ਬਾਦਲ ਨੇ ਬੰਦੀ ਸਿੱਖਾਂ ਦੀ ਰਿਹਾਈ ਮੰਗੀ

**ਚੰਡੀਗੜ੍ਹ/ਏਟੀ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਜ਼ਾਵਾਂ ਪੂਰੀਆਂ ਕਰਨ ਤੋਂ ਬਾਅਦ ਵੀ ਦੇਸ਼ ਦੀਆਂ ਵੱਖ-ਵੱਖ ਜੇਲ੍ਹਾ ਵਿਚ ਬੰਦ ਸਾਰੇ ਸਿੱਖ ਕੈਦੀਆਂ ਦੀ ਤੁਰੰਤ ਰਿਹਾਈ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲੋਂ ਪ੍ਰਭਾਵਸ਼ਾਲੀ ਦਖ਼ਲ ਦੀ ਮੰਗ ਕੀਤੀ ਹੈ। ਇਸ ਸਬੰਧੀ ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ ਵਿਚ ਸੁਖਬੀਰ ਨੇ ਕਿਹਾ ਕਿ ਦੇਸ਼ ਵਿਚ ਕਾਨੂੰਨ ਦਾ ਰਾਜ ਸਥਾਪਿਤ ਕਰਨ ਲਈ ਇਹ ਤੁਰੰਤ ਲੋੜੀਂਦਾ ਕਦਮ ਸਮਾਜ ਦੇ ਇਸ ਪੀੜਤ ਭਾਈਚਾਰੇ ਦੇ ਮਨਾਂ ਵਿਚ ਸਦਭਾਵਨਾ ਤੇ ਭਰੋਸਾ ਪੈਦਾ ਕਰੇਗਾ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਬੇਨਤੀ ਕੀਤੀ ਕਿ ਉਹ ਗੁਰੂ ਨਾਨਕ ਸਾਹਿਬ ਦਾ 550ਵਾ ਪ੍ਰਕਾਸ਼ ਪੁਰਬ ਸਾਰੀ ਦੁਨੀਆਂ ਵਿਚ ਪੂਰੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ, ਦੇ ਰੂਹਾਨੀ ਸੁਨੇਹੇ ਪ੍ਰਤੀ ਬੇਹੱਦ ਸ਼ਰਧਾ ਦੀ ਨਿਸ਼ਾਨੀ ਵਜੋਂ ਇਨ੍ਹਾਂ ਸਿੱਖਾਂ ਦੀ ਰਿਹਾਈ ਦਾ ਐਲਾਨ ਕਰਨ।

# ਭਾਰਤੀ ਪਾਸਪੋਰਟ ਦੇ ਧਾਰਨੀ ਪਰਵਾਸੀ ਭਾਰਤੀ ਆਧਾਰ ਕਾਰਡ ਪ੍ਰਾਪਤ ਕਰ ਸਕਣਗੇ

**ਨਵੀਂ ਦਿੱਲੀ/ਏਟੀ ਨਿਊਜ਼ :** ਪਰਵਾਸੀ ਭਾਰਤੀ (ਐਨਆਰਆਈ) ਦੇ ਹੱਕ ਵਿਚ ਸਰਕਾਰ ਨੇ ਵੱਡਾ ਫ਼ੈਸਲਾ ਕੀਤਾ ਹੈ। ਵੈਧ ਭਾਰਤੀ ਪਾਸਪੋਰਟ ਰੱਖਣ ਵਾਲੇ ਐਨਆਰਆਈ ਹੁਣ ਭਾਰਤ ਵਿਚ ਆਉਣ ਦੇ ਨਾਲ ਹੀ ਆਧਾਰ ਲਈ ਅਰਜ਼ੀ ਦੇ ਸਕਣਗੇ। ਹੁਣ ਉਨ੍ਹਾਂ ਨੂੰ 182 ਦਿਨਾਂ ਤਕ ਇੰਤਜ਼ਾਰ ਨਹੀਂ ਕਰਨਾ ਪਵੇਗਾ। ਸਰਕਾਰ ਨੇ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ ਹੈ। ਸਰਕਾਰ ਦੀ ਨੋਟੀਫਿਕੇਸ਼ਨ ਤੋਂ ਬਾਅਦ ਭਾਰਤੀ ਵਿਸ਼ਿਸ਼ਟ ਪਛਾਣ ਅਥਾਰਟੀ (ਯੂਆਈਡੀਏਆਈ) ਨੇ ਵੀ ਇਸ ਸਬੰਧ ਵਿਚ ਸਰਕੂਲਰ ਜਾਰੀ ਕੀਤਾ ਹੈ। ਇਸ ਵਿਚ ਕਿਹਾ ਗਿਆ ਹੈ, ਕਿ ਭਾਰਤ ਵਿਚ ਆਉਣ ਤੋਂ ਬਾਅਦ ਐਨਆਰਆਈ ਆਧਾਰ ਨੰਬਰ ਹਾਸਲ ਕਰਨ ਦੇ ਯੋਗ ਹੋਣਗੇ। ਹਾਲਾਂਕਿ, ਯੂਆਈਡੀਏਆਈ ਦੇ ਸੂਤਰ ਨੇ ਦੱਸਿਆ ਕਿ ਅਰਜ਼ੀ ਲਈ ਹੋਰ ਰਸਮੀ ਕਾਰਵਾਈਆਂ ਵਿਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ। ਸੂਤਰ ਨੇ ਇਹ ਵੀ ਦੱਸਿਆ ਕਿ ਭਾਰਤੀ ਪਾਸਪੋਰਟ ਰੱਖਣ ਵਾਲੇ ਐਨਆਰਆਈ ਭਾਰਤ ਆਉਣ 'ਤੇ ਜਾਂ ਪਹਿਲਾਂ ਤੋਂ ਤੈਅ ਸਮੇਂ ਦੇ ਹਿਸਾਬ ਨਾਲ ਆਧਾਰ ਲਈ ਅਰਜ਼ੀ ਦੇ ਸਕਦੇ ਹਨ। ਇਸ ਲਈ 182 ਦਿਨਾਂ ਦੀ ਜ਼ਰੂਰੀ ਉਡੀਕ ਮਿਆਦ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਯੂਆਈਡੀਏਆਈ ਵੱਲੋਂ ਜਾਰੀ ਸਰਕੂਲਰ ਵਿਚ ਕਿਹਾ ਗਿਆ ਹੈ ਕਿ ਭਾਰਤੀ ਪਾਸਪੋਰਟ ਨੂੰ ਪਛਾਣ ਦੇ ਸਬੂਤ, ਪਤੇ ਦੇ ਪ੍ਰਮਾਣ ਅਤੇ ਜਨਮ ਤਰੀਕ ਦੇ ਸਬੂਤ ਦੇ ਰੂਪ ਵਿਚ ਸਵੀਕਾਰ ਕੀਤਾ ਜਾਵੇਗਾ। ਜੇਕਰ ਐਨਆਰਆਈ ਦੇ ਪਾਸਪੋਰਟ 'ਤੇ ਭਾਰਤੀ ਪਤਾ ਨਹੀਂ ਹੋਵੇਗਾ ਤਾਂ ਉਸ ਨੂੰ ਯੂਆਈਡੀਏਆਈ ਵੱਲੋਂ ਪਤੇ ਦੇ ਸਬੂਤ ਲਈ ਤੈਅ ਕੋਈ ਇਕ ਦਸਤਾਵੇਜ਼ ਜਮ੍ਹਾਂ ਕਰਵਾਉਣਾ ਹੋਵੇਗਾ। ਜ਼ਿਕਰਯੋਗ ਹੈ ਕਿ 5 ਜੁਲਾਈ ਨੂੰ ਆਪਣੇ ਬਜਟ ਭਾਸ਼ਣ ਵਿਚ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਭਾਰਤੀ ਪਾਸਪੋਰਟ ਰੱਖਣ ਵਾਲੇ ਪਰਵਾਸੀ ਭਾਰਤੀਆਂ ਨੂੰ ਭਾਰਤ ਵਿਚ ਆਉਣ ਤੋਂ ਬਾਅਦ ਨਿਰਧਾਰਤ ਉਡੀਕ ਮਿਆਦ ਦੇ ਬਿਨਾ ਆਧਾਰ ਨੰਬਰ ਜਾਰੀ ਕਰਨ 'ਤੇ ਵਿਚਾਰ ਕਰਨ ਦਾ ਮਤਾ ਰੱਖਿਆ ਸੀ।

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

# ਹੂਸਟਨ : ਮੋਦੀ ਦਾ 'ਅੱਤਵਾਦ' ਦੇ ਬਹਾਨੇ ਪਾਕਿ 'ਤੇ ਨਿਸ਼ਾਨਾ

**✪ 'ਅਬ ਕੀ ਬਾਰ ਟਰੰਪ ਸਰਕਾਰ' ਦਾ ਨਾਅਰਾ ਦੇ ਕੇ ਕੀਤੀ ਟਰੰਪ ਦੀ ਜੀ ਹਜ਼ੂਰੀ**

**ਹੂਸਟਨ/ਏਟੀ ਨਿਊਜ਼ :**
ਹੂਸਟਨ ਦੇ ਐਨ. ਆਰ. ਜੀ. ਸਟੇਡੀਅਮ ਵਿਖੇ ਹੋਏ 'ਹਾਓਡੀ ਮੋਦੀ' ਪ੍ਰੋਗਰਾਮ ਮੌਕੇ ਭਾਰਤੀ-ਅਮਰੀਕੀ ਭਾਈਚਾਰੇ ਦੇ ਲੋਕਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਸੰਬੋਧਨ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਥੇ ਰਾਸ਼ਟਰਪਤੀ ਟਰੰਪ ਤੇ ਹੋਰ ਨੇਤਾਵਾਂ ਦਾ ਆਉਣਾ ਅਮਰੀਕਾ ਵਿਚ ਰਹਿਣ ਵਾਲੇ ਭਾਰਤੀਆਂ ਦਾ ਸਨਮਾਨ ਹੈ। ਉਨ੍ਹਾਂ ਕਿਹਾ ਕਿ ਮੋਦੀ ਇਕੱਲਾ ਕੁਝ ਨਹੀਂ, ਉਹ 130 ਕਰੋੜ ਭਾਰਤੀਆਂ ਦੇ ਆਦੇਸ਼ 'ਤੇ ਕੰਮ ਕਰਨ ਵਾਲੇ ਸਾਧਾਰਨ ਵਿਅਕਤੀ ਹਨ। 'ਹਾਓਡੀ ਮੋਦੀ' ਦਾ ਅਰਥ ਉਨ੍ਹਾਂ ਨੇ 'ਸਭ ਚੰਗਾ ਹੈ' ਦੱਸਿਆ ਅਤੇ ਇਸ ਨੂੰ ਪੰਜਾਬੀ ਸਮੇਤ ਕਈ ਭਾਸ਼ਾਵਾਂ ਵਿਚ ਦੁਹਰਾਇਆ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਵਿਚ ਜਿੰਨਾ ਮਹੱਤਵ ਕਾਰੋਬਾਰ ਕਰਨ ਨੂੰ ਸੁਖਾਲਾ ਬਣਾਉਣ ਦਾ ਹੈ ਉਨਾ ਹੀ ਜੀਵਨ ਨੂੰ ਆਸਾਨ ਬਣਾਉਣ ਦਾ ਹੈ। ਉਨ੍ਹਾਂ ਕਿਹਾ ਕਿ ਜਦ ਸਾਧਾਰਨ ਵਿਅਕਤੀ ਸ਼ਸ਼ਕਤ ਹੋਵੇਗਾ ਤਾਂ ਦੇਸ਼ ਦਾ ਸਮਾਜਿਕ, ਆਰਥਿਕ ਵਿਕਾਸ ਆਸਾਨੀ ਨਾਲ ਹੋਵੇਗਾ। ਉਨ੍ਹਾਂ ਕਿਹਾ ਕਿ ਧਾਰਾ 370 ਨੂੰ ਅਲਵਿਦਾ ਕਹਿ ਦਿੱਤਾ ਗਿਆ ਹੈ। ਧਾਰਾ 370 ਨੇ ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਲੋਕਾਂ ਨੂੰ ਵਿਕਾਸ ਅਤੇ ਬਰਾਬਰ ਅਧਿਕਾਰਾਂ ਤੋਂ ਵਾਂਝੇ ਰੱਖਿਆ ਸੀ। ਇਸ ਸਥਿਤੀ ਦਾ ਲਾਭ ਅੱਤਵਾਦ ਅਤੇ ਵੱਖਵਾਦ ਵਧਾਉਣ ਵਾਲੀਆਂ ਤਾਕਤਾਂ ਲੈ ਰਹੀਆਂ ਸਨ। ਭਾਰਤ ਦੇ ਸੰਵਿਧਾਨ ਅਨੁਸਾਰ ਜੋ ਅਧਿਕਾਰ ਬਾਕੀ ਭਾਰਤੀਆਂ ਨੂੰ ਦਿੱਤੇ ਗਏ ਹਨ ਉਹ ਹੀ ਅਧਿਕਾਰ ਹੁਣ ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਲੋਕਾਂ ਨੂੰ ਮਿਲ ਗਏ ਹਨ। ਉਨ੍ਹਾਂ ਕਿਹਾ ਕਿ ਅੱਤਵਾਦ ਤੇ ਪਾਕਿਸਤਾਨ ਉੱਪਰ ਨਿਸ਼ਾਨਾ ਵਿਢਦਿਆਂ ਕਿਹਾ ਕਿ 9/11 ਹੋਵੇ ਜਾਂ ਮੁੰਬਈ ਵਿਚ 26/11 ਹੋਵੇ, ਉਸ ਦੇ ਸਾਜਿਸ਼ਕਰਤਾ ਕਿੱਥੇ ਪਾਏ ਜਾਂਦੇ ਹਨ, ਇਹ ਸਾਰੇ ਜਾਣਦੇ ਹਨ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਅੱਤਵਾਦ ਦੇ ਖ਼ਿਲਾਫ਼ ਤੇ ਅੱਤਵਾਦ ਨੂੰ ਉਤਸ਼ਾਹਿਤ ਕਰਨ ਵਾਲਿਆਂ ਖ਼ਿਲਾਫ਼ ਫ਼ੈਸਲਾਕੁਨ ਲੜਾਈ ਲੜੀ ਜਾਵੇ। ਉਨ੍ਹਾਂ ਕਿਹਾ ਕਿ ਭਾਰਤ ਚੁਣੌਤੀਆਂ ਨੂੰ ਟਾਲ ਨਹੀਂ ਰਿਹਾ ਸਗੋਂ ਉਨ੍ਹਾਂ ਦਾ ਟਾਕਰਾ ਕਰ ਰਿਹਾ ਹੈ ਤੇ ਰਾਸ਼ਟਰਪਤੀ ਟਰੰਪ ਇਸ ਲੜਾਈ ਵਿਚ ਪੂਰੀ ਮਜ਼ਬੂਤੀ ਨਾਲ ਭਾਰਤ ਦੇ ਨਾਲ ਖੜ੍ਹੇ ਹਨ। ਉਨ੍ਹਾਂ ਨੇ ਨਵਾਂ ਨਾਅਰਾ 'ਅਬ ਕੀ ਵਾਰ ਟਰੰਪ ਸਰਕਾਰ' ਦਿੱਤਾ। ਉਨ੍ਹਾਂ ਕਿਹਾ ਕਿ ਮੈਂ ਟਰੰਪ ਦੀ ਅਗਵਾਈ ਤੋਂ ਪ੍ਰਭਾਵਿਤ ਹਾਂ।



## ਟਰੰਪ ਨੇ ਇਮਰਾਨ ਨਾਲ ਵੀ ਕੀਤੀ ਮੁਲਾਕਾਤ

**ਨਿਊਯਾਰਕ :** ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਉਹ ਕਸ਼ਮੀਰ ਦੇ ਮਾਮਲੇ 'ਤੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਵਿਚੋਲਗੀ ਲਈ ਤਾਂ ਹੀ ਤਿਆਰ ਹਨ ਪਰ ਜੇਕਰ ਦੋਵੇਂ ਦੇਸ਼ ਇਸ ਲਈ ਸਹਿਮਤ ਹੋਣ। ਟਰੰਪ ਨੇ ਇਹ ਗੱਲ ਸੰਯੁਕਤ ਰਾਸ਼ਟਰ ਦੀ ਮਹਾਂ ਸਭਾ ਦੇ ਇਜਲਾਸ ਤੋਂ ਵੱਖਰੇ ਤੌਰ 'ਤੇ ਪਾਕਿ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨਾਲ ਮੁਲਾਕਾਤ ਦੌਰਾਨ ਕਹੀ। ਇਮਰਾਨ ਖ਼ਾਨ ਨੇ ਜਦੋਂ ਕਸ਼ਮੀਰ ਦੀ ਗੱਲ ਕੀਤੀ ਤਾਂ ਟਰੰਪ ਨੇ ਕਿਹਾ ਕਿ ਪਾਕਿ ਦੇ ਕਹਿਣ ਨਾਲ ਕੁਝ ਨਹੀਂ ਹੋਵੇਗਾ ਜੇਕਰ ਦੋਵੇਂ ਦੇਸ਼ ਚਾਹੁੰਣਗੇ ਤਾਂ ਹੀ ਉਹ ਕੁਝ ਕਰ ਸਕਦੇ ਹਨ।

## ਇਸਲਾਮਿਕ ਅੱਤਵਾਦ ਨਾਲ ਮਿਲ ਕੇ ਲੜਾਂਗੇ : ਡੋਨਾਲਡ ਟਰੰਪ

ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਮਰੀਕਾ ਦੇ ਸਭ ਤੋਂ ਸੱਚੇ ਤੇ ਵਫ਼ਾਦਾਰ ਦੋਸਤਾਂ ਵਿਚੋਂ ਪ੍ਰਧਾਨ ਮੰਤਰੀ ਮੋਦੀ ਇਕ ਹਨ ਅਤੇ ਉਹ ਉਨ੍ਹਾਂ ਦੇ ਨਾਲ ਹਨ। ਟਰੰਪ ਨੇ ਕਿਹਾ ਕਿ ਭਾਰਤ ਤੇ ਅਮਰੀਕਾ ਵਿਚ ਰਿਸ਼ਤੇ ਪਹਿਲਾਂ ਏਨੇ ਡੂੰਘੇ ਕਦੇ ਨਹੀਂ ਰਹੇ। ਦੋਵਾਂ ਦੇਸ਼ਾਂ ਦੇ ਲੋਕ ਖ਼ੁਸ਼ਹਾਲ ਹੋ ਰਹੇ ਹਨ ਤੇ ਅਰਥ ਵਿਵਸਥਾ ਬਿਹਤਰ ਹੋ ਰਹੀ ਹੈ। ਟਰੰਪ ਨੇ ਕਿਹਾ ਕਿ ਅਮਰੀਕਾ ਵਿਚ ਬੇਰੁਜ਼ਗਾਰੀ ਪਿਛਲੇ 50 ਸਾਲਾਂ ਵਿਚ ਸਭ ਤੋਂ ਹੇਠਲੇ ਪੱਧਰ 'ਤੇ ਹੈ ਤੇ ਅਸੀਂ ਅਮਰੀਕਾ ਵਿਚ ਟੈਕਸ ਵਿਚ ਕਟੌਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਅਮਰੀਕੀ ਨਵੀਂ ਤਕਨੀਕ ਵਿਚ ਸਭ ਤੋਂ ਅੱਗੇ ਹਨ ਅਤੇ ਮੋਦੀ ਤੇ ਤੁਹਾਡੇ ਨਾਲ ਮਿਲ ਕੇ ਦੋਵਾਂ ਦੇਸ਼ਾਂ ਨੂੰ ਹੋਰ ਖ਼ੁਸ਼ਹਾਲ ਬਣਾਵਾਂਗੇ। ਸਾਰੇ ਦੇਸ਼ ਅਮਰੀਕਾ ਵਿਚ ਨਿਵੇਸ਼ ਕਰ ਰਹੇ ਹਨ ਤੇ ਭਾਰਤ ਵਿਚ ਅਮਰੀਕਾ ਦਾ ਨਿਰਯਾਤ ਵਧ ਰਿਹਾ ਹੈ। ਉਨ੍ਹਾਂ ਅੱਤਵਾਦ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਇਸਲਾਮਿਕ ਕੱਟੜਪੰਥੀ ਅਤੇ ਅੱਤਵਾਦ ਸਭ ਤੋਂ ਵੱਡੀ ਚੁਣੌਤੀ ਹੈ ਤੇ ਭਾਰਤ ਤੇ ਅਮਰੀਕਾ ਲਈ ਸਰਹੱਦੀ ਸੁਰੱਖਿਆ ਅਹਿਮ ਹੈ, ਉਨ੍ਹਾਂ ਕਿਹਾ ਕਿ ਅੱਤਵਾਦ ਨਾਲ ਲੜਨ ਲਈ ਦੋਵੇਂ ਦੇਸ਼ ਇਕਜੁੱਟ ਹਨ।

# ਭਾਰਤੀ ਪ੍ਰਧਾਨ ਮੰਤਰੀ ਮੋਦੀ ਦੀ ਹੂਸਟਨ ਫੇਰੀ ਸਮੇਂ ਘੱਟ ਗਿਣਤੀਆਂ ਵੱਲੋਂ ਜਬਰਦਸਤ ਰੋਸ ਮੁਜ਼ਾਹਰਾ

**ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਸਮੇਤ ਸਿੱਖ ਤੇ ਮੁਸਲਿਮ ਜਥੇਬੰਦੀਆਂ ਦੇ ਕਾਰਕੁੰਨਾਂ ਨੇ ਕੀਤੀ ਹਾਏ-ਹਾਏ**

**ਹੂਸਟਨ/ਮੱਖਣ ਸਿੰਘ ਕਲੇਰ :**
ਟੈਕਸਸ ਸਟੇਟ ਦੇ ਇਕ ਵੱਡੇ ਸ਼ਹਿਰ ਹੂਸਟਨ ਵਿਖੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਗਤਾਂ ਵਲੋਂ ਉਸ ਦੀ ਅਮਰੀਕਾ ਫੇਰੀ ਸਮੇਂ ਐਨ ਆਰ ਜੀ ਸਟੇਡੀਅਮ ਵਿਚ 22 ਸਤੰਬਰ ਐਤਵਾਰ ਨੂੰ ਇਕੱਤਰਤਾ ਕੀਤੀ ਗਈ, ਜਿਸ ਵਿੱਚ ਅਮਰੀਕਨ ਪ੍ਰੈਜੀਡੈਂਟ ਮਿਸਟਰ ਟਰੰਪ ਵਲੋਂ ਵੀ ਸ਼ਮੂਲੀਅਤ ਕੀਤੀ ਗਈ। ਜਿਥੇ ਪੂਰੇ ਅਮਰੀਕਾ ਵਿੱਚੋਂ ਮੋਦੀ ਨੂੰ ਜੀ ਆਇਆਂ ਕਹਿਣ ਲਈ ਭਾਜਪਾਈ, ਆਰ ਐਸ ਐਸ, ਬਜਰੰਗ ਦਲ,ਸ਼ਿਵ ਸੈਨੀਏ ਤੇ ਮੋਦੀ ਭਗਤ ਪਹੁੰਚੇ ਹੋਏ ਸਨ, ਉਥੇ ਹੀ ਕੁਝ ਅਖੌਤੀ ਸਿੱਖ ਵੀ ਵਿਸ਼ੇਸ਼ ਤੌਰ 'ਤੇ ਦੇਖਣ ਨੂੰ ਮਿਲੇ। ਐਨ ਆਰ ਜੀ ਸਟੇਡੀਅਮ ਦੇ ਬਿਲਕੁਲ ਸਾਹਮਣੇ ਮੋਦੀ ਦੇ ਵਿਰੋਧ ਵਿੱਚ ਲੋਕਾਂ ਦਾ ਇਕ ਵੱਡਾ ਹਜ਼ੂਮ ਇਕੱਤਰ ਹੋਇਆ ਸੀ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਮੁਸਲਿਮ ਭਾਈਚਾਰੇ ਨਾਲ ਸਬੰਧਤ ਲੋਕ ਬਹੁਤ ਹੀ ਵੱਡੀ ਗਿਣਤੀ ਵਿੱਚ ਪਹੁੰਚੇ ਹੋਏ ਸਨ। ਜਿਥੇ ਸਿੱਖ ਜਥੇਬੰਦੀਆਂ ਜਿਨਾਂ ਵਿੱਚ ਵਿਸ਼ੇਸ਼ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਤੇ ਸਿੱਖ ਯੂਥ ਆਫ ਅਮਰੀਕਾ ਦੇ ਸਮੁੱਚੇ ਮੈਂਬਰ ਪਹੁੰਚੇ ਹੋਏ ਸਨ, ਉਥੇ ਹੀ ਪੰਥ ਦਾ ਦਰਦ ਰੱਖਣ ਵਾਲੇ ਆਮ ਸਿੱਖ ਵੀ ਵੱਡੀ ਗਿਣਤੀ ਵਿੱਚ ਪਹੁੰਚੇ ਹੋਏ ਸਨ। ਉਨਾਂ ਤੋਂ ਇਲਾਵਾ ਭਾਰਤ ਵਿੱਚ ਵਸਣ ਵਾਲੀਆਂ ਹੋਰ ਘੱਟ ਗਿਣਤੀ ਕੌਮਾਂ ਨਾਲ ਸਬੰਧਤ ਜਥੇਬੰਦੀਆਂ ਵੀ ਆਪਣਾ ਦਰਦ ਲੈ ਕੇ ਇਸ ਰੋਸ ਪ੍ਰਦਰਸ਼ਨ ਵਿੱਚ ਸ਼ਾਮਿਲ ਹੋਣ ਲਈ ਪਹੁੰਚੀਆਂ ਹੋਈਆਂ ਸਨ। ਇਸ ਰੋਸ ਪ੍ਰਦਰਸ਼ਨ ਵਿੱਚ ਮੋਦੀ ਵਿਰੋਧੀ ਹਿੰਦੂ ਭਾਈਚਾਰਾ ਵੀ ਪਹੁੰਚਿਆ ਹੋਇਆ ਸੀ। ਪ੍ਰਦਰਸ਼ਨਕਾਰੀਆਂ ਨੇ ਮੋਦੀ ਵਿਰੋਧੀ ਤਖਤੀਆਂ ਤੇ ਬੈਨਰ ਚੁੱਕੇ ਹੋਏ ਸਨ, ਜਿਨਾਂ 'ਤੇ ਉਸ ਦੇ ਚਿਹਰੇ ਨੂੰ ਇਨਸਾਫ ਪਸੰਦ ਲੋਕਾਂ ਦੇ ਖੂਨ ਨਾਲ ਲੱਥ ਪੱਥ ਦਿਖਾਇਆ ਹੋਇਆ ਸੀ ਤੇ ਭਾਰਤੀ ਫੌਜ, ਪੁਲਿਸ ਤੇ ਹੋਰ ਫੋਰਸਾਂ ਤੇ ਕੱਟੜ ਅੱਤਵਾਦੀ ਹਿੰਦੂ ਜਥੇਬੰਦੀਆਂ ਵਲੋਂ ਘੱਟ ਗਿਣਤੀ ਲੋਕਾਂ 'ਤੇ ਢਾਹੇ ਜਾਂਦੇ ਕਹਿਰ ਅਤੇ ਕੀਤੇ ਜਾਂਦੇ ਕਤਲਾਂ ਤੇ ਬਲਾਤਕਾਰਾਂ ਨੂੰ ਤਸਵੀਰਾਂ ਦੇ ਰੂਪ ਵਿੱਚ ਦਿਖਾਇਆ ਹੋਇਆ ਸੀ। ਸਿੱਖ ਜਥੇਬੰਦੀਆਂ ਵਲੋਂ ਖਾਲਿਸਤਾਨ ਦੇ ਝੰਡੇ ਤੇ ਆਪੋ ਆਪਣੀਆਂ ਜਥੇਬੰਦੀਆਂ ਦੇ ਬੈਨਰ ਫੜੇ ਹੋਏ ਸਨ ਅਤੇ ਸਿੱਖਾਂ 'ਤੇ ਹੋਏ ਅਤਿਆਚਾਰ ਸਬੰਧੀ ਬੈਨਰ ਫੜੇ ਹੋਏ ਸਨ । ਸਿੱਖ ਜਥੇਬੰਦੀਆਂ ਦੇ ਮੈਂਬਰ ਵੀ ਪੂਰੀ ਅਮਰੀਕਾ ਦੀਆਂ ਵੱਖ ਸਟੇਟਾਂ ਵਿੱਚੋਂ ਪਹੁੰਚੇ ਹੋਏ ਸਨ। ਪ੍ਰਦਰਸ਼ਾਨਕਾਰੀਆਂ ਦੀ ਗਿਣਤੀ ਤਕਰੀਬਨ 20 ਤੋਂ 25 ਹਜਾਰ ਤਕ ਦੀ ਸੀ। ਵਿਦੇਸ਼ੀ ਧਰਤੀ 'ਤੇ ਕਿਸੇ ਭਾਰਤੀ ਪ੍ਰਧਾਨ ਮੰਤਰੀ ਵਿਰੁੱਧ ਇੰਨੇ ਵੱਡੇ ਰੋਸ ਪ੍ਰਦਰਸ਼ਨ ਦਾ ਹੋਣਾ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ। ਪ੍ਰਦਰਸ਼ਨਕਾਰੀ ਕਸ਼ਮੀਰ ਵਿੱਚ ਮੋਦੀ ਸਰਕਾਰ ਵਲੋਂ ਜੋ 370 ਧਾਰਾ ਖਤਮ ਕੀਤੀ ਗਈ ਹੈ, ਦੇ ਵਿਰੋਧ ਵਿੱਚ, ਅਜਾਦ ਕਸ਼ਮੀਰ, ਖਾਲਿਸਤਾਨ ਜਿੰਦਾਬਾਦ ਤੋਂ ਇਲਾਵਾ ਹੋਰ ਕਈ ਤਰਾਂ ਦੀ ਨਾਅਰੇਬਾਜੀ ਕਰ ਰਹੇ ਸਨ। ਇਸ ਰੋਸ ਪ੍ਰਦਰਸ਼ਨ ਨੂੰ ਸਫਲ ਕਰਨ ਵਾਸਤੇ ਵਿਸ਼ੇਸ਼ ਤੌਰ 'ਤੇ ਹੂਸਟਨ ਦੇ ਮੁਸਲਿਮ ਭਾਈਚਾਰੇ ਨਾਲ ਸਬੰਧਤ ਜਥੇਬੰਦੀਆਂ, ਵਿਸ਼ੇਸ਼ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਹਿਊਸਟਨ ਤੋਂ ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ ਦਾ ਯੋਗਦਾਨ ਰਿਹਾ। ਉਨਾਂ ਵਲੋਂ ਵਲੋਂ ਕੁਝ ਦਿਨ ਪਹਿਲਾਂ ਪੂਰੇ ਹੂਸਟਨ ਵਿੱਚ ਟਰੱਕਾਂ ਤੇ ਟਰਲੈਰਾਂ 'ਤੇ ਮੋਦੀ ਦੇ ਅਸਲੀ ਚਿਹਰੇ ਨੂੰ ਨੰਗਿਆਂ ਕਰਨ ਲਈ ਇਕ ਰੈਲੀ ਕੱਢੀ ਗਈ ਸੀ, ਜਿਸ ਨੂੰ ਅਮਰੀਕਨ ਮੀਡੀਏ ਨੇ ਵੀ ਕਵਰ ਕੀਤਾ ਤੇ ਭਾਰਤ ਵਿੱਚ ਮੋਦੀ ਸਰਕਾਰ ਵਲੋਂ ਘੱਟ ਗਿਣਤੀਆਂ 'ਤੇ ਹੋ ਰਹੇ ਅੱਤਿਆਚਾਰ ਨੂੰ ਅਮਰੀਕਨ ਲੋਕਾਂ ਸਾਹਮਣੇ ਲਿਆਂਦਾ ਗਿਆ।







## ਸਿੱਖਸ ਆਫ ਅਮਰੀਕਾ ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨਾਲ ਮਿਲਣੀ

**ਹੂਸਟਨ/ਏਟੀ ਨਿਊਜ਼ :** ਸਿੱਖਸ ਆਫ ਅਮਰੀਕਾ ਇਕ ਅਜਿਹੀ ਸੰਸਥਾ ਹੈ ਜੋ ਸਿੱਖਾਂ ਦੇ ਹਿੱਤਾਂ ਲਈ ਕੰਮ ਕਰਦੀ ਹੈ, ਉਹ ਕਾਰਜ ਭਾਵੇਂ ਸਿੱਖ ਬੱਚਿਆਂ ਦਾ ਹੋਵੇ ਜਾਂ ਨੌਜਵਾਨਾਂ ਦਾ ਹੋਵੇ। ਚਾਹੇ ਉਹ ਬੀਬੀਆਂ ਦਾ ਹੋਵੇ ਜਾਂ ਸਿੰਘਾਂ ਦਾ ਹੋਵੇ। ਇਸ ਸੰਸਥਾ ਨੇ ਸਾਰੇ ਕੰਮ ਛੱਡ ਕੇ ਉਸ ਨੂੰ ਪੂਰਿਆਂ ਕਰਨ ਲਈ ਆਪਣੀ ਪੂਰੀ ਹਿੰਮਤ ਜੁਟਾ ਦੇਣੀ ਹੈ। ਇਸੇ ਆਸ਼ੇ ਨੂੰ ਮੁੱਖ ਰੱਖ ਕੇ ਇਸ ਸੰਸਥਾ ਨੇ ਭਾਰਤ ਦੇ ਪ੍ਰਧਾਨ ਮੰਤਰੀ ਦੀ ਅਮਰੀਕਾ ਫੇਰੀ ਨੂੰ 'ਤੇ ਉਨ੍ਹਾਂ ਨੂੰ ਮਿਲਣ ਦਾ ਉਪਰਾਲਾ ਕੀਤਾ ਹੈ। ਜਸਦੀਪ ਸਿੰਘ ਜੱਸੀ ਦੀ ਅਗਵਾਈ ਵਿਚ ਪੂਰੇ ਅਮਰੀਕਾ ਤੋ ਸਿਰਕੱਢ ਸ਼ਖ਼ਸੀਅਤਾਂ ਨੂੰ ਸਿੱਖਸ ਆਫ ਅਮਰੀਕਾ ਦੇ ਬੈਨਰ ਹੇਠ ਇਕੱਠਿਆਂ ਕਰਕੇ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਹਿਊਸਟਨ ਦੇ ਇਕ ਨਾਮੀ ਹੋਟਲ ਵਿਚ ਵਫ਼ਦ ਦੇ ਰੂਪ ਵਿਚ ਮੁਲਾਕਾਤ ਕੀਤੀ ਗਈ। ਜ਼ਿਕਰਯੋਗ ਹੈ ਕਿ ਇਸ ਮੀਟਿੰਗ ਦੌਰਾਨ ਜਸਦੀਪ ਸਿੰਘ ਜੱਸੀ ਨੇ ਮੈਮੋਰੰਡਮ ਦੀਆਂ ਸਾਰੀਆਂ ਮੰਗਾਂ ਬਾਰੇ ਦੱਸਿਆ, ਜਿਸ ਵਿਚ ਸਿੱਖ ਇਕ ਵੱਖਰੀ ਕੌਮ ਹੋਣ ਕਰ ਕੇ ਧਾਰਾ 15 ਖਤਮ ਕਰਕੇ ਵੱਖਰੀ ਕੌਮ ਦਾ ਦਰਜਾ ਦਿੱਤਾ ਜਾਣ, ਅਨੰਦ ਮੈਰਿਜ ਐਕਟ ਨੂੰ ਪ੍ਰਵਾਨਤ ਕਰਨ ਤੇ ਤੀਜੀ ਅਹਿਮ ਮੰਗ ਰਾਜਸੀ ਸ਼ਰਨ ਵਾਲ਼ਿਆਂ ਨੂੰ ਵੀਜ਼ਾ-ਪਾਸਪੋਰਟ ਦੇਣ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਨ ਸ਼ਾਮਿਲ ਸਨ। ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖਾਂ ਨੂੰ ਤੁਰੰਤ ਰਿਹਾਅ ਕਰਨ, ਕਰਤਾਰਪੁਰ ਕੋਰੀਡੋਰ ਨੂੰ ਗੁਰੂ ਨਾਨਕ ਜੀ ਦੇ ਪ੍ਰਕਾਸ਼ ਪੁਰਬ 'ਤੇ ਖੋਲ੍ਹਣ ਦੇ ਸਵਾਲ ਉਤੇ ਕਰਤਾਰਪੁਰ ਕੋਰੀਡੋਰ ਸਬੰਧੀ ਪ੍ਰਧਾਨ ਮੰਤਰੀ ਨੇ ਕਿਹਾ ਕਿ ਫ਼ੀਸ ਦੇ ਮਸਲੇ ਸੁਲਝਾਉਣ ਉਪਰੰਤ ਕੋਰੀਡੋਰ ਖੋਲ੍ਹ ਦਿੱਤਾ ਜਾਵੇਗਾ। ਸਾਰੀਆਂ ਮੰਗਾਂ ਨੂੰ ਪ੍ਰਧਾਨ ਮੰਤਰੀ ਨੇ ਧਿਆਨ ਨਾਲ ਸੁਣਿਆ ਤੇ ਪੂਰਿਆਂ ਕਰਨ ਦਾ ਵਾਅਦਾ ਵੀ ਕੀਤਾ। ਉਨ੍ਹਾਂ ਨਵੰਬਰ ਚੁਰਾਸੀ ਦੇ ਦੋਸ਼ੀਆਂ ਨੂੰ ਸਲਾਖ਼ਾਂ ਪਿੱਛੇ ਕਰਨ ਦਾ ਵਾਅਦਾ ਵੀ ਕੀਤਾ। ਉਨਾਂ ਕਿਹਾ ਕਿ ਜਲਦੀ ਹੀ ਤੁਹਾਨੂੰ ਵੱਡਾ ਤੋਹਫ਼ਾ ਦਿੱਤਾ ਜਾਵੇਗਾ, ਇੰਤਜ਼ਾਰ ਕਰੋ। ਉਨਾਂ ਕਿਹਾ ਕਿ ਉਹ ਮੁੜ ਅਮਰੀਕਾ ਤਾਂ ਆਉਣਗੇ ਜੇ ਉਹ ਸਿੱਖਾਂ ਵੱਲੋਂ ਦਿੱਤੀਆਂ ਮੰਗਾਂ ਨੂੰ ਪੂਰਿਆਂ ਕਰ ਦਿੰਦੇ ਹਨ। ਸਿੱਖ ਵਫ਼ਦ ਨੇ ਦਿੱਲੀ ਏਅਰਪੋਰਟ ਦਾ ਨਾਮ ਗੁਰੂ ਨਾਨਕ ਜੀ ਦੇ ਨਾਮ 'ਤੇ ਰੱਖਣ ਦੀ ਬੇਨਤੀ ਵੀ ਕੀਤੀ ਕਿ ਗੁਰੂ ਸਾਹਿਬ ਦੇ 550ਵੇਂ ਜਨਮ ਦਿਹਾੜੇ 'ਤੇ ਸਿਖਾਂ ਨੂੰ ਤੋਹਫ਼ਾ ਦਿੱਤਾ ਜਾਵੇ। ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਜਸਦੀਪ ਸਿੰਘ ਜੱਸੀ ਨੇ ਸਿਰੋਪਾਉ ਨਾਲ ਸਨਮਾਨ ਕੀਤਾ। ਇਸ ਸਾਰੇ ਕਾਰਜ ਨੂੰ ਨੇਪਰੇ ਚਾੜਨ ਵਿੱਚ ਭਾਰਤੀ ਅੰਬੈਸੀ ਦਾ ਅਹਿਮ ਯੋਗਦਾਨ ਸੀ, ਜਿਸ ਸਦਕਾ ਇਹ ਮਿਲਣੀ ਕਾਮਯਾਬੀ ਹਾਸਲ ਕਰ ਸਕੀ ਹੈ। ਡਾਕਟਰ ਅਡੱਪਾ ਪ੍ਰਸਾਦ ਉਪ ਪ੍ਰਧਾਨ ਓਵਰਸੀਜ ਬੀਜੇਪੀ ਦੀ ਭੂਮਿਕਾ ਵੀ ਅਹਿਮ ਰਹੀ, ਜਿਨਾਂ ਨੇ ਇਸ ਮੀਟਿੰਗ ਨੂੰ ਸਿਰੇ ਚੜ੍ਹਾਇਆ ਹੈ। ਇਸ ਵਫ਼ਦ ਵਿੱਚ ਕੰਵਲਜੀਤ ਸਿੰਘ ਸੋਨੀ, ਬਲਜਿੰਦਰ ਸਿੰਘ ਸ਼ੰਮੀ, ਮਨਿੰਦਰ ਸਿੰਘ ਸੇਠੀ, ਬਹਾਦਰ ਸਿੰਘ, ਗੁਰਪ੍ਰੀਤ ਸਿੰਘ ਸੰਨੀ, ਰਤਨ ਸਿੰਘ, ਆਤਮਾ ਸਿੰਘ, ਜਸਵਿੰਦਰ ਸਿੰਘ, ਗੁਰਿੰਦਰ ਸਿੰਘ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਗੁਰਚਰਨ ਸਿੰਘ, ਦਲਵੀਰ ਸਿੰਘ, ਸੁਰਜੀਤ ਸਿੰਘ ਗੋਲਡੀ, ਜੈਮੋਦ ਸਿੰਘ ਨਿਬਰ, ਗੁਰਇਕਬਾਲ ਸਿੰਘ, ਪ੍ਰਿਤਪਾਲ ਸਿੰਘ ਲੱਕੀ, ਚਤਰ ਸਿੰਘ ਸੈਣੀ, ਹਰਦੀਪ ਸਿੰਘ ਸੈਣੀ ਸਮੇਤ ਡਾਕਟਰ ਸੁਰਿੰਦਰ ਸਿੰਘ ਗਿੱਲ , ਡਾਕਟਰ ਸੁਖਪਾਲ ਸਿੰਘ ਧਨੋਆ ਤੇ ਤੇਜਿੰਦਰ ਸਿੰਘ ਨੇ ਬਤੌਰ ਜਰਨਲਿਸਟ ਇਸ ਵਫ਼ਦ ਵਿਚ ਹਾਜ਼ਰੀ ਭਰੀ। ਅਖੀਰ ਵਿਚ ਕੰਵਲਜੀਤ ਸਿੰਘ ਸੋਨੀ ਸਿੱਖ ਅਫੇਅਰ ਓਵਰਸੀਅਰ ਬੀ ਜੇ ਪੀ ਵਿੰਗ ਅਮਰੀਕਾ ਨੇ ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਧੰਨਵਾਦ ਕੀਤਾ।



### ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕਿ ਫਤਹਿ

# ਗੁਰੂ ਪਿਆਰੀ ਸਾਧ ਸੰਗਤ ਜੀ

## 22 ਸਤੰਬਰ, 2019 ਨੂੰ ਹੋਣ ਵਾਲੀ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਪ੍ਰਬੰਧਕ ਕਮੇਟੀ ਦੀ ਚੋਣ ਨੂੰ ਅਦਾਲਤ ਨੇ ਰੋਕ ਦਿੱਤਾ ਹੈ

## ਅਦਾਲਤ ਨੇ ਚੋਣਾਂ ਕਿਉਂ ਰੋਕੀਆਂ ?

- 18 ਸਤੰਬਰ 2019 ਨੂੰ, ਮਾਣਯੋਗ ਜੱਜ ਸਿੰਥੀਆ ਲਾਈ ਨੇ ਮੈਂਬਰਸ਼ਿਪ ਸੂਚੀਆਂ ਵਿਚ ਘਪਲੇਬਾਜ਼ੀ, ਅਣਉਚਿਤ ਅਤੇ ਪੱਖਪਾਤੀ ਚੋਣ ਪ੍ਰਕਿਰਿਆ ਅਤੇ ਕਥਿਤ ਤੌਰ 'ਤੇ ਗੁੰਮਰਾਹਕੁਨ ਤਰੀਕੇ ਨਾਲ ਬੈਲਟ ਤੇ ਪਾਏ ਜਾਣ ਵਾਲੇ ਖ਼ਤਰਨਾਕ ਸੰਵਿਧਾਨ ਦੀਆਂ ਤਬਦੀਲੀਆਂ ਦਾ ਬੜੀ ਗੰਭੀਰਤਾ ਨਾਲ ਨੋਟਿਸ ਲਿਆ।
- ਜੱਜ ਨੇ ਇਹ ਸ਼ਿਕਾਇਤ ਵੀ ਨੋਟ ਕੀਤੀ ਕਿ ਜੁਲਾਈ 9, 2019 ਨੂੰ ਅਦਾਲਤ ਦੁਆਰਾ ਦਿੱਤੇ ਜਾਇਜ਼ ਮੈਂਬਰਸ਼ਿਪ ਦੀ ਜਾਣਕਾਰੀ ਸਮੇਂ ਸਿਰ ਮੁਹੱਈਆ ਕਰਵਾਉਣ ਦੇ ਆਦੇਸ਼ ਦੀ ਪਾਲਣਾ ਕਰਨ ਵਿਚ ਪ੍ਰੀਤਮ ਗਰੇਵਾਲ (ਜਨਰਲ ਸਕੱਤਰ) ਵਾਰ ਵਾਰ ਅਸਫਲ ਰਹੇ ਹਨ।
- ਇਹ ਸੁਣਵਾਈ ਲਿਖਤ ਦਸਤਖਤ ਕੀਤੀਆਂ ਘੋਸ਼ਣਾਵਾਂ 'ਤੇ ਅਧਾਰਤ ਸੀ ਅਤੇ ਕਾਨੂੰਨ ਦੀ ਅਦਾਲਤ ਵਿੱਚ ਪ੍ਰਵਾਨ ਹੋਣ ਵਾਲੇ ਸਬੂਤਾਂ ਦੁਆਰਾ ਪ੍ਰਮਾਣਿਤ ਕੀਤੀ ਗਈ ਸੀ।
- ਜੱਜ ਸਿੰਥੀਆ ਨੇ ਸਹਿਮਤੀ ਦਿੱਤੀ ਕਿ ਜੇ 22 ਸਤੰਬਰ, 2019 ਨੂੰ ਮਤਦਾਨ ਹੋਇਆ ਤਾਂ ਇਹ ਗੁਰਦੁਆਰਾ ਮੈਂਬਰਾਂ ਅਤੇ ਸੰਸਥਾ ਨੂੰ ਵੱਡਾ ਅਤੇ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਾਏਗਾ। ਇਸ ਲਈ ਜੱਜ ਸਾਹਿਬਾ ਨੇ ਤੁਰੰਤ ਚੋਣ ਰੋਕਣ ਦੇ ਆਦੇਸ਼ ਦਿੱਤੇ।
- ਕੋਡ ਆਫ ਸਿਵਲ ਪਰੋਸੀਜਰ §529 ਅਧੀਨ ਕਾਨੂੰਨੀ ਪ੍ਰਕਿਰਿਆ ਦੇ ਹਿੱਸੇ ਵਜੋਂ ਜੱਜ ਨੇ $60,000 ਦੇ ਬਾਂਡ ਦਾ ਸੁਝਾਅ ਦਿੱਤਾ। ਅਜਿਹੇ ਮਾਮਲਿਆਂ ਵਿਚ ਇਹ ਆਮ ਕਾਨੂੰਨੀ ਪ੍ਰਕਿਰਿਆ ਹੈ ਅਤੇ ਮੁੱਦਈ ਸਮੇਂ ਸਿਰ ਇਸ ਦੀ ਪਾਲਣਾ ਕਰਦੇ ਹਨ।
- ਕ੍ਰਿਪਾ ਕਰਕੇ ਬੌਬ ਢਿੱਲੋਂ ਦੀ ਮੌਜੂਦਾ ਪ੍ਰਬੰਧਕ ਕਮੇਟੀ ਦੁਆਰਾ ਕੀਤੇ ਕਿਸੇ ਝੂਠੇ ਪ੍ਰਚਾਰ ਤੋਂ ਸਾਵਧਾਨ ਰਹੋ, ਜੋ ਇਹ ਕਹਿ ਰਹੇ ਨੇ ਕਿ ਕੁਝ ਵਿਅਕਤੀਆਂ ਨੇ ਚੋਣਾਂ ਰੋਕਣ ਲਈ ਅਦਾਲਤ ਨੂੰ ਪੈਸੇ ਖੁਆਏ ਨੇ। ਅਜਿਹਾ ਕਹਿਣਾ ਵੀ ਅਦਾਲਤ ਦਾ ਗੰਭੀਰ ਅਪਮਾਨ ਅਤੇ ਜੁਰਮ ਹੈ।
- ਕਾਨੂੰਨ ਦੀ ਅਦਾਲਤ ਇਨਸਾਫ਼ ਨੂੰ ਕਾਇਮ ਰੱਖਣ ਲਈ ਸਿਰਫ ਠੋਸ ਭਰੋਸੇਯੋਗ ਸਬੂਤਾਂ ਨੂੰ ਸਾਹਮਣੇ ਰੱਖ ਇਸ ਤਰ੍ਹਾਂ ਦਾ ਜਰੂਰੀ ਫੈਸਲਾ ਕਰਦੀ ਹੈ ਅਤੇ ਅਦਾਲਤ ਨੇ ਅਜਿਹਾ ਹੀ ਕੀਤਾ ਹੈ। ਸਾਰੀਆਂ ਵਿਸਤ੍ਰਿਤ ਘੋਸ਼ਣਾਵਾਂ, ਸਬੂਤ, ਅਦਾਲਤ ਦੀ ਕਾਰਵਾਈ, ਜੱਜ ਦੀਆਂ ਟਿੱਪਣੀਆਂ ਅਤੇ ਫੈਸਲੇ ਚੰਗੀ ਤਰ੍ਹਾਂ ਦੇ ਦਸਤਾਵੇਜ਼ ਹਨ ਅਤੇ ਹਰੇਕ ਲਈ ਵੇਖਣ ਵਾਸਤੇ ਉਪਲੱਬਧ ਹਨ। ਇੱਥੇ ਕੁਝ ਵੀ ਲੁਕਿਆ ਹੋਇਆ ਨਹੀਂ ਹੈ।

## ਹੁਣ ਅੱਗੇ ਕੀ ਹੋਵੇਗਾ ?

- ਅਦਾਲਤ ਨੇ 2 ਅਕਤੂਬਰ, 2019 ਨੂੰ ਅਗਲੀ ਸੁਣਵਾਈ ਤੈਅ ਕੀਤੀ ਹੈ। ਇਹ ਸੁਣਵਾਈ 191 ਨੌਰਥ ਫਸਟ ਸਟ੍ਰੀਟ, ਸੈਨ ਹੋਜ਼ੇ ਵਿਖੇ ਸੁਪੀਰੀਅਰ ਕੋਰਟ ਵਿਚ ਹੋਵੇਗੀ।
- ਕੋਈ ਵੀ ਸੰਗਤ ਮੈਂਬਰ ਉਥੇ ਆ ਕੇ ਕਾਰਵਾਈ ਵੇਖ ਸਕਦਾ ਹੈ ਅਤੇ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ। ਇਸ ਤਰ੍ਹਾਂ ਤੁਸੀਂ ਬੌਬ ਢਿੱਲੋਂ ਦੀ ਮੌਜੂਦਾ ਪ੍ਰਬੰਧਕ ਕਮੇਟੀ ਦੇ ਕਿਸੇ ਵੀ ਗੁੰਮਰਾਹਕੁਨ ਅਫਵਾਹਾਂ ਅਤੇ ਝੂਠੇ ਪ੍ਰਚਾਰ ਤੋਂ ਵੀ ਬਚ ਸਕਦੇ ਹੋ।
- ਇੱਥੇ ਕੁਝ ਵੀ ਲੁਕਿਆ ਹੋਇਆ ਨਹੀਂ ਹੈ। ਹੇਠਾਂ ਲਿਖੀ ਕਾਰਵਾਈ ਹੋਵੇਗੀ:

1. ਜੁਲਾਈ 9, 2019 ਦੇ ਅਦਾਲਤ ਦੇ ਆਦੇਸ਼ਾਂ ਦੀ ਪਾਲਣਾ ਨਾ ਕਰਨ ਲਈ ਮੌਜੂਦਾ ਪ੍ਰਬੰਧਕ ਕਮੇਟੀ ਦੇ ਪ੍ਰੀਤਮ ਗਰੇਵਾਲ ਖ਼ਿਲਾਫ਼ ਅਦਾਲਤ ਦੇ ਅਪਮਾਨ (ਅਦਾਲਤ ਦੇ ਫੈਸਲੇ ਅਤੇ ਹੁਕਮ ਦੀ ਅਣਦੇਖੀ) ਦੀ ਕਾਰਵਾਈ ਹੋਵੇਗੀ-ਪ੍ਰੀਤਮ ਗਰੇਵਾਲ ਬਨਾਮ ਮੁੱਦਈ ਹਰਪਾਲ ਸਿੰਘ ਚਾਹਲ ਅਤੇ ਭੁਪਿੰਦਰ ਸਿੰਘ ਚੀਮਾ ਕੇਸ ਡੌਕੇਟ ਨੰ 19CV347730
2. ਨਿਰਪੱਖ ਅਤੇ ਸਾਫ ਸੁਥਰੀਆਂ ਚੋਣਾਂ, ਮੈਂਬਰਸ਼ਿਪ ਲਿਸਟ ਵਿਚ ਘਪਲੇਬਾਜ਼ੀ, ਗੁਰਦਵਾਰਾ ਸੰਵਿਧਾਨ ਦੀ ਪਾਲਣਾ ਅਤੇ ਅਦਾਲਤ ਦੇ ਆਦੇਸ਼ਾਂ ਦੀ ਪਾਲਣਾ ਨਾ ਕਰਨ ਲਈ ਮੌਜੂਦਾ ਪ੍ਰਬੰਧਕ ਕਮੇਟੀ ਦੇ ਬੌਬ ਢਿੱਲੋਂ ਬਨਾਮ ਮੁਦਈ ਮਨਪ੍ਰੀਤ ਸਿੰਘ ਬਦੇਸ਼ਾ ਅਤੇ ਹਰਪਾਲ ਸਿੰਘ ਚਾਹਲ ਕੇਸ ਡੌਕੇਟ ਨੰ.19CV353904

## ਸਾਧ ਸੰਗਤ ਸਲੇਟ ਦੀ ਵਚਨਬੱਧਤਾ:

- ਸਾਧ ਸੰਗਤ ਸਲੇਟ ਸੰਗਤ ਦੀ ਜਨਰਲ ਬਾਡੀ ਅਤੇ ਉਨ੍ਹਾਂ ਦੇ ਅਧਿਕਾਰਾਂ ਵਿਚ ਵਿਸ਼ਵਾਸ ਰੱਖਦੀ ਹੈ। ਅਸੀਂ ਕੁਝ ਪਰਿਵਾਰਾਂ ਦੇ ਸਮੂਹ ਨੂੰ ਸਦਾ ਲਈ ਗੁਰਦੁਆਰੇ 'ਤੇ ਕਬਜ਼ਾ ਨਹੀਂ ਕਰਨ ਦਿਆਂਗੇ।
- ਅਸੀਂ ਮੈਂਬਰਸ਼ਿਪ ਸੂਚੀ ਵਿਚ ਗੜਬੜੀ ਨੂੰ ਦੂਰ ਕਰਨ ਅਤੇ ਇੱਕ ਸੁਤੰਤਰ ਅਤੇ ਨਿਰਪੱਖ ਸਥਾਈ ਚੋਣ ਪ੍ਰਕਿਰਿਆ ਸਥਾਪਤ ਕਰਨ ਲਈ ਵਚਨਬੱਧ ਹਾਂ, ਤਾਂ ਜੋ ਕੋਈ ਵੀ ਕਮੇਟੀ ਸੰਗਤ ਦੇ ਅਧਿਕਾਰਾਂ ਨੂੰ ਨੁਕਸਾਨ ਪਹੁੰਚਾਉਣ ਲਈ ਆਪਣੇ ਅਹੁਦੇ ਦੀ ਦੁਰਵਰਤੋਂ ਨਾ ਕਰ ਸਕੇ। ਵਿਅਕਤੀ ਆਉਣਗੇ ਅਤੇ ਜਾਣਗੇ ਪਰ ਗੁਰਦੁਆਰਾ ਸਾਹਿਬ ਦੀ ਸੰਸਥਾ ਸਦਾ ਲਈ ਰਹੇਗੀ।
- ਅਸੀਂ ਸਾਰੇ ਸੰਗਤ ਮੈਂਬਰਾਂ ਦਾ ਇਸ ਮਕਸਦ ਲਈ ਅਥਾਹ ਸਮਰਥਨ ਕਰਨ ਲਈ ਧੰਨਵਾਦ ਕਰਦੇ ਹਾਂ। ਕਿਰਪਾ ਕਰਕੇ ਆਪਣੇ ਗੁਰਦੁਆਰਾ ਸਾਹਿਬ ਵਿਖੇ ਸਥਾਈ ਨਿਰਪੱਖ ਚੋਣ ਪ੍ਰਕਿਰਿਆ ਸਥਾਪਤ ਕਰਨ ਲਈ ਸਾਧ ਸੰਗਤ ਸਲੇਟ ਦਾ ਸਮਰਥਨ ਕਰਨਾ ਜਾਰੀ ਰੱਖੋ ਜੀ।
- ਸਾਧ ਸੰਗਤ ਸਲੇਟ ਆਪਣੇ ਭਾਈਚਾਰੇ ਦੇ ਪਰਿਵਾਰਕ ਮੈਂਬਰਾਂ, ਬੀਬੀਆਂ ਅਤੇ ਬੱਚਿਆਂ 'ਤੇ ਘਟੀਆ ਰਾਜਨੀਤਿਕ ਸਟੰਟ ਅਤੇ ਨਿੱਜੀ ਹਮਲੇ ਵਿਚ ਸ਼ਾਮਲ ਨਹੀਂ ਹੋਵੇਗੀ।
- ਬੌਬ ਢਿੱਲੋਂ ਦੀ ਮੌਜੂਦਾ ਪ੍ਰਬੰਧਕ ਕਮੇਟੀ ਵਾਂਗ ਅਸੀਂ ਨਕਲੀ ਖ਼ਬਰਾਂ ਬਣਾਉਣ ਲਈ ਅਖ਼ਬਾਰਾਂ ਵਿੱਚ ਪੈਸੇ ਦੇ ਕੇ ਇਸ਼ਤਿਹਾਰਾਂ ਉਤੇ ਸੰਗਤ ਦੀ ਮਾਇਆ ਬਰਬਾਦ ਨਹੀਂ ਕਰਨਾ ਚਾਹੁੰਦੇ। ਇਹ ਸ਼ਰਮਨਾਕ ਹੈ ਕਿ ਬੌਬ ਢਿੱਲੋਂ ਦੀ ਮੌਜੂਦਾ ਪ੍ਰਬੰਧਕ ਕਮੇਟੀ ਗੁਰਦੁਆਰਾ ਨਿਊਜ਼ ਲੈਟਰ ਦੇ ਰਾਹੀਂ (ਗੁਰੂ ਕੀ ਗੋਲਕ ਵਿਚੋਂ ਸੰਗਤ ਦੇ ਹੀ ਪੈਸੇ ਵਰਤ ਕੇ) ਸੰਗਤਾਂ ਦੇ ਘਰਾਂ ਨੂੰ ਕੂੜ ਪ੍ਰਚਾਰ ਲਈ ਮੇਲ ਦੇ ਪੁਲੰਦੇ ਭੇਜ ਰਹੀ ਹੈ।
- ਇਸ ਦੀ ਬਜਾਏ ਅਸੀਂ ਬੌਬ ਢਿੱਲੋਂ ਦੀ ਮੌਜੂਦਾ ਪ੍ਰਬੰਧਕ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਅਸਲ ਮੁੱਦਿਆਂ 'ਤੇ ਖੁੱਲੀ ਬਹਿਸ ਲਈ ਸੱਦਾ ਦੇਂਦੇ ਹਾਂ।

## ਗੁਰਦੁਆਰਾ ਚੋਣਾਂ ਵਿਚ ਹੋ ਕੀ ਰਿਹਾ ਸੀ ?

- ਸੰਗਤ ਮੈਂਬਰਾਂ ਨੇ ਮੌਜੂਦਾ ਪ੍ਰਬੰਧਕ ਕਮੇਟੀ ਨੂੰ ਕਈ ਵਾਰ ਬੇਨਤੀ ਕੀਤੀ ਕਿ ਆਉਣ ਵਾਲੀਆਂ ਚੋਣਾਂ ਦੀ ਤਿਆਰੀ ਲਈ ਜਾਇਜ਼ ਮੈਂਬਰਸ਼ਿਪ ਲਿਸਟ ਦਿੱਤੀ ਜਾਵੇ। ਬੌਬ ਢਿੱਲੋਂ ਨੇ ਲਿਸਟ ਲੈਣ ਲਈ ਉਨ੍ਹਾਂ ਨੂੰ ਅਦਾਲਤ ਦੀਆਂ ਅਰਜ਼ੀਆਂ 'ਤੇ ਪੈਸਾ ਖਰਚ ਕਰਨ ਲਈ ਕਿਹਾ। ਜਦੋਂ ਅਦਾਲਤ ਨੇ ਮੈਂਬਰਸ਼ਿਪ ਦੀ ਜਾਣਕਾਰੀ ਹਰਪਾਲ ਸਿੰਘ ਚਾਹਲ ਅਤੇ ਭੁਪਿੰਦਰ ਸਿੰਘ ਚੀਮਾ ਨੂੰ ਦੇਣ ਲਈ 9 ਜੁਲਾਈ, 2019 ਨੂੰ ਫਤਵਾ ਦਿੱਤਾ ਤਾਂ ਬੌਬ ਢਿੱਲੋਂ ਦੀ ਜੁੰਡਲੀ ਨੇ ਅਦਾਲਤ ਅਤੇ ਸੰਗਤ ਨੂੰ ਬੇਵਕੂਫ਼ ਬਣਾਉਣ ਲਈ ਇਕ ਬਹੁਤ ਭੈੜੀ ਸਾਜ਼ਿਸ਼ ਕੀਤੀ।

## ਇਹ ਦਸਤਾਵੇਜ਼ ਪ੍ਰਮਾਣ ਸਮੇਤ ਨਿਰਵਿਵਾਦ ਤੱਥ ਹਨ :

- ਮੌਜੂਦਾ ਪ੍ਰਬੰਧਕ ਕਮੇਟੀ ਨੇ ਮੁਦਈਆਂ ਨੂੰ 21 ਜੁਲਾਈ ਨੂੰ ਅਤੇ ਫਿਰ 14 ਅਗਸਤ, 2019 ਨੂੰ ਆਪਣੇ ਦਫਤਰ ਬੁਲਾਇਆ ਪਰ ਉਹ ਅਦਾਲਤ ਦੇ ਆਦੇਸ਼ਾਂ ਤੇ ਮੈਂਬਰਸ਼ਿਪ ਸਬੰਧੀ ਜਾਣਕਾਰੀ ਮੁਹੱਈਆ ਕਰਾਉਣ ਵਿੱਚ ਅਸਫਲ ਰਹੀ। ਇਹ ਸਿਰਫ ਇੱਕ ਦੇਰੀ ਦੀ ਰਣਨੀਤੀ ਸੀ ਤਾਂ ਕਿ ਬੌਬ ਆਪਣੀ ਮਰਜ਼ੀ ਦੀਆਂ ਚੋਣਾਂ ਕਰਵਾਉਣ ਵਿੱਚ ਕਾਹਲੀ ਕਰ ਸਕੇ।
- ਬੌਬ ਢਿੱਲੋਂ ਨੇ ਮਹਿੰਗੀਆਂ ਅਪੀਲਾਂ ਕਰਨ ਲਈ ਹਜ਼ਾਰਾਂ ਡਾਲਰ ਗੁਰਦੁਆਰੇ ਦੇ ਪੈਸੇ ਬਰਬਾਦ ਕੀਤੇ। ਅਦਾਲਤਾਂ ਨੇ ਸਭ ਨੂੰ ਰੱਦ ਕਰ ਦਿੱਤਾ।
- ਬੌਬ ਢਿੱਲੋਂ ਨੇ ਦਸਤਖ਼ਤ ਕੀਤੇ ਐਲਾਨ ਵਿੱਚ ਕਿਹਾ ਹੈ ਕਿ ਗੁਰਦੁਆਰਾ ਚੋਣਾਂ ਕਰਵਾਉਣ ਲਈ ਸੁਤੰਤਰ ਚੋਣ ਕਮੇਟੀ ਦੀ ਚੋਣ ਕਰਨ ਲਈ ਸੰਗਤ ਦੀ ਇੱਕ ਜਨਰਲ ਬਾਡੀ ਅਗਸਤ, 2019 ਵਿੱਚ ਸੱਦੀ ਜਾਏਗੀ ਪਰ ਉਸ ਨੇ ਅਜਿਹਾ ਨਹੀਂ ਕੀਤਾ।
- ਬੌਬ ਨੇ ਲਿਖਤੀ ਰੂਪ ਵਿੱਚ ਦਿੱਤਾ ਕਿ ਚੋਣ 6 ਅਕਤੂਬਰ, 2019 ਨੂੰ ਹੋਵੇਗੀ। ਫਿਰ ਇਸ ਨੂੰ 27 ਅਕਤੂਬਰ, 2019 ਲਈ ਮੁੜ ਤਹਿ ਕੀਤਾ ਗਿਆ। ਜਿਵੇਂ ਹੀ ਉਸ ਨੂੰ ਪਤਾ ਲੱਗਿਆ ਕਿ ਅਦਾਲਤ ਨੇ ਦੂਜਿਆਂ ਨਾਲ ਮੈਂਬਰਸ਼ਿਪ ਦੀ ਸੂਚੀ ਸਾਂਝੀ ਕਰਨ ਦੇ ਆਦੇਸ਼ ਦਿੱਤੇ, ਬੌਬ ਨੇ ਫਿਰ ਤੋਂ ਚੋਣ 22 ਸਤੰਬਰ, 2019 ਨੂੰ ਮੁੜ ਤਹਿ ਕੀਤੀ। ਇਹ ਇਸ ਲਈ ਕੀਤਾ ਗਿਆ ਸੀ ਤਾਂ ਜੋ ਵਿਰੋਧੀ ਧਿਰ ਨੂੰ ਮੈਂਬਰਾਂ ਨੂੰ ਰਜਿਸਟਰ ਕਰਨ ਅਤੇ ਮੁਹਿੰਮ ਚਲਾਉਣ ਲਈ ਲੋੜੀਂਦਾ ਸਮਾਂ ਨਾ ਮਿਲੇ।
- ਬੌਬ ਨੇ ਵਿਰੋਧੀ ਧਿਰ ਅਤੇ ਜਨਰਲ ਬਾਡੀ ਦੀ ਬਿਨਾ ਕਿਸੇ ਸ਼ਮੂਲੀਅਤ ਦੇ ਆਪਣੇ ਹੀ ਸਮਰਥਕਾਂ ਦੀ ਇਕ ਚੋਣ ਕਮੇਟੀ ਨੂੰ ਇਕਪਾਸੜ ਤੌਰ 'ਤੇ ਆਪ ਹੀ ਨਿਯੁਕਤ ਕੀਤਾ। ਅਖੌਤੀ ਚੋਣ ਕਮੇਟੀ ਦੇ ਘੱਟੋ ਘੱਟ ਦੋ ਮੈਂਬਰ ਬੌਬ ਢਿੱਲੋਂ ਦੀ ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਦੇ ਉਮੀਦਵਾਰਾਂ ਦੇ ਨੇੜਲੇ ਰਿਸ਼ਤੇਦਾਰ ਹਨ।
- ਬੌਬ ਢਿੱਲੋਂ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਚੋਣ ਕਮੇਟੀ ਨੇ ਇਹ ਪੂਰੀ ਕੋਸ਼ਿਸ਼ ਕੀਤੀ ਕਿ ਨਵੀਂ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਹੌਲੀ ਰਹੇਗੀ, ਸੰਗਤਾਂ ਲੰਬੀਆਂ ਕਤਾਰਾਂ ਵਿਚ ਇੰਤਜ਼ਾਰ ਕਰਨਗੀਆਂ, ਉਹਨਾਂ ਨੂੰ ਸੁਰੱਖਿਆ ਗਾਰਡਾਂ ਦੁਆਰਾ ਡਰਾਇਆ ਜਾਏਗਾ ਅਤੇ ਉਹ ਵਾਪਸ ਚਲੇ ਜਾਣਗੇ। ਇਹ ਯਕੀਨੀ ਬਣਾਉਣਾ ਸੀ ਕਿ ਵਿਰੋਧੀ ਆਪਣੇ ਸਮਰਥਕਾਂ ਨੂੰ ਰਜਿਸਟਰ ਨਾ ਕਰ ਸਕਣ ਜਦੋਂ ਕਿ ਮੌਜੂਦਾ ਪ੍ਰਬੰਧਕ ਕਮੇਟੀ ਨੇ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਉਨ੍ਹਾਂ ਦੇ ਘਰ ਅਤੇ ਰੈਸਟੋਰੈਂਟਾਂ ਵਿੱਚ ਰਜਿਸਟਰ ਕੀਤਾ।
- ਚੋਣ ਕਮੇਟੀ ਦਾ ਮੈਂਬਰ ਮੌਜੂਦਾ ਪ੍ਰਬੰਧਕ ਕਮੇਟੀ ਦੇ ਉਮੀਦਵਾਰਾਂ ਲਈ ਖੁੱਲ੍ਹ ਕੇ ਪ੍ਰਚਾਰ ਕਰਦਿਆਂ ਰੰਗੇ ਹੱਥੀਂ ਫੜਿਆ ਗਿਆ। ਜੇ ਉਮੀਦਵਾਰ ਅਤੇ ਚੋਣ ਕਮਿਸ਼ਨਰ ਇਕੋ ਹਨ ਤਾਂ ਹੋਰ ਕੁਝ ਕਹਿਣ ਦੀ ਲੋੜ ਨਹੀਂ।
- ਚੋਣ ਕਮੇਟੀ ਨੇ ਬੌਬ ਢਿੱਲੋਂ ਦੀਆਂ ਆਪਣੀਆਂ ਬਣਾਈਆਂ ਸੰਵਿਧਾਨ ਵਿਚ ਖਤਰਨਾਕ ਤਬਦੀਲੀਆਂ ਨੂੰ ਬੈਲਟ 'ਤੇ ਪਾ ਦਿੱਤਾ। ਕਿਸੇ ਪ੍ਰਕ੍ਰਿਆ ਦੀ ਪਾਲਣਾ ਨਹੀਂ ਕੀਤੀ ਗਈ ਅਤੇ ਕਿਸੇ ਵੀ ਤਬਦੀਲੀ ਦੇ ਗੁਣਾਂ ਬਾਰੇ ਜਨਰਲ ਬਾਡੀ ਨਾਲ ਕੋਈ ਵਿਚਾਰ-ਵਟਾਂਦਰੇ ਨਹੀਂ ਹੋਏ।
- ਚੋਣ ਕਮੇਟੀ ਨੇ ਜ਼ਬਰਦਸਤੀ ਬਦਨੀਅਤੀ ਨਾਲ ਸਾਧ ਸੰਗਤ ਸਲੇਟ ਦੇ ਉਮੀਦਵਾਰਾਂ ਦੇ ਨਾਵਾਂ ਦੀ ਤਰਤੀਬ ਬੈਲਟ 'ਤੇ ਬਦਲੀ। ਵਾਹਿਗੁਰੂ ਜਾਣਦਾ ਹੈ ਕਿ ਉਹ ਇਸ ਵਿਚੋਂ ਕੀ ਕੱਢਣਾ ਚਾਹੁੰਦੇ ਸਨ।
- ਵੋਟਰਾਂ ਨੂੰ ਭਰਮਾਉਣ ਲਈ ਬਹੁਤ ਗੁੰਮਰਾਹਕੁੰਨ ਭਾਸ਼ਾ ਵਿੱਚ ਬੈਲਟ ਉੱਤੇ ਸੰਵਿਧਾਨ ਤਬਦੀਲੀ ਦੇ ਵਿਸ਼ੇ ਲਿਖੇ ਗਏ। ਇਹਨਾਂ ਤਬਦੀਲੀਆਂ 'ਤੇ ਹਾਂ ਦੀ ਵੋਟ ਪਵਾ ਕੇ ਸੰਗਤ ਦੇ ਅਧਿਕਾਰਾਂ ਨੂੰ ਸਦਾ ਲਈ ਖੋਹਣ ਦੀ ਕੋਸ਼ਿਸ਼ ਕੀਤੀ ਗਈ।

**ਇਸ ਸਾਰੀ ਬੇਇਨਸਾਫ਼ੀ ਦਾ ਸਾਹਮਣਾ ਕਰਦਿਆਂ, ਭਾਈਚਾਰੇ ਦੇ ਹਿੱਤ ਵਿਚ, ਸਾਧ ਸੰਗਤ ਸਲੇਟ ਫਿਰ ਵੀ 22 ਸਤੰਬਰ ਨੂੰ ਚੋਣਾਂ ਕਰਵਾਉਣ ਲਈ ਪੂਰੀ ਤਰਾਂ ਤਿਆਰ ਹੋ ਗਈ ਪਰ ਕਾਨੂੰਨ ਦੀ ਅਦਾਲਤ ਜਾਣਬੁੱਝ ਕੇ ਧੋਖਾਧੜੀ ਨਹੀਂ ਹੋਣ ਦਿੰਦੀ। ਜਿਵੇਂ ਅਦਾਲਤ ਨੇ ਕੋਈ ਚੋਰੀ ਹੁੰਦੀ ਫੜ ਲਈ ਤੇ ਉਸ ਨੂੰ ਰੋਕ ਦਿੱਤਾ। ਇਕ ਨਿਰਪੱਖ ਚੋਣ ਪ੍ਰਕਿਰਿਆ ਲਾਗੂ ਕਰਕੇ ਹੀ ਅੱਗੇ ਵਧਿਆ ਜਾ ਸਕਦਾ ਹੈ।**

# ਸਾਧ ਸੰਗਤ ਸਲੇਟ, ਗੁਰਦਵਾਰਾ ਸਾਹਿਬ ਸੈਨ ਹੋਜ਼ੇ

ਅੰਮ੍ਰਿਤਸਰ ਟਾਈਮਜ਼
AMRITSAR TIMES
25 ਸਤੰਬਰ 2019 ਤੋਂ 01 ਅਕਤੂਬਰ 2019

# ਪੰਜਾਬੀਓ ਜਾਗਦੇ ਕਿ ਸੁੱਤੇ ?

**-ਮਨਜੀਤ ਸਿੰਘ ਟਿਵਾਣਾ**

ਪੰਜਾਬੀ ਦੇ ਨੌਜਵਾਨ ਸ਼ਾਇਰ ਜਸਵੀਰ ਸਿੰਘ ਸ਼ੀਰੀ ਦੀ ਇਕ ਲੰਮੀ ਕਵਿਤਾ ਵਿਚ ਪੰਜਾਬ ਨਾਲ ਹੋਈਆਂ-ਬੀਤੀਆਂ ਦਾ ਸੁੱਚੇ ਜਜ਼ਬਿਆਂ ਨਾਲ ਭਰਪੂਰ ਕਿੱਸਾ "ਪੰਜਾਬ ਤੂੰ ਤਵਾਰੀਖ ਦਾ ਮਤਰੇਆ ਪੁੱਤ ਸੈਂ.." ਵਿਚ ਬਹੁਤ ਹੀ ਕਰੁਣਾਮਈ ਢੰਗ ਨਾਲ ਛੋਹਿਆ ਗਿਆ ਹੈ। ਪੰਜਾਬ ਦੇ ਚੰਗੇ-ਮਾੜੇ ਦੌਰ ਦੀ ਤੱਥਾਂ ਨਾਲ ਗਵਾਹੀ ਭਰਦਾ ਬਹੁਤ ਸਾਰਾ ਇਤਿਹਾਸ ਰਚਿਆ ਮਿਲਦਾ ਹੈ। ਇਸ ਸਾਰੇ ਇਤਿਹਾਸ ਉਤੇ ਨਜ਼ਰ ਮਾਰੀ ਜਾਵੇ ਤਾਂ ਇਹੋ ਸਚਾਈ ਸਾਹਮਣੇ ਆਉਂਦੀ ਹੈ, ਕਿ ਪਾਕਿ ਪਾਣੀਆਂ ਦੇ ਕੰਢੇ ਕੁਦਰਤੀ ਵਾਤਾਵਰਣ ਵਿਚ ਮੌਲੀ ਇਸ ਜ਼ਰਖੇਜ਼ ਧਰਤੀ ਉਤੇ ਜ਼ਿੰਦਗੀ ਬਹੁਤੀ ਸਾਂਵੀ-ਪੱਧਰੀ ਕਦੇ ਵੀ ਨਹੀਂ ਰਹੀ। ਪੁਰਖਿਆਂ ਦੇ ਸਮੇਂ ਤੋਂ ਹੀ ਪੰਜਾਬ ਨੇ ਅਣਹੋਣੀਆਂ ਦੇ ਵੱਡੇ-ਵੱਡੇ ਦੌਰ ਆਪਣੇ ਪਿੰਡੇ ਉਤੇ ਹੰਢਾਏ ਹਨ। ਇਹ ਧਰਤੀ ਸਦੀਆਂ ਤਕ ਵਿਦੇਸ਼ੀ ਹਮਲਾਵਰਾਂ ਦੇ ਨਿਸ਼ਾਨੇ ਉਤੇ ਰਹੀ। ਅਜਿਹੇ ਹਾਲਾਤ ਵਿਚ ਹੀ "ਖਾਧਾ-ਪੀਤਾ ਲਾਹੇ ਦਾ-ਬਾਕੀ ਅਹਿਮਦ ਸ਼ਾਹੇ ਦਾ" ਅਤੇ "ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ" ਵਰਗੇ ਲੋਕ ਅਖਾਣਾਂ ਨੇ ਜਨਮ ਲਿਆ। ਗੁਰੂ ਨਾਨਕ ਸਾਹਿਬ ਦੀ ਆਮਦ ਨੇ ਇਸ ਧਰਤੀ ਉਤੇ ਇਕ ਨਵੇਂ ਯੁੱਗ ਦਾ ਆਗਾਜ਼ ਕੀਤਾ। ਦਸ ਗੁਰੂ ਸਾਹਿਬਾਨ ਦੀ ਅਗਵਾਈ ਵਿਚ ਇਸ ਧਰਤੀ ਉਤੇ ਪੈਦਾ ਹੋਏ ਸਿੱਖ ਇਨਕਲਾਬ ਤੋਂ ਬਾਅਦ ਇਸ ਖਿੱਤੇ ਦੀ ਅੰਦਰੂਨੀ ਤੇ ਬਾਹਰੀ ਤਾਸੀਰ ਹੀ ਬਦਲ ਗਈ। ਸਿੱਖ ਇਨਕਲਾਬ ਤੋਂ ਬਾਅਦ ਨਾ-ਸਿਰਫ ਇਸ ਧਰਤੀ ਦੇ ਅਸਲ ਵਾਰਿਸ ਬਣੇ ਸਿੱਖਾਂ ਨੇ ਵਿਦੇਸ਼ੀ ਜਰਵਾਣਿਆਂ ਦਾ ਮੂੰਹ ਮੋੜਿਆ, ਸਗੋਂ ਉਨ੍ਹਾਂ ਨੇ ਆਪਣੀ ਸਰਜ਼ਮੀਂ ਉਤੇ "ਪਾਤਸ਼ਾਹੀ-ਦਾਅਵਾ" ਵੀ ਸਾਕਾਰ ਕੀਤਾ। ਪਹਿਲਾਂ ਬੰਦਾ ਸਿੰਘ ਬਹਾਦਰ ਤੇ ਮੁੜ ਮਾਹਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਸਿੱਖ ਰਾਜ ਦੀ ਸਥਾਪਨਾ ਹੋਈ। ਸਦੀਆਂ ਦੇ ਇਤਿਹਾਸ ਵਿਚ ਪੰਜਾਬ ਦੀ ਧਰਤੀ ਉਤੇ ਖਾਲਸਾ ਰਾਜ ਵਾਲਾ ਸਮਾਂ ਸੁਨਹਿਰੀ-ਕਾਲ ਵੱਜੋਂ ਦਰਜ ਹੋਇਆ। ਇਸ ਤੋਂ ਬਾਅਦ ਅੰਗਰੇਜ਼ਾਂ ਦਾ ਰਾਜ, ਪੰਜਾਬ ਦੀ ਵੰਡ ਤੇ ਭਾਰਤੀ ਪਾਸੇ ਪੰਜਾਬ ਦੇ ਨਾਂ ਉਤੇ ਰਹਿ ਗਈ ਛੋਟੀ ਜਿਹੀ ਸੂਬੀ ਦੇ ਮਾੜੇ ਹਾਲਾਤ ਅੱਜ ਉਸ ਦੌਰ ਵਿਚ ਦਾਖਲ ਹੋ ਚੁੱਕੇ ਹਨ, ਕਿ ਇਸ ਦੀ ਵੱਖਰੀ ਪਹਿਚਾਣ, ਵੱਖਰੇ ਸੱਭਿਆਚਾਰ ਤੇ ਵੱਖਰੀ ਪੰਜਾਬੀ ਜ਼ੁਬਾਨ ਦੇ ਖਤਮ ਹੋ ਜਾਣ ਤਕ ਦੀਆਂ ਕਿਆਸਰਾਈਆਂ ਲਗਾਈਆਂ ਜਾ ਰਹੀਆਂ ਹਨ। ਹੁਣੇ ਜਿਹੇ ਪੰਜਾਬ-ਹਰਿਆਣਾ ਹਾਈਕੋਰਟ 'ਚ ਅਜਿਹੇ ਦੋ ਮਾਮਲੇ ਆਏ ਹਨ, ਜੋ ਕਿ ਪੰਜਾਬ ਤੇ ਪੰਜਾਬੀਅਤ ਦਾ ਦਰਦ ਰੱਖਣ ਵਾਲੇ ਹਰ ਸ਼ਖਸ ਲਈ ਫਿਕਰ ਕਰਨ ਵਾਲੇ ਹਨ। ਇਕ ਵਾਰ ਤਾਂ ਇਉਂ ਜਾਪਦਾ ਹੈ ਕਿ ਪਾਣੀ ਸਿਰ ਤੋਂ ਲੰਘ ਗਿਆ ਹੈ। ਪਹਿਲਾ ਮਾਮਲਾ ਸਾਡੇ ਪੰਜਾਬ ਵਿਚ ਨਵੀਂ ਕਿਸਮ ਦੇ ਸਿੰਥੈਟਿਕ ਨਸ਼ਿਆਂ ਨਾਲ ਜੁੜਿਆ ਹੈ। ਦੂਜਾ ਮਾਮਲਾ ਹੋਰ ਵੀ ਗੰਭੀਰ ਹੈ ਕਿ ਪੰਜਾਬ ਦੇ ਪਾਣੀਆਂ ਵਿਚ ਜ਼ਹਿਰੀਲੇ ਤੱਤਾਂ ਦੀ ਬਹੁਤਾਤ ਹੋ ਗਈ ਹੈ।

ਪੰਜਾਬ-ਹਰਿਆਣਾ ਹਾਈਕੋਰਟ ਵਿਚ ਪੇਸ਼ ਰਿਪੋਰਟ ਦੇ ਤੱਥਾਂ ਉਤੇ ਜਾਈਏ ਤਾਂ ਹਰ ਮਹੀਨੇ ਪੰਜਾਬ ਦੇ ਨਸ਼ਾ ਬਜ਼ਾਰ ਵਿਚ ਇਕ ਹਜ਼ਾਰ ਕਿਲੋ ਹੈਰੋਇਨ ਆ ਰਹੀ ਹੈ। ਅਦਾਲਤ 'ਚ ਪੇਸ਼ ਇਸ ਰਿਪੋਰਟ ਮੁਤਾਬਿਕ ਪੰਜਾਬ ਵਿਚ ਰਹਿ ਰਹੇ ਲੋਕਾਂ ਵਿਚੋਂ 75 ਫ਼ੀਸਦੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਇਨ੍ਹਾਂ ਨਸ਼ਿਆਂ ਦੀ ਜ਼ੱਦ ਵਿਚ ਆ ਚੁੱਕੇ ਹਨ। ਸਕੂਲਾਂ ਤੇ ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀ ਸਿੰਥੈਟਿਕ ਨਸ਼ਿਆਂ ਵੱਲ ਬਹੁਤੇ ਜਾ ਰਹੇ ਹਨ। ਸਾਫ ਹੈ ਕਿ ਪੰਜਾਬ ਦੀ ਨਵੀਂ ਪੀੜ੍ਹੀ ਨੂੰ ਨਸ਼ਿਆਂ ਦੀ ਆਦੀ ਬਣਾਇਆ ਜਾ ਰਿਹਾ ਹੈ। ਬਹੁਤ ਸਾਰੇ ਤੱਥ ਇਸ ਵਰਤਾਰੇ ਪਿੱਛੇ ਕਿਸੇ ਗਹਿਰੀ ਸਾਜ਼ਿਸ਼ ਹੋਣ ਵੱਲ ਵੀ ਇਸ਼ਾਰਾ ਕਰਦੇ ਹਨ।

ਦੂਜਾ ਮਾਮਲਾ ਇਸ ਤੋਂ ਵੀ ਗੰਭੀਰ ਹੈ। ਪੰਜਾਬ ਦੇ ਮਾਲਵਾ ਖਿੱਤੇ ਵਿਚੋਂ ਲਏ ਗਏ ਪਾਣੀ ਦੇ ਨਮੂਨਿਆਂ ਦੀਆਂ ਰਿਪੋਰਟਾਂ ਬਹੁਤ ਦਿਲ ਕੰਬਾਊ ਹਨ। ਭਾਬਾ ਆਟੋਮਿਕ ਸੈਂਟਰ ਨੇ ਪੰਜਾਬ ਦੀ ਧਰਤੀ ਹੇਠਲੇ ਪਾਣੀ ਵਿਚ ਯੂਰੇਨੀਅਮ ਦੀ ਮਾਤਰਾ ਦਾ ਪਤਾ ਕਰਨ ਲਈ ਬਠਿੰਡਾ, ਫਿਰੋਜ਼ਪੁਰ, ਫਰੀਦਕੋਟ, ਮਾਨਸਾ ਜਿਲ੍ਹਿਆਂ 'ਚੋਂ ਪਾਣੀ ਦੇ ਜਿਹੜੇ 1500 ਨਮੂਨੇ ਲਏ ਸਨ, ਉਨ੍ਹਾਂ ਦੀ ਜਾਂਚ ਰਿਪੋਰਟ ਹਾਈਕੋਰਟ ਵਿਚ ਪੇਸ਼ ਕੀਤੀ ਗਈ ਹੈ। ਰਿਪੋਰਟ ਮੁਤਾਬਿਕ ਪਾਣੀ ਦੇ 35 ਫੀਸਦੀ ਸੈਂਪਲਾਂ ਦਾ ਨਤੀਜਾ ਫੇਲ੍ਹ ਜਾਣੀ ਕਿ ਖਰਾਬ ਆਇਆ ਹੈ। ਇਸ ਰਿਪੋਰਟ ਮੁਤਾਬਿਕ ਪੰਜਾਬ ਦੇ ਦਸ ਹਜ਼ਾਰ ਤੋਂ ਵੱਧ ਪਿੰਡਾਂ ਵਿਚ ਧਰਤੀ ਹੇਠਲਾ ਪਾਣੀ ਪੀਣ ਯੋਗ ਹੀ ਨਹੀਂ ਰਿਹਾ ਹੈ। ਇਨ੍ਹਾਂ ਲੋਕਾਂ ਕੋਲ ਕੋਈ ਬਦਲਵਾਂ ਪ੍ਰਬੰਧ ਨਾ ਹੋਣ ਕਾਰਨ ਇਹ ਪ੍ਰਦੂਸ਼ਿਤ ਪਾਣੀ ਹੀ ਪੀ ਰਹੇ ਹਨ ਤੇ ਕੈਂਸਰ, ਕਾਲਾ ਪੀਲੀਆ ਤੇ ਗੁਰਦੇ ਫੇਲ੍ਹ ਹੋਣ ਵਰਗੀਆਂ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ।

ਪੰਜਾਬ ਦੇ ਪਾਣੀ ਨਾਲ ਜੁੜੀ ਇਸ ਮਾਰੂ ਕਹਾਣੀ ਦਾ ਇਕ ਹੋਰ ਖਤਰਨਾਕ ਪਹਿਲੂ ਵੀ ਹੈ। ਪੰਜਾਬ ਦੀ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਕਈ ਦਹਾਕਿਆਂ ਤੋਂ ਡਿੱਗਦਾ ਜਾ ਰਿਹਾ ਹੈ। ਇਹ ਹੁਣ ਖਤਰਨਾਕ ਪੱਧਰ ਉਤੇ ਜਾ ਪਹੁੰਚਾ ਹੈ ਤੇ ਇਸ ਖੇਤੀ ਪ੍ਰਧਾਨ ਸੂਬੇ ਦੇ ਅਗਲੇ ਸਮੇਂ ਵਿਚ ਰੇਗਿਸਤਾਨ ਬਣਨ ਦੀ ਭਵਿੱਖਬਾਣੀ ਹੋ ਰਹੀ ਹੈ। ਪਾਣੀ ਦੇ ਪੱਧਰ ਦਾ ਇਸ ਤਰ੍ਹਾਂ ਖਤਰਨਾਕ ਪੱਧਰ ਤਕ ਚਲੇ ਜਾਣਾ ਸਭ ਤੋਂ ਵੱਡੀ ਸਮੱਸਿਆ ਹੈ।

ਇਸ ਤਰ੍ਹਾਂ ਪੰਜਾਬ ਦੀ ਨਵੀਂ ਪੀੜ੍ਹੀ ਨਸ਼ਿਆਂ, ਬਿਮਾਰੀਆਂ ਤੇ ਕੁਦਰਤੀ ਕਰੋਪੀ ਦਾ ਸ਼ਿਕਾਰ ਹੋ ਕੇ ਬਰਬਾਦੀ ਦੀ ਕਗਾਰ ਉਤੇ ਜਾ ਖੜ੍ਹੀ ਹੈ। ਇਸ ਤੋਂ ਵੀ ਵੱਡੀ ਚਿੰਤਾ ਵਾਲੀ ਗੱਲ ਇਹ ਹੈ ਕਿ ਪੰਜਾਬ ਤੇ ਭਾਰਤ ਦੀ ਸਰਕਾਰ ਨੂੰ ਇਹਨਾਂ ਹਾਲਾਤ ਦੀ ਕੋਈ ਖਾਸ ਚਿੰਤਾ ਨਹੀਂ ਹੈ। ਹੰਗਾਮੀ ਹਾਲਾਤ ਵਾਲੀ ਕਿਸੇ ਸੰਜੀਦਾ ਕਾਰਵਾਈ ਦੀ ਅਣਹੋਂਦ ਦਿਖਾਈ ਦੇ ਰਹੀ ਹੈ।

ਅਸੀਂ ਆਪਣੀ ਜ਼ੁਬਾਨ ਪੜ੍ਹਨੀ ਤੇ ਲਿਖਣੀ ਛੱਡ ਰਹੇ ਹਾਂ, ਸੱਭਿਆਚਾਰਕ ਤੇ ਧਾਰਮਿਕ ਵਿਰਾਸਤਾਂ ਨੂੰ ਆਪਣੇ ਹੱਥੀਂ ਮਲੀਆਮੇਟ ਕਰ ਲਿਆ ਹੈ, ਆਪਣੀ ਧਰਤੀ ਅਤੇ ਪਾਣੀ ਤਕ ਜ਼ਹਿਰੀਲਾ ਕਰ ਲਿਆ ਹੈ। ਸਾਡੀ ਨਵੀਂ ਪੀੜ੍ਹੀ ਜਾਂ ਤਾਂ ਨਸ਼ਿਆਂ ਦੀ ਦਲਦਲ ਵਿਚ ਫਸ ਰਹੀ ਹੈ ਜਾਂ ਵਿਦੇਸ਼ ਉਡਾਰੀਆਂ ਮਾਰ ਰਹੀ ਹੈ। ਅਜਿਹੇ ਹਾਲਾਤ ਸਿਰਜ ਕੇ ਅਸੀਂ ਪੰਜਾਬ ਦੇ ਅਲਬੇਲੇ ਕਵੀ ਪ੍ਰੋ. ਪੂਰਨ ਸਿੰਘ ਦੀਆਂ ਇਨ੍ਹਾਂ ਸਤਰਾਂ ਕਿ "ਪੰਜਾਬ ਸਾਰਾ ਜਿਉਂਦਾ ਗੁਰਾਂ ਦੇ ਨਾਂ ਤੇ" ਨੂੰ ਝੁਠਲਾਉਣ ਦਾ ਕਾਰਜ ਕਰ ਰਹੇ ਹਾਂ।

ਕੀ ਇਹ ਮੰਨ ਲਿਆ ਜਾਵੇ ਕਿ ਸਾਡੀ ਨਸਲਕੁਸ਼ੀ ਹੋ ਚੁੱਕੀ ਹੈ, ਕੀ ਅਸੀਂ ਆਪਣੇ ਪੰਜਾਬ ਨੂੰ ਬਚਾਉਣ ਲਈ ਕੁਝ ਵੀ ਕਰਨ ਜੋਗੇ ਨਹੀਂ ਰਹਿ ਗਏ ? ਇਹ ਸਵਾਲ ਪੰਜਾਬ ਸਮੇਤ ਦੇਸ਼ਾਂ ਤੇ ਵਿਦੇਸ਼ਾਂ ਵਿਚ ਵਸਦੇ ਸਮੂਹ ਪੰਜਾਬੀਆਂ ਨੂੰ ਹਨ। ਸਰਕਾਰਾਂ ਜਾਂ ਬੇਗਾਨਿਆਂ ਨੇ ਨਹੀਂ, ਅਸੀਂ ਹੀ ਇਹਨਾਂ ਸਵਾਲਾਂ ਦੇ ਜਵਾਬ ਲੱਭਣੇ ਹਨ। ਕਿੰਨੇ ਹੀ ਛੋਟੇ-ਵੱਡੇ ਘੱਲੂਘਾਰਿਆਂ ਵਿਚੋਂ ਸਬੂਤੀ ਹੋ ਕੇ ਨਿਕਲੀ ਕੌਮ ਨੂੰ ਹੁਣ ਇਸ ਵੰਗਾਰ ਦਾ ਵੀ ਟਾਕਰਾ ਕਰਨਾ ਹੀ ਪਵੇਗਾ। ਸ਼ਾਇਦ ਪੰਥ ਤੇ ਪੰਜਾਬ ਵਾਸਤੇ ਆਪਸੀ ਵਿਚਾਰਕ ਮੱਤਭੇਦਾਂ ਨੂੰ ਕੁਝ ਸਮੇਂ ਲਈ ਇਕ ਪਾਸੇ ਰੱਖ ਕੇ, ਫਿਲਹਾਲ ਆਪਣੀ ਹੋਂਦ ਬਚਾਉਣ ਦੀ ਲੜਾਈ ਲੜਨ ਲਈ ਇਕਜੁੱਟ ਹੋਣਾ ਹੀ ਸਭ ਤੋਂ ਪਹਿਲਾ ਤੇ ਜ਼ਰੂਰੀ ਕੰਮ ਹੈ।

# ਪੰਜਾਬੀਆਂ ਨੂੰ ਜੋਸ਼ ਨਾਲ ਹੋਸ਼ ਦੀ ਵੀ ਲੋੜ



**ਰੌਲਾ ਇਹ ਪੈ ਰਿਹਾ ਹੈ ਕਿ 'ਪੰਜਾਬੀ ਗਾਇਕ ਗੁਰਦਾਸ ਮਾਨ ਨੇ ਰੇਡੀਓ ਇੰਟਰਵਿਊ ਵਿਚ ਹਿੰਦੀ ਬਾਰੇ ਕਿਹਾ ਕਿ 'ਇਹ ਸਾਰਿਆਂ ਨੂੰ ਬੋਲਣੀ ਚਾਹੀਦੀ ਹੈ। ਜੇ ਹਿੰਦੀ ਪੜ੍ਹਦੇ ਜਾਂ ਫਿਲਮਾਂ ਦੇਖਦੇ ਹਾਂ ਤਾਂ ਬੋਲਣ ਵਿਚ ਕੀ ਹਰਜ ਹੈ। ਜਦੋਂ ਜਰਮਨੀ ਵਿਚ ਸਾਰੇ ਜਰਮਨ ਬੋਲਦੇ ਹਨ ਅਤੇ ਫ਼ਰਾਂਸ ਵਿਚ ਸਾਰੇ ਫ਼ਰਾਂਸੀਸੀ ਤਾਂ ਹਿੰਦੋਸਤਾਨ ਵਿਚ ਹਿੰਦੀ ਕਿਉਂ ਨਹੀਂ।' ਬਦਕਿਸਮਤੀ ਨੂੰ ਇਹ ਬਿਆਨ ਉਦੋਂ ਆਇਆ ਹੈ ਜਦੋਂ 'ਹਿੰਦੂ-ਹਿੰਦੀ-ਹਿੰਦੋਸਤਾਨ' ਰਾਹੀਂ ਭਾਰਤ ਨੂੰ ਇਕਹਿਰੇ ਰੰਗ ਵਿਚ ਰੰਗਣ ਦਾ ਬੁਲਡੋਜ਼ਰ ਚੱਲ ਰਿਹਾ ਹੈ। ਅਮਿਤ ਸ਼ਾਹ ਨੇ ਹਿੰਦੀ ਨੂੰ ਸਾਰੇ ਭਾਰਤੀਆਂ ਨੂੰ ਪਹਿਲੀ ਭਾਸ਼ਾ ਵਜੋਂ ਵਰਤਣ ਦੀ ਤਾਕੀਦ ਕਰ ਦਿੱਤੀ (ਹਾਲਾਂਕਿ ਬਾਅਦ ਵਿਚ ਉਸ ਨੇ ਇਹ ਬਿਆਨ ਵਾਪਿਸ ਲੈ ਲਿਆ) ਅਤੇ ਪੰਜਾਬ ਵਿਚ ਇਕ ਹੋਰ ਲਿਖਾਰੀ ਇਸ ਦੀ ਤਾਕੀਦ ਕਰਦਾ ਫ਼ਤਵਾ, ਪੰਜਾਬੀ ਲੇਖਕ ਤੇਜਵੰਤ ਮਾਨ ਨੂੰ ਧਮਕੀ ਰਾਹੀਂ ਦਿੰਦਾ ਹੈ ਕਿ 'ਦੋ ਸਾਲ ਠਹਿਰੋ, ਫਿਰ ਦੱਸਾਂਗੇ।'**

**ਤਸਕੀਨ**
(ਸੰਪਰਕ : 98140-99426)



ਅੱਜ ਪੰਜਾਬ ਆਪਣਾ ਇਤਿਹਾਸ ਦੁਹਰਾਉਂਦਿਆਂ ਆਪਣੇ ਆਪ ਨਾਲ ਤੇ ਹਾਕਮ ਹਿੰਦੂਤਵੀ ਵਿਚਾਰਧਾਰਾ ਦੇ ਪੈਂਤੜਿਆਂ ਨਾਲ ਜੂਝ ਰਿਹਾ ਹੈ। ਭਾਰਤ ਨੂੰ ਹਰ ਪਾਸੇ ਇਕਹਿਰੇ ਰੰਗ ਵਿਚ ਰੰਗਣ ਵਾਲੀ ਇਸ ਵਿਚਾਰਧਾਰਾ ਨੂੰ ਪੰਜਾਬ ਚੁਣੌਤੀ ਦੇ ਰਿਹਾ ਹੈ। ਮਜ਼ਲੂਮ ਬਣਾ ਦਿੱਤੀ ਗਈ ਕਸ਼ਮੀਰੀ ਕੌਮ ਦੇ ਹੱਕਾਂ ਲਈ ਡਟਿਆ ਖੜ੍ਹਾ ਹੈ। ਆਪਣੀ ਵਿਰਾਸਤ ਦੇ ਵਿਸਥਾਰ ਲਈ ਇਸ ਵੇਲੇ ਪੰਜਾਬੀਆਂ ਅੰਦਰ ਪੂਰਾ ਜੋਸ਼ ਹੈ। ਜੋਸ਼ ਨਾਲ ਹੋਸ਼ ਜਾਂ ਬੌਧਿਕ ਅਗਵਾਈ ਦੀ ਵੱਧ ਲੋੜ ਹੁੰਦੀ ਹੈ। ਇਸ ਲਈ ਜੋਸ਼ ਦੇ ਨਾਲ ਨਾਲ ਹੋਸ਼/ਚਿੰਤਨ ਦੇ ਵਿਰਸੇ ਨੂੰ ਫਰੋਲਣਾ ਵੀ ਜ਼ਰੂਰੀ ਹੈ, ਕਿਉਂਕਿ ਹੋਸ਼ ਤੋਂ ਬਿਨਾ ਜੋਸ਼ ਨੇ ਪੰਜਾਬ ਨੂੰ ਲੰਮਾ ਸਮਾਂ ਸੰਕਟ ਭੋਗਣ ਦੇ ਰਾਹ ਪਾਇਆ ਅਤੇ ਉਹ ਹੱਕੀ ਸਿਆਸੀ ਲੜਾਈ ਨੂੰ ਵੀ ਬਹਿਕਦੇ ਰੋਹ ਵਿਚ ਰੋੜ੍ਹਦਾ ਗਿਆ।

ਪੰਜਾਬੀ ਸਦੀਆਂ ਤੋਂ ਬ੍ਰਾਹਮਣਵਾਦੀ ਵਿਚਾਰਧਾਰਾ ਨੂੰ ਟੱਕਰ ਦੇਣ ਵਾਲੀ ਕੌਮ ਹਨ, ਇਸੇ ਲਈ ਮਨੂ ਸਮਰਿਤੀ ਇਸ ਨੂੰ 'ਮਲੇਸ਼ ਦੇਸ਼' ਵਜੋਂ ਸੰਬੋਧਿਤ ਹੁੰਦੀ ਹੈ। ਬਾਬਾ ਨਾਨਕ ਨੇ ਇਸ ਵਿਚਾਰਾਧਾਰਾ ਨਾਲ ਟੱਕਰਨ ਵਾਲੀ ਬਾਣੀ ਦੀ ਰਚਨਾ ਕੀਤੀ ਅਤੇ ਸਥਾਪਤੀ ਵਿਰੁੱਧ ਨੀਚਾਂ ਨਾਲ ਖੜ੍ਹੇ ਹੋਣ ਦਾ ਚਿੰਤਨ ਪੰਜਾਬੀਅਤ ਦੀਆਂ ਰਗਾਂ ਵਿਚ ਖ਼ੂਨ ਬਣ ਕੇ ਦੌੜਦਾ ਰਿਹਾ। ਗੁਰੂ ਗੋਬਿੰਦ ਸਿੰਘ ਸਾਹਮਣੇ ਅਜਿਹੀ ਹਾਲਤ ਆ ਗਈ ਕਿ ਸਥਾਪਤੀ ਵਿਰੁੱਧ ਕੇਵਲ ਕਲਮ ਹੀ ਨਹੀਂ ਸਗੋਂ ਹਥਿਆਰਾਂ ਦੀ ਲੋੜ ਵੀ ਮਹਿਸੂਸ ਹੋਈ। ਹੋਸ਼ ਪਹਿਲਾਂ ਅਤੇ ਉਸ ਦੀ ਰਾਖੀ ਲਈ ਜੋਸ਼ ਦੀ ਲੋੜ ਨੇ ਪੰਜਾਬੀਅਤ ਨੂੰ ਨਵਾਂ ਹੁਲਾਰਾ ਦਿੱਤਾ। ਬਾਬਾ ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ, ਵਾਰਿਸ ਸ਼ਾਹ ਸਭ ਪੰਜਾਬੀਅਤ ਨੂੰ ਜੋਸ਼ ਨਾਲ ਹੋਸ਼ ਰਾਹੀਂ ਸਿੰਜਦੇ ਰਹੇ ਅਤੇ ਮੁੱਖਧਾਰਾ ਤੋਂ ਬੇਖੌਫ਼ ਉਸ ਖ਼ਿਲਾਫ਼ ਦਰਸ਼ਨ ਦਾ ਵਿਸਥਾਰ ਕਰਦੇ ਰਹੇ। ਉਨ੍ਹਾਂ ਦਾ ਚਿੰਤਨ ਸੰਸਾਰ ਨੂੰ ਸੰਬੋਧਨ ਕਰਦਾ ਹੈ, ਇਸੇ ਲਈ ਉਹ ਭਾਸ਼ਾਈ ਵਲਗਣਾਂ ਤੋਂ ਪਾਰ ਸਥਾਪਤੀ ਵਿਰੁੱਧ ਮਨੁੱਖ ਦੇ ਹੋਣ ਦੀ ਲੜਾਈ ਲੜਦੇ ਹਨ। ਭਗਤ ਸਿੰਘ ਨੇ ਬਸਤੀਵਾਦੀ+ਬੁਰਜੂਆ ਵਿਚਾਰਧਾਰਾ ਦੇ ਖਿਲਾਫ਼ ਜੋਸ਼ ਰਾਹੀਂ ਸਮਾਜਵਾਦੀ ਹੋਸ਼ (ਚਿੰਤਨ) ਨੂੰ ਅਗਲਾ ਵਿਸਥਾਰ ਦਿੱਤਾ; ਭਾਵ ਪੰਜਾਬੀਆਂ ਦਾ ਇਤਿਹਾਸ ਹਾਕਮ ਵਿਚਾਰਧਾਰਾ ਖ਼ਿਲਾਫ਼ ਜੋਸ਼ ਅਤੇ ਹੋਸ਼ ਨਾਲ ਟੱਕਰਨ ਦਾ ਇਤਿਹਾਸ ਬਣ ਕੇ ਮਜ਼ਲੂਮ ਨੂੰ ਤਾਕਤ ਦੇਣ ਦਾ ਇਤਿਹਾਸ ਹੈ ਅਤੇ ਅੱਜ ਨਵੇਂ ਮੋੜ 'ਤੇ ਪਹੁੰਚਦਿਆਂ ਹਿੰਦੂਤਵ ਦੇ ਵਿਕਰਾਲ ਸੰਸਾਰ ਨਾਲ ਟੱਕਰਨ ਦੇ ਦੌਰ ਵਿਚੋਂ ਲੰਘ ਰਿਹਾ ਹੈ। ਪੰਜਾਬ ਇਸ ਨੂੰ ਹਰ ਪੱਧਰ ਤੇ ਟੱਕਰ ਦੇਣ ਦੀ ਕੋਸ਼ਿਸ਼ 'ਚ ਹੈ।

ਰੌਲਾ ਇਹ ਪੈ ਰਿਹਾ ਹੈ ਕਿ 'ਪੰਜਾਬੀ ਗਾਇਕ ਗੁਰਦਾਸ ਮਾਨ ਨੇ ਰੇਡੀਓ ਇੰਟਰਵਿਊ ਵਿਚ ਹਿੰਦੀ ਬਾਰੇ ਕਿਹਾ ਕਿ 'ਇਹ ਸਾਰਿਆਂ ਨੂੰ ਬੋਲਣੀ ਚਾਹੀਦੀ ਹੈ। ਜੇ ਹਿੰਦੀ ਪੜ੍ਹਦੇ ਜਾਂ ਫਿਲਮਾਂ ਦੇਖਦੇ ਹਾਂ ਤਾਂ ਬੋਲਣ ਵਿਚ ਕੀ ਹਰਜ ਹੈ। ਜਦੋਂ ਜਰਮਨੀ ਵਿਚ ਸਾਰੇ ਜਰਮਨ ਬੋਲਦੇ ਹਨ ਅਤੇ ਫ਼ਰਾਂਸ ਵਿਚ ਸਾਰੇ ਫ਼ਰਾਂਸੀਸੀ ਤਾਂ ਹਿੰਦੋਸਤਾਨ ਵਿਚ ਹਿੰਦੀ ਕਿਉਂ ਨਹੀਂ।' ਬਦਕਿਸਮਤੀ ਨੂੰ ਇਹ ਬਿਆਨ ਉਦੋਂ ਆਇਆ ਹੈ ਜਦੋਂ 'ਹਿੰਦੂ-ਹਿੰਦੀ-ਹਿੰਦੋਸਤਾਨ' ਰਾਹੀਂ ਭਾਰਤ ਨੂੰ ਇਕਹਿਰੇ ਰੰਗ ਵਿਚ ਰੰਗਣ ਦਾ ਬੁਲਡੋਜ਼ਰ ਚੱਲ ਰਿਹਾ ਹੈ। ਅਮਿਤ ਸ਼ਾਹ ਨੇ ਹਿੰਦੀ ਨੂੰ ਸਾਰੇ ਭਾਰਤੀਆਂ ਨੂੰ ਪਹਿਲੀ ਭਾਸ਼ਾ ਵਜੋਂ ਵਰਤਣ ਦੀ ਤਾਕੀਦ ਕਰ ਦਿੱਤੀ (ਹਾਲਾਂਕਿ ਬਾਅਦ ਵਿਚ ਉਸ ਨੇ ਇਹ ਬਿਆਨ ਵਾਪਿਸ ਲੈ ਲਿਆ) ਅਤੇ ਪੰਜਾਬ ਵਿਚ ਇਕ ਹੋਰ ਲਿਖਾਰੀ ਇਸ ਦੀ ਤਾਕੀਦ ਕਰਦਾ ਫ਼ਤਵਾ, ਪੰਜਾਬੀ ਲੇਖਕ ਤੇਜਵੰਤ ਮਾਨ ਨੂੰ ਧਮਕੀ ਰਾਹੀਂ ਦਿੰਦਾ ਹੈ ਕਿ 'ਦੋ ਸਾਲ ਠਹਿਰੋ, ਫਿਰ ਦੱਸਾਂਗੇ।'

ਅਜਿਹੇ ਮਾਹੌਲ ਵਿਚ ਪੰਜਾਬੀ ਅਤੇ ਪੰਜਾਬੀਅਤ ਨੂੰ ਮਿਲ ਰਹੀ ਚੁਣੌਤੀ ਦੇ ਐਨ ਮੌਕੇ ਗੁਰਦਾਸ ਮਾਨ ਦਾ ਬਿਆਨ ਪੰਜਾਬੀ ਦੇ ਪਰਵਾਨਿਆਂ ਲਈ ਰੋਹ ਦਾ ਕਾਰਨ ਬਣਿਆ ਹੋਇਆ ਹੈ। ਇਹ ਮੌਕਾ ਮੇਲ ਹੀ ਇਸ ਰੋਹ ਦਾ ਮੁੱਖ ਕਾਰਨ ਹੈ। ਦੁਨੀਆ ਵਿਚ ਥਾਂ ਥਾਂ ਉਸ ਖ਼ਿਲਾਫ਼ ਵਿਖਾਵੇ ਹੋ ਰਹੇ ਹਨ ਅਤੇ ਸੋਸ਼ਲ ਮੀਡੀਆ ਉੱਪਰ ਵੀ ਉਸ ਵਿਰੁੱਧ ਹਨੇਰੀ ਝੁੱਲ ਰਹੀ ਹੈ। ਉਸ ਖ਼ਿਲਾਫ਼ ਅਜਿਹੀ ਸ਼ਬਦਾਵਲੀ ਵਰਤੀ ਜਾ ਰਹੀ ਹੈ ਜੋ ਸੱਭਿਅਕ ਸਮਾਜ ਨੂੰ ਸੋਭਾ ਨਹੀਂ ਦਿੰਦੀ। ਉਸ ਦੇ ਵਿਚਾਰਾਂ ਨਾਲ ਸੰਵਾਦ ਰਾਹੀਂ ਵਿਰੋਧ ਜਿਤਾਇਆ ਜਾ ਸਕਦਾ ਹੈ, ਕਿਉਂਕਿ ਉਸ ਦੀਆਂ ਹਿੰਦੀ ਦੇ ਹੱਕ ਵਿਚ ਦਲੀਲਾਂ ਬਹੁਤ ਕਮਜ਼ੋਰ ਅਤੇ ਇਤਿਹਾਸ ਵਿਰੋਧੀ ਹਨ, ਹਾਲਾਂਕਿ ਉਸ ਨੇ ਹਿੰਦੀ ਦੀ ਬਜਾਏ ਹਿੰਦੋਸਤਾਨੀ ਭਾਸ਼ਾ ਦੀ ਵਕਾਲਤ ਕੀਤੀ ਜੋ ਪਹਿਲਾਂ ਬੌਲੀਵੁੱਡ ਦੀ ਭਾਸ਼ਾ ਹੈ ਅਤੇ ਉਹ ਵੀ ਦੱਖਣ ਦੇ ਪ੍ਰਸੰਗ ਵਿਚ। ਉਸ ਨੇ ਹਿੰਦੋਸਤਾਨੀ ਨੂੰ ਮਾਂ ਨਹੀਂ, ਮਾਸੀ ਕਿਹਾ ਹੈ ਅਤੇ ਕਦੇ ਪੰਜਾਬੀਆਂ ਦੀ ਇਹ ਮਾਸੀ ਫ਼ਾਰਸੀ ਅਤੇ ਉਰਦੂ ਵੀ ਰਹੀਆਂ ਹਨ। ਗੁਰਦਾਸ ਮਾਨ ਦੀ ਸਮੁੱਚੀ ਹੋਂਦ ਅਤੇ ਪੰਜਾਬੀ ਜ਼ਬਾਨ, ਸੱਭਿਆਚਾਰ ਅਤੇ ਸਮਾਜ 'ਚ ਪਾਏ ਉਸ ਦੇ ਯੋਗਦਾਨ ਨੂੰ ਇੱਕ ਵਾਢਿਉਂ ਰੱਦ ਕਰਨਾ ਅਕ੍ਰਿਤਘਣਤਾ ਹੋਏਗੀ। ਪੰਜਾਬੀ ਸਮਾਜ ਅਜਿਹਾ ਨਹੀਂ ਕਰ ਸਕਦਾ। ਪੰਜਾਬੀਆਂ ਦਾ ਅਜਿਹੇ ਬਿਆਨ 'ਤੇ ਗੁੱਸਾ ਕਰਨਾ ਜਾਇਜ਼ ਹੋ ਸਕਦਾ ਹੈ ਅਤੇ ਜੋਸ਼ 'ਚ ਆਉਣਾ ਵੀ ਜਾਇਜ਼ ਹੈ, ਮਗਰ ਹੋਸ਼ ਦੇ ਮੰਤਰ ਤੋਂ ਬਿਨਾ ਜੋਸ਼ ਗਲਤ ਲੀਹੇ ਚੜ੍ਹ ਜਾਂਦਾ ਹੈ।

ਗੁਰਦਾਸ ਮਾਨ ਨਾਲ ਸੰਵਾਦ ਰਚਾਉਣ ਲਈ ਥੋੜ੍ਹਾ ਇਤਿਹਾਸ ਵੱਲ ਮੁੜਨਾ ਪਵੇਗਾ। ਪੰਜਾਬੀਆਂ ਕੋਲ ਹਮੇਸ਼ਾ ਇਕ ਸੰਪਰਕ ਭਾਸ਼ਾ ਰਹੀ ਹੈ ਜੋ ਉਸ ਨੂੰ ਪੂਰੇ ਭਾਰਤ ਜਾਂ ਸੰਸਾਰ ਨਾਲ ਜੋੜਦੀ ਰਹੀ ਹੈ। ਮਾਨ ਖੁਦ ਕਹਿੰਦਾ ਹੈ, ਹਰ ਭਾਸ਼ਾ ਸਿੱਖੋ, ਸਿੱਖਣੀ ਵੀ ਚਾਹੀਦੀ ਪਰ ਪੱਕੀ ਵੇਖ ਕੇ ਕੱਚੀ ਨਹੀਂ ਢਾਈਦੀ। ਉਹ ਪੰਜਾਬੀ ਨੂੰ ਦੇਸ਼ ਦੀ 'ਰਕਾਨ' ਕਹਿਣ ਵਾਲਾ ਲੇਖਕ ਹੈ। ਜਿਸ ਨੂੰ ਰਕਾਨ ਦੇ ਅਰਥ ਨਹੀਂ ਪਤਾ, ਉਹ ਮਾਨ ਨੂੰ ਨਹੀਂ ਸਮਝ ਸਕਦਾ। ਭਾਰਤ ਵਿਚ ਲਿਖੀ ਜਾਣ ਵਾਲੀ ਕਿਤਾਬੀ ਹਿੰਦੀ ਹਿੰਦੋਸਤਾਨ ਦੇ ਕਿਸੇ ਵੀ ਖਿੱਤੇ ਦੀ ਭਾਸ਼ਾ ਨਹੀਂ। ਇਹ ਹਿੰਦੂਤਵ ਦੀ ਸਿਆਸਤ ਵਿਚੋਂ ਕੱਲ੍ਹ ਜੰਮੀ ਭਾਸ਼ਾ ਹੈ। ਫ਼ਿਲਮਾਂ ਦੀ ਭਾਸ਼ਾ ਹਿੰਦੀ ਨਹੀਂ, ਉਹ ਹਿੰਦੋਸਤਾਨੀ ਜਾਂ ਹਿੰਦਵੀ ਹੈ ਜੋ ਕਈ ਸਦੀਆਂ ਤੋਂ ਮੌਜੂਦ ਸੀ ਤੇ ਅੱਜ ਵੀ ਭਾਰਤ ਦੇ ਬਹੁਤ ਸਾਰੇ ਲੋਕ ਇਸ ਨੂੰ ਬੋਲ ਜਾਂ ਸਮਝ ਲੈਂਦੇ ਹਨ ਪਰ ਲਿਖੀ ਜਾਂ ਪੜ੍ਹੀ ਜਾਣ ਵਾਲੀ ਹਿੰਦੀ ਨੂੰ ਹਿੰਦੀ ਖੇਤਰ ਦੇ ਪੜ੍ਹੇ ਲੋਕ ਹੀ ਲਿਖ ਪੜ੍ਹ ਸਮਝ ਸਕਦੇ ਹਨ। ਮਾਨ ਦਾ ਜਰਮਨ ਦੀ ਭਾਸ਼ਾ ਜਰਮਨੀ ਅਤੇ ਫ਼ਰਾਂਸ ਦੀ ਭਾਸ਼ਾ ਫ਼ਰਾਂਸੀਸੀ ਵਾਲਾ ਨੁਕਤਾ ਯੂਰੋਪੀਅਨ ਇਤਿਹਾਸ ਬਾਰੇ ਨਾਸਮਝੀ ਵਿਚੋਂ ਪੈਦਾ ਹੋਇਆ ਹੈ। ਆਧੁਨਿਕ ਯੂਰੋਪ ਵਿਚ ਪੈਦਾ ਹੋਏ ਕੌਮੀਅਤ ਦੇ ਸਿਧਾਂਤ 'ਤੇ ਲੰਮੀ ਚੌੜੀ ਚਰਚਾ ਯੂਰੋਪ ਦੀਆਂ ਲਾਇਬਰੇਰੀਆਂ ਦੀ ਜ਼ੀਨਤ ਹੈ। ਜੂਲੀਅਸ ਸੀਜ਼ਰ ਨੇ ਲੋਅਰ ਜਰਮਨ ਦੇ ਕਬੀਲਿਆਂ ਨੂੰ ਹਰਾ ਕੇ ਇਸ ਨੂੰ ਰੋਮਨ ਸਾਮਰਾਜ ਦਾ ਹਿੱਸਾ ਬਣਾ ਲਿਆ। ਇਹ ਚਾਰ ਕਬੀਲਿਆਂ ਜਰਮਨ, ਗਾਲ, ਇੰਗਲਿਸ਼ ਅਤੇ ਬੈਲਜੀਅਸ ਦਾ ਸਮੂਹ ਸੀ ਜਿਨ੍ਹਾਂ ਦੀ ਵੱਖ ਵੱਖ ਭਾਸ਼ਾ ਸੀ। ਰੋਮਨ ਸਾਮਰਾਜ ਦਾ ਉਪਰਲਾ ਵਰਗ ਲੈਟਿਨ ਬੋਲਦਾ ਸੀ, ਜਿਵੇਂ ਸਾਡੇ ਫ਼ਾਰਸੀ ਬੋਲੀ ਜਾਂਦੀ ਸੀ। ਇਨ੍ਹਾਂ ਕਬੀਲਿਆਂ ਦੀ ਜਨਤਾ ਆਪੋ-ਆਪਣੀ ਭਾਸ਼ਾ ਬੋਲਦੀ ਸੀ। ਇਸ ਆਮ ਜਨਤਾ ਨਾਲ ਉਪਰਲੇ ਵਰਗ ਨੂੰ ਸਥਾਨਕ ਸੰਪਰਕ ਭਾਸ਼ਾ ਸਿੱਖਣੀ ਪੈਂਦੀ, ਜਿਵੇਂ ਫ਼ਾਰਸੀਦਾਨਾਂ ਨੂੰ ਪੰਜਾਬੀ, ਗੁਜਰਾਤੀ, ਮਰਾਠੀ, ਬੰਗਾਲੀ ਆਦਿ। ਜਿਵੇਂ ਜਰਮਨੀ, ਫ਼ਰਾਂਸੀਸੀ, ਇੰਗਲਿਸ਼ ਕੌਮਾਂ ਆਧੁਨਿਕ ਯੁੱਗ ਦੀ ਦੇਣ ਹਨ ਅਤੇ ਉਨ੍ਹਾਂ ਦੀ ਇਕ ਕੌਮੀ ਭਾਸ਼ਾ ਹੈ, ਹਿੰਦੋਸਤਾਨ ਉਸ ਤਰ੍ਹਾਂ ਦਾ ਇਕ ਕੌਮੀ ਦੇਸ਼ ਨਹੀਂ। ਇਹ ਅਜਿਹੇ ਭੂਗੋਲਿਕ ਖਿੱਤੇ ਵਿਚ ਬੱਝਾ ਬਹੁਕੌਮੀ ਦੇਸ਼ ਹੈ ਜਿੱਥੇ ਪੰਜਾਬੀ, ਬੰਗਾਲੀ, ਮਰਾਠੀ, ਕਸ਼ਮੀਰੀ, ਤਮਿਲ, ਗੁਜਰਾਤੀ ਆਦਿ ਵੱਖ ਵੱਖ ਕੌਮਾਂ ਹਨ ਅਤੇ ਵੱਖ ਵੱਖ ਉਨ੍ਹਾਂ ਦੀ ਬੋਲੀ ਹੈ। ਸੰਪਰਕ ਭਾਸ਼ਾ ਹੋਣੀ ਚਾਹੀਦੀ ਪਰ ਹਿੰਦੀ ਹੀ ਕਿਉਂ ? ਕਿਉਂਕਿ ਰਾਜ ਹਿੰਦੂਵਾਦੀ ਵਿਚਾਰਾਂ ਦੇ ਹੱਥ ਵਿਚ ਹੈ ਅਤੇ ਉਹ ਭਾਰਤ ਦੇ ਸੰਘੀ ਢਾਂਚੇ ਦੀ ਬਹੁਕੌਮੀ ਸੱਭਿਆਚਾਰਕ ਖ਼ੂਬਸੂਰਤੀ ਨੂੰ ਇਕੋ ਹਿਦੂਤਵੀ ਰੰਗ ਵਿਚ ਡੋਬਣ ਲਈ ਦ੍ਰਿੜ ਹਨ।

ਆਜ਼ਾਦੀ ਦਾ ਸੰਘਰਸ਼ ਆਜ਼ਾਦੀ ਦੇ ਨਾਲ ਨਾਲ ਫ਼ਿਰਕੂ ਰੰਗ ਗੂੜ੍ਹਾ ਕਰਨ ਦਾ ਇਤਿਹਾਸ ਵੀ ਹੈ। ਸਾਵਰਕਰ ਦੇ ਦੋ ਕੌਮਾਂ ਦੇ ਸਿਧਾਂਤ ਵਿਚੋਂ ਪਾਕਿਸਤਾਨ ਨੇ ਜਨਮ ਲਿਆ ਪਰ ਮਸਲਾ ਉੱਥੇ

ਬਾਕੀ ਸਫ਼ਾ 33 'ਤੇ

# ਕਰਤਾਰਪੁਰ ਲਾਂਘੇ ਦੇ ਸੰਦਰਭ ’ਚ ਭਾਰਤ-ਪਾਕਿ ਸਬੰਧਾਂ ਦਾ ਭਵਿੱਖ

**ਜਸਵੀਰ ਸਿੰਘ**

ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਵਾਪਸ ਲਏ ਜਾਣ ਤੋਂ ਪਿਛੋਂ ਇਸ ਮੁੱਦੇ ‘ਤੇ ਭਾਰਤ ਅਤੇ ਪਾਕਿਸਤਾਨ ਦੇ ਵਿਚਕਾਰ ਚਲ ਰਹੇ ਫੌਜੀ ਤਣਾਅ ਅਤੇ ਇਥੋਂ ਤੱਕ ਕਿ ਪ੍ਰਮਾਣੂ ਜੰਗ ਦੀਆਂ ਧਮਕੀਆਂ ਅਤੇ ਪ੍ਰਤੀ ਧਮਕੀਆਂ ਦੇ ਬਾਵਜੂਦ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਭਾਰਤ ਅਤੇ ਪਾਕਿਸਤਾਨ ਵਿਚਾਲੇ ਖੁਲ੍ਹਣ ਵਾਲੇ ਲਾਂਘੇ ਲਈ ਹਾਲ ਦੀ ਘੜੀ ਕੋਈ ਅੜਿੱਕਾ ਬਣਦਾ ਵਿਖਾਈ ਨਹੀਂ ਦੇ ਰਿਹਾ। ਇਸ ਮਾਮਲੇ ਵਿਚ ਤਾਂ ਲਗਦਾ ਇਉਂ ਹੈ ਕਿ ਦੋਨੋਂ ਮੁਲਕ ਇਕ ਦੂਜੇ ਤੋਂ ਅੱਗੇ ਲੰਘਣ ਦਾ ਯਤਨ ਕਰ ਰਹੇ ਹਨ। ਇਹ ਠੀਕ ਹੈ ਕਿ ਨਵਜੋਤ ਸਿੰਘ ਸਿੱਧੂ ਰਾਹੀਂ ਕਰਤਾਰਪੁਰ ਲਾਂਘੇ ਦੇ ਮਾਮਲੇ ਨੂੰ ਅੱਗੇ ਵਧਾ ਕੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਪਹਿਲਕਦਮੀਂ ਆਪਣੇ ਹੱਥ ਲੈਣ ਦਾ ਯਤਨ ਕੀਤਾ ਸੀ ਪਰ ਭਾਰਤੀ ਮੀਡੀਏ ਦੇ ਵੱਡੇ ਹਿੱਸੇ ਦੀ ਨਰਾਜ਼ਗੀ ਦੇ ਬਾਵਜੂਦ ਭਾਰਤ ਸਰਕਾਰ ਕਦਮ-ਬਾ-ਕਦਮ ਅੱਗੇ ਵਧਦੀ ਗਈ।

ਭਾਵੇਂ ਕਿ ਦੋਨੋਂ ਮੁਲਕ ਕਰਤਾਰਪੁਰ ਸਾਹਿਬ ਲਈ ਸਿੱਖ ਸ਼ਰਧਾਲੂਆਂ ਦੀ ਵੀਜ਼ਾ ਫਰੀ ਆਵਾਜਾਈ ਦੇ ਹੱਕ ਵਿਚ ਹਨ ਪਰ ਪਾਕਿਸਤਾਨ ਨੇ ਹਰ ਇਕ ਇੰਟਰੀ ‘ਤੇ 20 ਡਾਲਰ ਵਸੂਲ ਕਰਨ ਦੀ ਗੱਲ ਕਹੀ ਹੈ। ਇਧਰ ਭਾਰਤ ਨੇ ਕਿਹਾ ਹੈ ਕਿ ਕਰਤਾਰਪੁਰ ਲਾਂਘੇ ਦਾ ਕੰਮ 31 ਅਕਤੂਬਰ ਤੋਂ ਪਹਿਲਾਂ ਪੂਰਾ ਕਰ ਲਿਆ ਜਾਵੇਗਾ, ਜਦਕਿ ਪਾਕਿਸਤਾਨ ਨੇ 9 ਨਵੰਬਰ ਨੂੰ ਇਹ ਲਾਂਘਾ ਖੋਲ੍ਹਣ ਦੀ ਗੱਲ ਆਖੀ ਹੈ। ਸਰਹੱਦ ਦੇ ਪਰਲੇ ਪਾਰ ਚੱਲ ਰਹੇ ਲਾਂਘਾ ਉਸਾਰੀ ਕਾਰਜਾਂ ਦੇ ਪ੍ਰੋਜੈਕਟ ਡਰਾਇਕਟਰ ਆਤਿਫ ਮਾਜਿਦ ਨੇ ਬੀਤੇ ਦਿਨੀਂ ਦੱਸਿਆ ਕਿ ਉਨ੍ਹਾਂ ਵਾਲੇ ਪਾਸੇ ਲਾਂਘੇ ਦੀ ਉਸਾਰੀ ਦਾ 86 ਫੀਸਦੀ ਕੰਮ ਹੋ ਚੁੱਕਾ ਹੈ ਅਤੇ ਇਹ 9 ਨਵੰਬਰ ਨੂੰ ਸ਼ਰਧਾਲੂਆਂ ਲਈ ਖੋਲ੍ਹ ਦਿੱਤਾ ਜਾਵੇਗਾ। ਇਧਰ ਭਾਰਤੀ ਲੈਂਡ ਪੋਰਟ ਅਥਾਰਟੀ ਦੇ ਚੇਅਰਮੈਨ ਗੋਵਿੰਦ ਮੋਹਨ ਨੇ ਇਸ ਦੌਰਾਨ ਲਾਂਘੇ ਦੀ ਉਸਾਰੀ ਲਈ ਚੱਲ ਰਹੇ ਕੰਮ ਨੂੰ ਵੇਖਦਿਆਂ ਕਿਹਾ ਕਿ 70 ਫੀਸਦੀ ਕੰਮ ਪੂਰਾ ਹੋ ਚੁੱਕਾ ਹੈ ਅਤੇ ਬਾਕਾਇਆ ਉਸਾਰੀ ਕਾਰਜ ਤੇਜ਼ੀ ਨਾਲ ਜਾਰੀ ਹਨ। ਭਾਰਤੀ ਅਧਿਕਾਰੀ ਨੇ ਕਿਹਾ ਕਿ 31 ਅਕਤੂਬਰ ਤੱਕ ਸਾਰਾ ਕੰਮ ਪੂਰਾ ਕਰ ਲਿਆ ਜਾਵੇਗਾ।

ਸਪੱਸ਼ਟ ਹੈ ਕਿ ਆਪਸੀ ਕਸ਼ੀਦਗੀ ਦੇ ਬਾਵਜੂਦ ਗੁਰੂ ਨਾਨਕ ਸਾਹਿਬ ਦੇ 550ਵੇਂ ਗੁਰਪੁਰਬ ਤੋਂ ਪਹਿਲਾਂ ਕਰਤਾਰਪੁਰ ਲਾਂਘਾ ਖੁੱਲ੍ਹਣਾ ਲਗਪਗ ਯਕੀਨੀ ਜਾਪਦਾ ਹੈ। ਭਾਰਤ ਅਤੇ ਪਾਕਿਸਤਾਨ ਦੇ ਆਪਸੀ ਸਬੰਧਾਂ ਅਤੇ ਪ੍ਰਾਂਪਰਿਕ (ਹਿੰਦੂ-ਮੁਸਲਿਮ) ਕੁੜੱਤਣ ਦੀ ਸਿਖ਼ਰ ਦੇ ਬਾਵਜੂਦ ਇਸ ਲਾਂਘੇ ਦਾ ਖੁੱਲ੍ਹਣਾ ਕੀ ਇਕ ਕ੍ਰਿਸ਼ਮਾ ਨਹੀਂ ਲਗਦਾ? ਨਿਰਸੰਦੇਹ ਇਹ ਕ੍ਰਿਸ਼ਮੇ ਤੋਂ ਘੱਟ ਨਹੀਂ।

ਇਹ ਠੀਕ ਹੈ ਕਿ ਚਲਦੀਆਂ ਜੰਗਾਂ ਦੇ ਬਾਵਜੂਦ ਸ਼ਾਂਤੀ ਸਮਝੌਤਿਆਂ ਲਈ ਮੁਲਕਾਂ ਵਿਚਾਲੇ ਬੈਕਡੋਰ ਡਿਪਲੋਮੇਸੀ ਚਲਦੀ ਰਹਿੰਦੀ ਹੈ ਅਤੇ ਕਈ ਤਰ੍ਹਾਂ ਦੇ ਅੰਤਰਾਸ਼ਟਰੀ ਦਬਾਅ ਵੀ ਆਪਣਾ ਅਸਰ ਵਿਖਾਉਂਦੇ ਹਨ। ਸਿੱਖਾਂ ਦਾ ਭਾਰਤ ਵਿਚ ਇਕ ਮਹੱਤਵਪੂਰਨ ਧਾਰਮਿਕ ਘੱਟਗਿਣਤੀ ਹੋਣਾ ਅਤੇ ਲੰਮੇ ਸਮੇਂ ਤੱਕ ਕੇਂਦਰ ਸਰਕਾਰ ਨਾਲ ਟਕਰਾ ਵਿਚ ਰਹਿਣਾ ਅਤੇ ਸਿੱਖ ਧਰਮ ਨਾਲ ਸਬੰਧਤ ਲੋਕਾਈ ਦਾ ਅੰਤਰਰਾਸ਼ਟਰੀ ਫੈਲਾਅ ਵੀ ਇਸ ਕ੍ਰਿਸ਼ਮਾਈ ਘਟਨਾਕਰਮ ਦੇ ਕਾਰਨ ਹੋ ਸਕਦੇ ਹਨ ਪਰ ਸਭ ਤੋਂ ਵੱਡਾ ਕਾਰਨ ਗੁਰੂ ਨਾਨਕ ਸਾਹਿਬ ਦੀ ਸਮੁੱਚੀ ਮਨੁੱਖ ਜਾਤੀ ਪ੍ਰਤੀ ਉਹ ਪਹੁੰਚ ਜਾਪਦੀ ਹੈ ਜਿਸ ਤਹਿਤ ਗੁਰੂ ਬਾਬਾ ਜੀ “ਨਾ ਕੋ ਹਿੰਦੂ ਨਾ ਮੁਸਲਮਾਨ” ਜਿਹੀ ਵਿਚਾਰਕ ਧਾਰਨਾ ਅਪਣਾਉਂਦੇ ਹਨ। ਸਾਰੀ ਮਨੁੱਖਤਾ ਨੂੰ ਬਰਾਬਰ ਰੱਖ ਕੇ ਵੇਖਦੇ ਹਨ ਅਤੇ ਵੱਖ ਵੱਖ ਧਰਮਾਂ ਨੂੰ ਇਕ ਸਹਿਹੋਂਦ ਭਰਪੂਰ ਵਿਸ਼ਵ ਸਿਰਜਣ ਲਈ ਪ੍ਰੇਰਦੇ ਹਨ।



ਯਾਦ ਰੱਖਣਯੋਗ ਗੱਲ ਇਹ ਹੈ ਕਿ ਕਰਤਾਰਪੁਰ ਲਾਂਘਾ ਸਿਰਫ ਇਕ ਫਿਜ਼ੀਕਲ ਲਾਂਘਾ ਨਹੀਂ ਹੋਏਗਾ ਸਗੋਂ ਇਹ ਦੋ ਧਰਮ ਅਧਾਰਤ ਸਭਿਅਤਾਵਾਂ ਵਿਚਕਾਰ ਇਕ ਪੁਲ ਬਣੇਗਾ, ਜਿਹੜੀਆਂ ਸਦੀਆਂ ਤੋਂ ਖਹਿੰਦੀਆਂ ਆ ਰਹੀਆਂ ਹਨ। ਸਦੀਆਂ ਤੋਂ ਚਲੀ ਆ ਰਹੀ ਇਹ ਹਿੰਦੂ-ਮੁਸਲਿਮ ਖਹਿਬਾਜੀ ਹੀ ਹੈ ਜਿਹੜੀ ਸੰਨ 1947 ਤੋਂ ਬਾਅਦ ਇਕ ਸਰਹੱਦੀ ਅਤੇ ਫੌਜੀ ਕਲੇਸ਼ ਵਿਚ ਵਟ ਗਈ ਹੈ। ਇਹ ਕਲੇਸ਼ ਹਾਲ ਹੀ ਵਿਚ ਕਸ਼ਮੀਰ ਵਿਚ ਵਾਪਰੀਆਂ ਘਟਨਾਵਾਂ ਤੋਂ ਬਾਅਦ ਆਪਣੇ ਸਿਖ਼ਰ ਨੂੰ ਪਹੁੰਚ ਰਿਹਾ ਹੈ। ਪਰ ਨਾਲ-ਨਾਲ ਚੱਲ ਰਿਹਾ ਕਰਤਾਰਪੁਰ ਲਾਂਘੇ ਦਾ ਵਰਤਾਰਾ ਇਸ ਤਣਾਅ ਨੂੰ ਖਾਰਜ ਕਰ ਰਿਹਾ ਪ੍ਰਤੀਤ ਹੁੰਦਾ। ਅਜਿਹਾ ਇਸ ਖਿੱਤੇ ਵਿਚ ਵੱਸਦਾ ਹਰ ਸੰਵੇਦਨਸ਼ੀਲ ਮਨੁੱਖ ਮਹਿਸੂਸ ਕਰਦਾ ਹੈ।

ਗੁਰਦੁਆਰਾ ਕਰਤਾਰਪੁਰ ਸਾਹਿਬ ਡੇਰਾ ਬਾਬਾ ਨਾਨਕ ਦੇ ਨਾਲ ਲਗਦੀ ਭਾਰਤ-ਪਾਕਿ ਸਰਹੱਦ ਤੋਂ ਥੋੜੀ ਦੂਰੀ ‘ਤੇ ਸਥਿਤ ਹੈ। ਤੇਜ਼ ਨਜ਼ਰ ਵਾਲੇ ਵਿਅਕਤੀ ਨੰਗੀ ਅੱਖ ਨਾਲ ਵੀ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰ ਸਕਦੇ ਹਨ। ਉਂਝ ਇਥੋਂ ਦੂਰਬੀਨ ਰਾਹੀਂ ਸਿੱਖ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਵਾਏ ਜਾਂਦੇ ਹਨ। ਇਥੇ ਹੀ ਮਰਹੂਮ ਅਕਾਲੀ ਆਗੂ

**ਕਰਤਾਰਪੁਰ ਲਾਂਘੇ ਦੇ ਸ਼ੁਰੂ ਹੋਣ ਨਾਲ ਡੇਰਾ ਬਾਬਾ ਨਾਨਕ ਨੇ ਇਕ ਤਰ੍ਹਾਂ ਨਾਲ ਸਿੱਖ ਧਰਮ ਨਾਲ ਸਬੰਧਤ ਇਤਿਹਾਸਕ ਸਥਾਨ ਵਜੋਂ ਅੰਤਰਾਸ਼ਟਰੀ ਨਕਸ਼ੇ ’ਤੇ ਆ ਜਾਣਾ ਹੈ। ਇਸ ਨਾਲ ਸਥਾਨਕ ਲੋਕਾਂ ਦੀ ਆਰਥਿਕਤਾ ਅਤੇ ਕਾਰੋਬਾਰ ਵੀ ਸੁਧਰੇਗਾ।**

ਸ. ਕੁਲਦੀਪ ਸਿੰਘ ਵਡਾਲਾ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਕਈ ਵਰ੍ਹੇ ਤੱਕ ਲਗਾਤਾਰ ਕਰਤਾਰਪੁਰ ਲਾਂਘਾ ਖੋਲ੍ਹੇ ਜਾਣ ਲਈ ਵਾਹਿਗੁਰੂ ਪਾਸ ਅਰਦਾਸ ਕਰਦੇ ਰਹੇ ਹਨ। ਹੁਣ ਜਦੋਂ ਇਹ ਅੰਤਰ-ਕੌਮੀ ਲਾਂਘਾ ਬਣ ਰਿਹਾ ਹੈ ਤਾਂ ਉਹ ਇਸ ਸੰਸਾਰ ਵਿਚ ਨਹੀਂ ਹਨ।

ਦੱਖਣ ਏਸ਼ੀਆਂ ਦੇ ਖਿੱਤੇ ਦੇ ਭਵਿੱਖ ਬਾਰੇ ਸੋਚਣ ਵਾਲੇ ਕਈ ਰਾਜਨੀਤਿਕ ਵਿਚਾਰਵਾਨ ਤਾਂ ਇਹ ਵੀ ਮਹਿਸੂਸ ਕਰਦੇ ਹਨ ਕਿ ਗੁਰੂ ਨਾਨਕ ਦੀ ਵਿਚਾਰਧਾਰਾ ਦੋਨਾਂ ਮੁਲਕਾਂ ਵਿਚਾਲੇ ਸ਼ਾਂਤੀ ਦਾ ਚਿਰ ਸਥਾਈ ਵਾਤਾਵਰਣ ਸਿਰਜ ਸਕਦੀ ਹੈ। ਅਜਿਹੇ ਮੌਕੇ ਬਣਨ ਵੇਲੇ ਸਰਹੱਦ ਦੇ ਦੋਨੋਂ ਪਾਸੇ ਅਤੇ ਕਰਤਾਰਪੁਰ ਲਾਂਘੇ ਦੇ ਆਸਪਾਸ ਪੈਂਦੇ ਇਲਾਕਿਆਂ ਦੇ ਆਰਥਕ ਵਿਕਾਸ ਦੇ ਮੌਕੇ ਬਣਨ ਦੀ ਵੀ ਆਸ ਹੈ। ਇਤਿਹਾਸਕ ਕਸਬਾ ਡੇਰਾ ਬਾਬਾ ਨਾਨਕ ਲਈ ਇਹ ਵਿਕਾਸ ਦਾ ਬੜਾ ਸਾਜਾਗਰ ਮੌਕਾ ਹੈ। ਕਰਤਾਰਪੁਰ ਲਾਂਘਾ ਖੁੱਲ੍ਹਣ ਤੋਂ ਬਾਅਦ ਡੇਰਾ ਬਾਬਾ ਨਾਨਕ ਵਿਚ ਮੌਜੂਦ ਗੁਰਦੁਆਰਿਆਂ ਵਿਚ ਵੀ ਸ਼ਰਧਾਲੂਆਂ ਦੀ ਆਮਦ ਇਕਦਮ ਵਧਣੀ ਹੈ। ਇਸ ਲਈ ਇਤਿਹਾਸਕ ਧਾਰਮਿਕ ਅਸਥਾਨਾਂ ਦੀ ਰਿਹਾਇਸ਼ੀ ਸਮਰੱਥਾ ਅਤੇ ਹੋਰ ਅਧਾਰ ਢਾਂਚੇ ਨੂੰ ਵਿਕਸਤ ਕਰਨ ਦੀ ਵੀ ਜ਼ਰੂਰਤ ਪੈਂਦੀ ਰਹਿਣੀ ਹੈ।

ਗੁਰੂ ਨਾਨਕ ਸਾਹਿਬ ਨੇ ਕਰਤਾਰਪੁਰ ਵਿਚ ਆਪਣੀ ਉਮਰ ਦੇ ਆਖਰੀ ਵਰ੍ਹੇ ਬਿਤਾਏ ਅਤੇ ਹੱਥੀਂ ਖੇਤੀ ਕੀਤੀ। ਡੇਰਾ ਬਾਬਾ ਨਾਨਕ ਦੇ ਨਜ਼ਦੀਕ ਪੈਂਦੇ ਪਿੰਡ ਪੱਖੋਕੇ ਦਾ ਚੌਧਰੀ ਅਜਿੱਤਾ ਰੰਧਾਵਾ ਗੁਰੂ ਨਾਨਕ ਪਾਤਸ਼ਾਹ ਦਾ ਪ੍ਰੇਮੀ ਸੀ। ਉਸ ਦੇ ਖੂਹ ‘ਤੇ ਗੁਰੂ ਜੀ ਆਪਸੀ ਵਿਚਾਰ ਵਟਾਂਦਰੇ ਲਈ ਡੇਰਾ ਲਾਉਂਦੇ ਸਨ। ਇਸ ਖੂਹ ‘ਤੇ ਹੀ ਗੁਰਦੁਆਰਾ ਸ਼੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਸਥਿਤ ਹੈ। ਇਸ ਖੂਹ ਨੂੰ ‘ਖੂਹ ਸਰਜੀ ਸਾਹਿਬ’ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਖੂਹ ਪਹਿਲਾਂ ਖੁੱਲ੍ਹਾ ਹੁੰਦਾ ਸੀ ਪਰ ਜਦੋਂ ਗੁਰਦੁਆਰਾ ਦਰਬਾਰ ਸਾਹਿਬ ਦੀ ਇਮਾਰਤ ਬਣੀ ਤਾਂ ਇਸ ਖੂਹ ਨੂੰ ਉੱਪਰੋਂ ਢਕਿਆ ਗਿਆ ਅਤੇ ਇਸ ਨੂੰ ਬਾਉਲੀ ਦਾ ਰੂਪ ਦੇ ਦਿੱਤਾ ਗਿਆ। ਇਸੇ ਖੂਹ ਦਾ ਜਲ ਸਰੋਵਰ ਵਿਚ ਪਾਇਆ ਜਾਂਦਾ ਸੀ। ਸਾਲ 1827 ਈਸਵੀ ਵਿਚ ਮਾਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਉਪਰ ਸੋਨੇ ਦੀ ਸੇਵਾ ਕਰਵਾਈ ਸੀ। ਸ੍ਰੀ ਦਰਬਾਰ ਸਾਹਿਬ ਤੋਂ ਬਾਅਦ ਸਭ ਤੋਂ ਵਧੇਰੇ ਸੋਨਾ ਇਸੇ ਗੁਰਦੁਆਰੇ ‘ਤੇ ਹੀ ਲੱਗਾ ਹੋਇਆ ਹੈ। ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ ਜਦਕਿ ਲੰਗਰ ਦਾ ਪ੍ਰਬੰਧ ਕਾਰ ਸੇਵਾ ਖਡੂਰ ਸਾਹਿਬ ਵਲੋਂ ਕੀਤਾ ਜਾ ਰਿਹਾ ਹੈ। ਇਸ ਗੁਰਦੁਆਰਾ ਸਾਹਿਬ ਵਿਖੇ ਕਥਾ ਕੀਰਤਨ ਦਾ ਪ੍ਰਵਾਹ ਸਵੇਰੇ-ਸ਼ਾਮ ਚਲਦਾ ਹੈ ਅਤੇ ਹਰ ਸਮੇਂ ਲੰਗਰ ਵਰਤਦਾ ਰਹਿੰਦਾ ਹੈ। ਇਸ ਤੋਂ ਇਲਾਵਾ ਇਥੇ ਆਉਣ ਵਾਲੀ ਯਾਤਰੀਆਂ ਦੀ ਰਿਹਾਇਸ਼ ਲਈ ਸਰਾਂ ਮੌਜੂਦ ਹੈ। ਪਰ ਹੁਣ ਇਨ੍ਹਾਂ ਇਮਾਰਤਾਂ ਦੀ ਸਮਰੱਥਾ ਇਕ ਦਮ ਵਧਾਏ ਜਾਣ ਦੀ ਲੋੜ ਖੜੀ ਹੋ ਗਈ ਹੈ। ਇਨ੍ਹਾਂ ਇਮਾਰਤਾਂ ਦੀ ਕਾਰਸੇਵਾ ਰਾਹੀਂ ਪੁਨਰ ਉਸਾਰੀ ਬਾਬਾ ਸੇਵਾ ਸਿੰਘ ਦੀ ਅਗਵਾਈ ਵਿਚ ਕਾਰਸੇਵਾ ਖਡੂਰ ਸਾਹਿਬ ਵਲੋਂ ਕੀਤੀ ਜਾ ਰਹੀ ਹੈ। ਕਾਰ ਸੇਵਾ ਖਡੂਰ ਸਾਹਿਬ ਅਤੇ ਸੰਗਤਾਂ ਦੇ ਸਹਿਯੋਗ ਨਾਲ ਦੀਵਾਨ ਹਾਲ ਅਤੇ ਸਰੋਵਰ ਤਿਆਰ ਹੋ ਚੁੱਕਾ ਹੈ ਜਦਕਿ ਸਰਾਂ ਅਤੇ ਲੰਗਰ ਹਾਲ ਦੀਆਂ ਇਮਾਰਤਾਂ ਲਈ ਕਾਰਸੇਵਾ ਜਾਰੀ ਹੈ।

ਕਰਤਾਰਪੁਰ ਲਾਂਘੇ ਦੇ ਸ਼ੁਰੂ ਹੋਣ ਨਾਲ ਡੇਰਾ ਬਾਬਾ ਨਾਨਕ ਨੇ ਇਕ ਤਰ੍ਹਾਂ ਨਾਲ ਸਿੱਖ ਧਰਮ ਨਾਲ ਸਬੰਧਤ ਇਤਿਹਾਸਕ ਸਥਾਨ ਵਜੋਂ ਅੰਤਰਾਸ਼ਟਰੀ ਨਕਸ਼ੇ ’ਤੇ ਆ ਜਾਣਾ ਹੈ। ਇਸ ਨਾਲ ਸਥਾਨਕ ਲੋਕਾਂ ਦੀ ਆਰਥਿਕਤਾ ਅਤੇ ਕਾਰੋਬਾਰ ਵੀ ਸੁਧਰੇਗਾ। ਇਸ ਦੇ ਸਿੱਟੇ ਵਜੋਂ ਇਥੇ ਰਿਹਾਇਸ਼ੀ ਹੋਟਲ ਵਗੈਰਾ ਬਣਨ ਦੀ ਵੀ ਸੰਭਾਵਨਾ ਹੈ। ਇਸ ਭਵਿੱਖੀ ਸਰਗਰਮੀ ਨੂੰ ਵੇਖਦਿਆਂ ਗੁਰਦੁਆਰਾ ਡੇਰਾ ਬਾਬਾ ਨਾਨਕ ਨੂੰ ਵੀ ਆਪਣੇ ਰਿਹਾਇਸ਼ੀ ਅਤੇ ਹੋਰ ਹਰ ਕਿਸਮ ਦੇ ਅਧਾਰ ਢਾਂਚੇ ਵਿਚ ਸੁਧਾਰ ਕਰਨ ਦੀ ਲੋੜ ਲਗਾਤਾਰ ਵਧਦੀ ਚਲੀ ਜਾਏਗੀ। ਇਸ ਲਾਂਘੇ ਨਾਲ ਜਿਹੜਾ ਸਭ ਤੋਂ ਮਹੱਤਵਪੂਰਨ ਸੁਧਾਰ ਹੋਣਾ ਹੈ, ਉਹ ਭਾਰਤ ਅਤੇ ਪਾਕਿਸਤਾਨ ਦੇ ਆਪਸੀ ਸਬੰਧਾਂ ਵਿਚ ਹੋਏਗਾ। ਭਵਿੱਖ ਵਿਚ ਇਹ ਸਬੰਧ ਹੁਣ ਨਾਲੋਂ ਲਾਜ਼ਮੀ ਚੰਗੇ ਹੋਣਗੇ ਅਤੇ ਇਸ ਦਾ ਕਾਰਨ ਪੱਕ ਨਾਲ ਹੀ ਇਹ ਲਾਂਘਾ ਬਣੇਗਾ।

## ਲਾਂਘੇ ਬਾਰੇ ਦੋਵੇਂ ਮੁਲਕਾਂ ਦੇ ਫ਼ਰਜ਼

**ਗੁਰਮੀਤ ਸਿੰਘ ਪਲਾਹੀ**

ਇਸ ਮਾਮਲੇ ਵਿਚ ਹੁਣ ਕੋਈ ਦੋ ਰਾਵਾਂ ਨਹੀਂ ਰਹਿ ਗਈਆਂ ਕਿ ਕਰਤਾਰਪੁਰ ਲਾਂਘਾ ਬਨਣ ਦੇ ਐਲਾਨ ਤੋਂ ਲੈ ਕੇ ਹੁਣ ਇਸ ਦੇ ਬਨਣ ਦੇ ਨੇੜੇ ਪੁੱਜਣ ਤੱਕ ਵੀ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਆਪੋ-ਆਪਣੇ ਦਾਅ ਖੇਡ ਰਹੀਆਂ ਹਨ ਤੇ ਸਿਆਸੀ ਧਿਰਾਂ ਇਸ ਦਾ ਸਿਹਰਾ ਆਪਣੇ ਸਿਰ ਬੰਨ੍ਹ ਕੇ ਦੁਨੀਆ ਨੂੰ ਇਹ ਦਰਸਾਉਣ ਦੇ ਰਾਹ ਤੁਰੀਆਂ ਹੋਈਆਂ ਹਨ ਕਿ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ  ਦੇ ਅਸਲ ਪੈਰੋਕਾਰ ਉਹ ਹਨ। ਪਰ ਜਿਸ ਕਿਸਮ ਦੀਆਂ ਖੇਡਾਂ, ਸਰਕਾਰਾਂ ਖੇਡ ਰਹੀਆਂ ਹਨ, ਕੀ ਉਹ ਗੁਰੂ ਨਾਨਕ ਸਾਹਿਬ ਦੇ ਸਾਂਝੀਵਾਲਤਾ ਦੇ ਸਿਧਾਂਤ ਦੇ ਨੇੜੇ-ਤੇੜੇ ਵੀ ਹਨ?

ਭਾਰਤ-ਪਾਕਿਸਤਾਨ ਸਰਕਾਰਾਂ ਹੀ ਨਹੀਂ, ਪੰਜਾਬ ਦੀ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਵੀ ਇਸ ਗੱਲ ਲਈ ਸਿਰ ਤੋੜ ਯਤਨ ਕਰ ਰਹੀ ਹੈ ਕਿ ਉਹਨਾ ਗੁਰੂ ਨਾਨਕ ਦੇਵ ਜੀ ਦੇ ਸਮਾਗਮ ਆਪਣੀ  ਛੱਤਰ ਛਾਇਆ ਵਿਚ ਮਨਾਉਣੇ ਹਨ ਅਤੇ ‘ਢਾਈ ਪਾ ਖਿਚੜੀ’ ਇੱਕਲਿਆਂ-ਇੱਕਲਿਆਂ ਹੀ ਰਿੰਨਣੀ ਹੈ। ਜਾਪਦਾ ਇੰਜ ਹੈ ਕਿ ਸ਼੍ਰੋਮਣੀ ਕਮੇਟੀ ਦੇ ‘ਆਕਾ’ ਆਪਣੀ ਹੈਂਕੜ ਛੱਡਣ ਲਈ ਤਿਆਰ ਨਹੀਂ ਹਨ ਅਤੇ ਪੰਜਾਬ ਸਰਕਾਰ ਵੀ ਇਸ ਹੱਥ ਆਏ ਮੌਕੇ ਨੂੰ ਹੱਥੋਂ ਗੁਆਉਣ ਲਈ ਰਾਜੀ ਨਹੀਂ ਹੈ, ਜਿਸ ਵਿੱਚ ਪੰਜਾਬ ਸਰਕਾਰ ਤੇ ਕਾਂਗਰਸ ਨੂੰ ਵਿਸ਼ਵ ਸਾਹਮਣੇ ਆਪਣੇ-ਆਪ ਨੂੰ ਦਿਖਾਉਣ ਦਾ ਚੰਗਾ ਮੌਕਾ ਮਿਲੇਗਾ।

ਕਰਤਾਰਪੁਰ ਲਾਂਘੇ ਦੀ ਗੱਲ ਚੱਲਣ ਤੋਂ ਪਹਿਲਾਂ ਬਹੁਤ ਘੱਟ ਲੋਕ ਪਾਕਿਸਤਾਨ ਵਿੱਚ ਕਰਤਾਰਪੁਰ ਲਾਂਘੇ ਬਾਰੇ ਜਾਣਦੇ ਸਨ, ਹਾਲਾਂਕਿ  ਉਹ ਪਹਿਲਾਂ ਵੀ ਪਾਕਿਸਤਾਨ ਵਿੱਚ ਸੀ। ਸ਼ਰਧਾਲੂਆਂ ਨੂੰ ਛੱਡਕੇ ਘੱਟ ਲੋਕ ਬਾਬੇ ਨਾਨਕ ਦੇ ਉਸ ਕਰਤਾਰਪੁਰ ਬਾਰੇ ਜਾਣਦੇ ਸਨ, ਜਿਥੇ ਗੁਰੂ ਨਾਨਕ ਸਾਹਿਬ ਨੇ ਆਪਣੀ ਜ਼ਿੰਦਗੀ ਦੇ ਆਖ਼ਰੀ ਵਰ੍ਹੇ ਬਿਤਾਏ। ਹੱਥੀਂ ਕਿਰਤ ਖੇਤੀਬਾੜੀ ਕੀਤੀ। ਆਪਣੀਆਂ ਜਗਤ ਫੇਰੀਆਂ ਉਪਰੰਤ ਕਰਤਾਰਪੁਰ ਬੈਠ ਕੇ ਸੰਗਤਾਂ ਨੂੰ ‘ਬਾਣੀ ਦਾ ਅਸਲ ਅਰਥ ਸਮਝਾਉਂਦਿਆਂ, ਕਿਰਤ ਕਰੋ, ਨਾਮ ਜਪੋ, ਵੰਡ ਕੇ ਛਕੋ ਦਾ ਸੰਦੇਸ਼ ਸੁਣਾਇਆ। ਪਰ ਅੱਜ ਇਹੋ ਕਰਤਾਰਪੁਰ ਪਾਕਿਸਤਾਨ ਵਿੱਚ ਬੱਚੇ-ਬੱਚੇ ਦੀ ਜੁਬਾਨ ’ਤੇ ਹੈ ਅਤੇ ਇਥੋਂ ਦੇ ਆਮ ਲੋਕ ‘ਨਵੰਬਰ’ ਦੀ ਉਡੀਕ ਕਰ ਰਹੇ ਹਨ ਜਦੋਂ ਸਿੱਖ ਯਾਤਰੀ ਦੂਰੋਂ-ਦੂਰੋਂ ਇਥੇ ਪੁੱਜਣਗੇ।

ਕੁਝ ਗੱਲਾਂ ਪਾਕਿਸਤਾਨ ਸਰਕਾਰ ਵਲੋਂ ਅਤੇ ਕੁਝ ਭਾਰਤ ਸਰਕਾਰ ਵਲੋਂ ਚੰਗੀਆਂ ਵੀ ਕੀਤੀਆਂ ਜਾ ਰਹੀਆਂ ਹਨ , ਬਾਵਜੂਦ ਇਸ ਗੱਲ ਦੇ ਕਿ ਜੰਮੂ-ਕਸ਼ਮੀਰ ਵਿਚ ਧਾਰਾ 370 ਦੇ ਖ਼ਾਤਮੇ ਦੇ ਬਾਅਦ ਭਾਰਤ-ਪਾਕਿਸਤਾਨ ਦੇ ਰਿਸ਼ਤਿਆਂ ਵਿੱਚ ਖੜੋਤ ਆ  ਗਈ ਹੈ। ਵਪਾਰਕ ਰਿਸ਼ਤੇ ਤਹਿਸ਼-ਨਹਿਸ ਹੋ ਗਏ ਹਨ, ਵਿਸ਼ਵ ਪੱਧਰ ’ਤੇ ਇੱਕ-ਦੂਜੇ ਦਾ ਭਰਵਾਂ ਵਿਰੋਧ ਕੀਤਾ ਜਾ ਰਿਹਾ ਹੈ, ਇੱਕ-ਦੂਜੇ ਨੂੰ ਭੰਡਿਆ ਜਾ ਰਿਹਾ ਹੈ। ਪ੍ਰਮਾਣੂ ਹਮਲੇ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਪਰ  ਫਿਰ ਵੀ ਦੋਨੋਂ ਦੇਸ਼ ਕਰਤਾਰਪੁਰ ਲਾਂਘੇ ਦੇ ਸੌਦੇ ਨੂੰ ਆਖ਼ਰੀ ਛੋਹਾਂ ਦੇ ਰਹੇ ਹਨ।

ਕਰਤਾਰਪੁਰ ਲਾਂਘੇ ਦੇ ਸਬੰਧ ਵਿੱਚ ਬਹੁਤ ਸਾਰਾ ਕੁਝ ਤਹਿ ਕੀਤਾ ਜਾ ਚੁੱਕਾ ਹੈ। ਪਾਕਿਸਤਾਨ ਸਰਕਾਰ ਗੁਰੂ ਨਾਨਕ ਦੇਵ ਦੇ 550 ਵੇਂ ਜਨਮ ਉਤਸਵਾਂ ਦੇ ਸਮਾਗਮਾਂ ਸਬੰਧੀ ਬਿਨ੍ਹਾਂ ਵੀਜ਼ਾ ਇੰਟਰੀ ਦੇਣ ਲਈ ਰਾਜੀ ਹੋ ਚੁੱਕੀ ਹੈ, ਪਰ ਪ੍ਰਤੀ ਸ਼ਰਧਾਲੂ ਸਰਵਿਸ ਫ਼ੀਸ ਵਜੋਂ 20 ਡਾਲਰ ਦੀ ਰਕਮ ਤਹਿ ਕਰਨਾ ਚਾਹੁੰਦੀ ਹੈ, ਜਿਸ ਨੂੰ ਭਾਰਤ ਸਰਕਾਰ ਵਲੋਂ ਪ੍ਰਵਾਨ ਨਹੀਂ ਕੀਤਾ ਜਾ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਇਸ ਰਕਮ ਨੂੰ ਪਹੁੰਚਣ ਵਾਲੀ ਸੰਗਤ ਦੀ ਸੇਵਾ ਸਮੇਤ ਲੰਗਰ, ਪਾਣੀ ਆਦਿ ਲਈ ਖ਼ਰਚੀ ਜਾਏਗੀ।

ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਅਮਲ ਵਿਚ ਕੁਝ ਹੋਰ, ਪਰ ਅਸਲ ਵਿੱਚ ਕੁਝ ਹੋਰ ਕਰਦੀਆਂ ਦਿਸਦੀਆਂ ਹਨ। ਭਾਰਤ ਵਿਚਾਲੇ ਸਥਾਨਕ ਸਿਆਸਤਦਾਨਾਂ ਦਾ ਹਾਲ ਵੀ ਪਾਕਿ ਦੇ ਸਿਆਸਤਦਾਨਾਂ ਤੋਂ ਵੱਖਰਾ ਨਹੀਂ। ਪਿਛਲੇ ਸਮੇਂ ਤੋਂ ਸਿਆਸਤ ਭਾਰਤ ਦੇ ਸਿਆਸਤਦਾਨਾਂ ਤੇ ਸਦਾ ਭਾਰੂ ਨਜ਼ਰ ਆ ਰਹੀ ਹੈ। ਹੋਰ ਮਸਲਿਆਂ ’ਤੇ ਤਾਂ ਸਿਆਸਤਦਾਨਾਂ ਸਿਆਸਤ ਕਰਨੀ ਹੀ ਹੈ, ਉਹ ਤਾਂ ‘ਬਾਬੇ ਨਾਨਕ’ ਦੇ ਸਿਧਾਂਤ ਦੇ ਪ੍ਰਚਾਰ, ਪ੍ਰਸਾਰ ਲਈ ਵੀ ਸਿਆਸਤ ਕਰਨ ਤੇ ਲੱਗੇ ਹੋਏ  ਹਨ। ਆਪੋ-ਆਪਣੀ ਧਿਰ ਦੇ “ਵਿਦਵਾਨਾਂ” ਨੂੰ ਲੱਭ ਰਹੇ ਹਨ, ਆਪੋ-ਆਪਣੀ ਧਿਰ ਦੇ ਚਿੰਤਕਾਂ ਤੋਂ ਆਪਣੇ ਲਈ ਬਿਆਨ ਤਿਆਰ ਕਰਵਾ ਰਹੇ ਹਨ। ਸਰਕਾਰੀ/ਗੈਰ-ਸਰਕਾਰੀ, ਪੰਥਕ ਧਿਰਾਂ ਦੇ ਨਾਮ ਉਤੇ ਵੰਡੇ ਇਹ ਕਥਿਤ ਵਿਦਵਾਨ ਸਿਆਸਤਦਾਨਾਂ ਦੀ ਬੋਲੀ ਬੋਲਦੇ, ਸੱਚ ਬੋਲਣ ਦਾ ਹੀਆ ਹੀ ਨਹੀਂ ਕਰ ਰਹੇ। ਕਥਿਤ ਪੰਥਕ ਆਗੂ ਪੰਥ ਵੇਚਕੇ ਕੁਰਸੀਆਂ ਸਾਂਭਣ ਦੇ ਆਹਰ ਵਿੱਚ ਹਨ। ‘ਸਰਕਾਰੀਏ’ ਆਪਣੀ ਚੌਧਰ ਚਮਕਾਉਣ ਦੇ ਰਾਹ ਹਨ।

ਗੁਰੂ ਨਾਨਕ ਦੇਵ  ਜੀ ਦੀ 550ਵੀਂ ਜਨਮ ਸ਼ਤਾਬਦੀ ਮਨਾਈ ਜਾਏਗੀ। ਮਨਾਈ ਜਾਣੀ ਵੀ ਚਾਹੀਦੀ ਆ। ਬਾਬੇ ਨਾਨਕ ਦੇ ਸੱਚੇ ਬੋਲ ਪੰਜਾਬ ਵਿਚ ਹੀ ਨਹੀਂ, ਦੁਨੀਆਂ ਭਰ ਵਿਚ ਸੁਣੇ ਜਾਣੇ ਚਾਹੀਦੇ ਹਨ। ਪਰ ਵੱਡੇ ਸਮਾਗਮ ਰਚਕੇ, ਵੱਡੀਆਂ ਤਰਕੀਬਾਂ ਦਾ ਜੁਗਾੜ ਕਰਕੇ, ਕੀ ਗੁਰੂ ਨਾਨਕ ਦੇਵ ਦੇ ਫ਼ਲਸਫ਼ੇ ਵਿੱਚੋਂ ਕੁਝ ਸਰਕਾਰੀਏ, ਦਰਬਾਰੀਏ, ਪੰਥਕ ਧਿਰਾਂ ਆਪਣੇ ਪੱਲੇ ਕੁਝ ਬੰਨਣਗੀਆਂ? ਦੂਜੇ ਪਾਸੇ ਪੰਜਾਬ ਦੇ ਲੋਕ ਇਹਨਾ ਸਮਾਗਮਾਂ ਤੋਂ ਕੁਝ ਸਿੱਖਣਗੇ? ਜਾਂ ਸਿਰਫ਼ ਸ਼ਰਧਾਵਾਨ ਹੋਕੇ ਨਤਮਸਤਕ ਹੁੰਦੇ ਬਾਬੇ ਨਾਨਕ ਤੋਂ ਬੱਸ ‘ਪਰਿਵਾਰਾਂ ਲਈ ਦਾਨ ਹੀ ਮੰਗਣਗੇ।’

ਹਰੇਕ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਤੇ ਫ਼ਲਸਫ਼ੇ ਨੂੰ ਮੰਨਣ ਵਾਲੇ ਲੋਕਾਂ ਦੀ ਇਹ ਮਨ ਦੀ ਇੱਛਾ ਹੋਏਗੀ ਕਿ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਜਗਤ ਭਰ ਵਿਚ ਪਹੁੰਚਾਈ ਜਾਵੇ। ਉਹਨਾ ਦੇ ਸਿਧਾਂਤ ਨੂੰ ਦੂਰ-ਦੁਰੇਡੇ ਪਹੁੰਚਾਉਣ ਲਈ ਬਾਬੇ ਨਾਨਕ ਦੀ ਬਾਣੀ ਦਾ ਬਾਕੀ ਬੋਲੀਆਂ ਵਿਚ ਉਲਥਾ ਕਰਕੇ ਜਗਤ ਦੇ ਬਾਕੀ ਲੋਕਾਂ ਤੱਕ ਪਹੁੰਚਾਇਆ ਜਾਵੇ।

ਬਾਬਾ ਨਾਨਕ ਜੀ ਸਾਰੀ ਜ਼ਿੰਦਗੀ ਇੱਕ ਸਧਾਰਨ ਕਿਰਤੀ ਵਜੋਂ ਜ਼ਿੰਦਗੀ ਵਸਰ ਕਰਦੇ ਰਹੇ ਤੇ ਕਿਰਤ ਕਰਨ, ਵੰਡਕੇ ਛੱਕਣ ਦੀ ਧਾਰਨਾ ਨੂੰ ਚਹੁੰ ਕੂਟਾਂ ਤੱਕ ਪਹੁੰਚਾਉਣ ਲਈ ਆਪਣੀਆਂ ਜਗਤ ਫੇਰੀਆਂ ਦੌਰਾਨ ਹੋਰ ਧਰਮਾਂ ਦੇ ਲੋਕਾਂ ਨਾਲ ਸੰਵਾਦ ਰਚਾਉਂਦੇ ਰਹੇ। ਅੱਜ ਜਦੋਂ ਕਿ ਸੰਵਾਦ ਸਾਡੀ ਜ਼ਿੰਦਗੀ ਅਤੇ ਸਮਾਜ ਵਿੱਚੋਂ ਲਗਾਤਾਰ ਮਨਫ਼ੀ ਹੋ ਰਿਹਾ ਹੈ, ਉਸ ਨੂੰ ਮੁੜ ਜੀਉਂਦਿਆਂ ਕਰਨ ਦੀ ਕੀ ਲੋੜ ਨਹੀਂ? ਕੀ ਹਿੰਦ-ਪਾਕਿ ਸਰਕਾਰਾਂ ਸੰਵਾਦ ਰਾਹੀਂ ਆਪਸੀ ਮਸਲਿਆਂ ਦਾ “ਸਾਂਝੀਵਾਲਤਾ, ਪਿਆਰ” ਦੇ ਗੁਰੂ ਸਾਹਿਬ ਦੇ ਸੰਦੇਸ਼ ਅਨੁਸਾਰ ਹੱਲ ਨਹੀਂ ਕਰ ਸਕਦੀਆਂ ਤਾਂ ਕਿ ਮੁੜ ਸੰਤਾਲੀ ਨਾ ਵਾਪਰੇ, ਮੁੜ 1971 ਦੀ ਜੰਗ ਨਾ ਹੋਵੇ, ਤਾਂ ਕਿ ਪ੍ਰਮਾਣੂ ਬੰਬਾਂ ਦੇ ਭਿਅੰਕਰ ਬੋਲ ਹਵਾ ਵਿਚ ਨਾ ਗੂੰਜਣ!

# ਪੰਜਾਬ ’ਚ ਭਾਜਪਾ, ਸੰਘ ਪਰਿਵਾਰ ਵਲੋਂ ਪੰਜਾਬੀ ਨੂੰ ਖੋਰਾ ਲਗਾਉਣ ਦੀ ਸਾਜ਼ਿਸ਼

**ਰਜਿੰਦਰ ਸਿੰਘ**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹਿੰਦੀ ਭਾਸ਼ਾ ਦੇ ਸਬੰਧ ਵਿਚ ਦੇਸ਼ ਭਰ ਵਿਚ ਇਕ ਵਾਰ ਫਿਰ ਬਹਿਸ ਛੇੜ ਦਿੱਤੀ ਹੈ ਕਿ ਦੇਸ ਵਿਚ ਇਕ ਭਾਸ਼ਾ, ਇਕ ਸੱਭਿਆਚਾਰ ਹੋਣਾ ਚਾਹੀਦਾ ਹੈ। ਉਨ੍ਹਾਂ ‘ਹਿੰਦੀ ਦਿਵਸ’ ਬਾਰੇ ਬੋਲਦਿਆਂ ਕਿਹਾ ਸੀ ਕਿ ਹਿੰਦੀ ਭਾਰਤ ਦੀ ਪਛਾਣ ਬਣ ਸਕਦੀ ਹੈ। ਸਭ ਪ੍ਰਾਂਤਾਂ ਨੂੰ ਇਸ ਬੋਲੀ ਨੂੰ ਇੱਜ਼ਤ ਦੇਣੀ ਚਾਹੀਦੀ ਹੈ। ਇਹ ਲੋਕਾਂ ਵਿਚ ਵਧੇਰੇ ਬੋਲੀ ਜਾਣ ਵਾਲੀ ਹਿੰਦੀ ਭਾਸ਼ਾ ਹੈ। ਇਸ ਨਾਲ ਦੇਸ ਦੀ ਏਕਤਾ ਅਖੰਡਤਾ ਮਜ਼ਬੂਤ ਰਹਿ ਸਕਦੀ ਹੈ। ਹੀ ਹੋ ਸਕਦੀ ਹੈ। ਹੋਰ ਭਾਸ਼ਾਵਾਂ ਅਤੇ ਬੋਲੀਆਂ ਸਾਡੇ ਦੇਸ਼ ਬੋਲੀਆਂ ਜਾਂਦੀਆਂ ਹਨ ਪਰ ਮੌਜੂਦਾ ਸਮੇਂ ਵਿਚ ਇਕ ਭਾਸ਼ਾ ਦੀ ਜ਼ਰੂਰਤ ਹੈ। ਹਰ ਕਿਸੇ ਨੂੰ ਆਪਣੀ ਮਾਂ ਬੋਲੀ ਦੇ ਨਾਲ-ਨਾਲ ਹਿੰਦੀ ਦੀ ਵਰਤੋਂ ਕਰਨੀ ਚਾਹੀਦੀ ਹੈ।

ਇਹ ਗੱਲ ਬਿਲਕੁਲ ਝੂਠ ਹੈ ਕਿ ਹਿੰਦੀ ਦੇਸ ਦੇ ਵੱਡੇ ਹਿੱਸੇ ਵਿਚ ਬੋਲੀ ਜਾਂਦੀ ਹੈ। ਦੱਖਣੀ ਭਾਰਤ ਵਿਚ ਹਿੰਦੀ ਭਾਸ਼ਾ ਦਾ ਪੂਰਨ ਬਾਈਕਾਟ ਹੈ। ਪੰਜਾਬ ਵਿਚ ਵੀ ਇਸ ਬੋਲੀ ਦਾ ਲੰਮੇ ਸਮੇਂ ਤੋਂ ਵਿਰੋਧ ਹੋ ਰਿਹਾ ਹੈ। ਇਹ ਭਾਸ਼ਾ ਹਿੰਦੀ ਤੇ ਸੰਸਕ੍ਰਿਤ ਆਰੀਅਨ ਭਾਸ਼ਾ ਹੈ, ਮੂਲਨਿਵਾਸੀਆਂ ਦੀ ਭਾਸ਼ਾ ਨਹੀਂ ਹੈ। ਆਦਿਵਾਸੀ ਤੇ ਕਬੀਲੇ ਹਿੰਦੀ ਨੂੰ ਪ੍ਰਵਾਨ ਨਹੀਂ ਕਰਦੇ। ਸਿੰਥੀਅਨ ਭਾਈਚਾਰੇ ਦੇ ਲੋਕ ਜੋ ਇਰਾਨ ਵਲੋਂ ਆਏ ਸਨ ਤੇ ਆਰੀਅਨਾਂ ਨੂੰ ਹਰਾ ਕੇ ਅਨੇਕਾਂ ਥਾਂਵਾਂ ’ਤੇ ਕਬਜ਼ਾ ਕੀਤਾ ਸੀ, ਉਹ ਨਸਲਾਂ ਵੀ ਹਿੰਦੀ ਨੂੰ ਪ੍ਰਵਾਨ ਨਹੀਂ ਕਰਦੀਆਂ। ਮੁਸਲਮਾਨ ਵੀ ਹਿੰਦੀ ਭਾਸ਼ਾ ਨੂੰ ਪ੍ਰਵਾਨ ਨਹੀਂ ਕਰਦੇ। ਪੰਜਾਬੀ ਭਾਸ਼ਾ ਦਾ ਆਰੀਅਨ ਭਾਸ਼ਾ ਨਾਲ ਦੂਰ ਦਾ ਵਾਸਤਾ ਨਹੀਂ। ਇਹ ਬੁੱਧ ਧਰਮ ਦੀ ਭਾਸ਼ਾ ਪ੍ਰਕਿਰਤ ਤੇ ਸਾਧ ਭਾਸ਼ਾ ਵਿਚੋਂ ਪ੍ਰਗਟ ਹੋਈ ਹੈ। ਇਹ ਆਮ ਕਰਕੇ ਅਨਪੜ੍ਹਾਂ ਤੇ ਗਵਾਰਾਂ ਦੀ ਬੋਲੀ ਸਮਝੀ ਜਾਂਦੀ ਹੈ। ਇਹ ਸਮਝ ਆਰੀਅਨਾਂ ਦੀ ਹੈ। ਉਹ ਪੰਜਾਬੀ ਭਾਸ਼ਾ ਤੇ ਦਰਾਵੜਾ ਦੀ ਭਾਸ਼ਾ ਨੂੰ ਬਿਲਕੁਲ ਪਸੰਦ ਨਹੀਂ ਕਰਦੇ। ਗੁਰੂ ਨਾਨਕ ਸਾਹਿਬ ਨੇ ਵੱਖ-ਵੱਖ ਭਾਸ਼ਾਵਾਂ ਉੱਪਰ ਬਲ ਦੇ ਕੇ ਵੰਨ ਸੁਵੰਨਤਾ ਦੇ ਸਭਿਆਚਾਰ ਦੀ ਰਾਖੀ ਲਈ ਮਨੁੱਖਤਾ ਨੂੰ ਪ੍ਰੇਰਨਾ ਦਿੱਤੀ ਸੀ। ਇਸੇ ਕਾਰਨ ਭਾਰਤ ਵਿਚ ਵੀ ਇਸ ਸਥਿਤੀ ਨੂੰ ਸਮਝਦਿਆਂ ਸੰਵਿਧਾਨ ਨਿਰਮਾਤਾਵਾਂ ਨੇ 22 ਬੋਲੀਆਂ ਨੂੰ ਰਾਸ਼ਟਰੀ ਮਾਨਤਾ ਦਿੱਤੀ ਹੈ ਜਦੋਂ ਕਿ ਇਨ੍ਹਾਂ ਨਾਲ ਵੱਖ-ਵੱਖ ਤੌਰ ’ਤੇ ਸੈਂਕੜੇ ਹੀ ਉਪ ਬੋਲੀਆਂ ਜੁੜੀਆਂ ਹੋਈਆਂ ਸਨ। ਇਹਨਾਂ ਬੋਲੀਆਂ ਦੇ ਆਧਾਰ ’ਤੇ ਹੀ ਭਾਰਤ ਦੇ ਬਹੁਤ ਸਾਰੇ ਸੂਬਿਆਂ ਦੀ ਸਥਾਪਨਾ ਹੋਈ ਸੀ। ਸੰਵਿਧਾਨ ਦਾ ਮੂਲ ਮੰਤਵ ਇਹੀ ਸੀ ਕਿ ਵੱਖੋ ਵੱਖ ਸਭਿਆਚਾਰਾਂ ਤੇ ਬੋਲੀਆਂ ਨੂੰ ਕਾਇਮ ਰੱਖਿਆ ਜਾਵੇ। ਪਰ ਆਰ ਐਸ ਐਸ ਦਾ ਏਜੰਡਾ ਇਕ ਭਾਸ਼ਾ, ਇਕ ਸੱਭਿਆਚਾਰ ਹੈ। ਗੁਰੂ ਗੋਲਵਾਲਕਰ ਜੋ ਆਰ ਐਸ ਐਸ ਦਾ ਸਰਸੰਘਚਾਲਕ ਹੋਇਆ ਹੈ, ਉਸ ਨੇ ਆਪਣੀ ਪੁਸਤਕ ‘ਬੰਚ ਆਫ ਥਾਟ’ ਵਿਚ ਕਲੀਅਰ ਕੀਤਾ ਸੀ ਕਿ ਹਿੰਦੂ ਰਾਸ਼ਟਰ ਬਣਾਉਣਾ ਹੈ ਤਾਂ ਵੰਨ ਸੁਵੰਨੇ ਸਭਿਆਚਾਰਾਂ ਤੇ ਬੋਲੀਆਂ ਨੂੰ ਖਤਮ ਕਰਕੇ ਇਕ ਰਾਸ਼ਟਰ, ਇਕ ਭਾਸ਼ਾ, ਇਕ ਸਭਿਆਚਾਰ ਸਥਾਪਤ ਕਰਨਾ ਪਵੇਗਾ। ਮੋਦੀ ਸਰਕਾਰ ਇਸ ਪਾਸੇ ਤੁਰ ਰਹੀ ਹੈ।




ਜੇਕਰ ਹਿੰਦੀ ਭਾਸ਼ਾ ਭਾਰਤ ਦੇ ਲੋਕਾਂ ’ਤੇ ਠੋਸੀ ਗਈ ਤਾਂ ਇਸ ਦਾ ਬਹੁਤ ਭਿਆਨਕ ਪ੍ਰਤੀਕਰਮ ਹੋਵੇਗਾ। ਇਹ ਲੋਕਾਂ ਨੂੰ ਵੰਡਣ ਵਾਲੀ ਕਾਰਵਾਈ ਹੈ, ਜੋ ਹਿੰਸਕ ਵਾਤਾਵਰਨ ਪੈਦਾ ਕਰ ਸਕਦੀ ਹੈ। ਅਸੀਂ ਮੋਦੀ ਸਰਕਾਰ ਨੂੰ ਯਾਦ ਕਰਵਾ ਦੇਣਾ ਚਾਹੁੰਦੇ ਹਾਂ ਕਿ ਕਈ ਦਹਾਕੇ ਪਹਿਲਾਂ ਦੱਖਣ ਦੇ ਰਾਜਾਂ ਵਿਚ ਆਪਣੀਆਂ ਭਾਸ਼ਾਵਾਂ ਨੂੰ ਲੈ ਕੇ ਹਿੰਦੀ ਭਾਸ਼ਾ ਵਿਰੁੱਧ ਬੜੇ ਜ਼ੋਰਦਾਰ ਅੰਦੋਲਨ ਚੱਲੇ ਸਨ ਤੇ ਇਥੇ ਹਿੰਦੀ ਵੜਨ ਨਹੀਂ ਦਿੱਤੀ ਗਈ ਸੀ। ਜੇਕਰ ਭਾਜਪਾ ਆਪਣੇ ਸੰਘੀ ਸਟੈਂਡ ’ਤੇ ਕਾਇਮ ਰਹੀ ਤਾਂ ਵੱਡੇ ਵਿਵਾਦ ਹਿੰਸਾ ਵਿਚ ਤਬਦੀਲ ਹੋ ਸਕਦੇ ਹਨ, ਕਿਉਂਕਿ ਕੌਮਾਂ ਦਾ ਆਧਾਰ ਆਪਣਾ ਸਭਿਆਚਾਰ ਤੇ ਭਾਸ਼ਾ ਹੁੰਦਾ ਹੈ। ਇਸ ’ਤੇ ਕੋਈ ਵੀ ਭਾਸ਼ਾ ਤੇ ਹੋਰ ਸਭਿਆਚਾਰ ਠੋਸਣਾ ਗੁਲਾਮੀ ਦਾ ਅਹਿਸਾਸ ਕਰਵਾਉਣਾ ਹੈ। ਇਸ ਸੰਬੰਧੀ ਭਾਰਤ ਦੇ ਗ੍ਰਹਿ ਮੰਤਰੀ ਨੂੰ ਸੁਚੇਤ ਹੋਣ ਦੀ ਲੋੜ ਹੈ। ਹੁਣੇ ਜਿਹੇ ਪੰਜਾਬ ਭਾਸ਼ਾ ਵਿਭਾਗ ਵੱਲੋਂ ਕਰਵਾਏ ਗਏ ਹਿੰਦੀ ਦਿਵਸ ਸਮਾਗਮ ਮੌਕੇ ਸ਼੍ਰੋਮਣੀ ਲੇਖਕ ਡਾ. ਤੇਜਵੰਤ ਸਿੰਘ ਨਾਲ ਦੁਰਵਿਹਾਰ ਕੀਤਾ ਗਿਆ ਅਤੇ ਪੰਜਾਬੀ ਭਾਸ਼ਾ ਨੂੰ ਵੀ ਜ਼ਲੀਲ ਕੀਤਾ ਗਿਆ ਕਿ ਦੋ ਸਾਲ ਉਡੀਕੋ ਇਹ ਭਾਸ਼ਾ ਨਹੀਂ ਰਹੇਗੀ। ਡਾ. ਹੁਕਮ ਚੰਦ ਰਾਜਪਾਲ ਤੇ ਇਸ ਦੇ ਆੜੀਆਂ ਨੇ ਇਹ ਜ਼ਹਿਰ ਉਸ ਸਮਾਗਮ ਦੌਰਾਨ ਘੋਲਿਆ। ਇਸ ਦੀ ਸਿੱਧੀ ਜ਼ਿੰਮੇਵਾਰੀ ਭਾਸ਼ਾ ਵਿਭਾਗ ਦੀ ਡਾਇਰੈਕਟਰ ਕਰਮਜੀਤ ਕੌਰ ਉੱਪਰ ਆਉਂਦੀ ਹੈ। ਉਹ ਅਖੀਰ ਤੱਕ ਕਹਿੰਦੀ ਰਹੀ ਕਿ ਕੁਝ ਨਹੀਂ ਵਾਪਰਿਆ। ਜਦ ਕਿ ਉਸ ਨੇ ਵਿਰੋਧ ਨਹੀਂ ਕੀਤਾ। ਇਹ ਸਾਰਾ ਕਾਰਾ ਸਰਕਾਰੀ ਤੇ ਸੰਘੀ ਸਾਜ਼ਿਸ਼ ਤਹਿਤ ਵਾਪਰਿਆ। ਪੰਜਾਬ ਵਿਚ ਇਸ ਬਾਰੇ ਵੱਡਾ ਅੰਦੋਲਨ ਸ਼ੁਰੂ ਹੋ ਗਿਆ ਹੈ। ਲੇਖਕ ਤੇ ਆਮ ਲੋਕ, ਪੰਜਾਬੀ ਦੇ ਹੱਕ ਵਿਚ ਸੜਕਾਂ ’ਤੇ ਆ ਗਏ ਹਨ। ਸ਼ੋਸ਼ਲ ਮੀਡੀਆ ’ਤੇ ਪੰਜਾਬ ਦੇ ਹੱਕ ਵਿਚ ਵੱਡੀ ਲਹਿਰ ਚਲ ਰਹੀ ਹੈ। ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਘਟਨਾ ਨੂੰ ਮੰਦਭਾਗਾ, ਦੁਖਦਾਈ ਅਤੇ ਨਾ-ਬਰਦਾਸ਼ਤਯੋਗ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਘਟਨਾ ਲਈ ਜ਼ਿੰਮੇਵਾਰ ਲੋਕਾਂ ਨੂੰ ਮੁਆਫੀ ਮੰਗਣੀ ਚਾਹੀਦੀ ਹੈ। ਉਨ੍ਹਾਂ ਆਖਿਆ ਸੀ ਕਿ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਪੰਜਾਬ ਤੇ ਪੰਜਾਬੀਆਂ ਦੀ ਸਾਹ ਰਗ ਹੈ ਜਿਨ੍ਹਾਂ ਸਦਕਾ ਭਾਰਤ ਵਿਚ ਮਰ ਚੁੱਕਿਆ ਜੀਵਨ ਮੁੜ ਧੜਕਣ ਯੋਗ ਹੋਇਆ ਹੈ ਅਤੇ ਅੱਜ ਵੀ ਇਸੇ ਕਰ ਕੇ ਧੜਕ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਜਦੋਂ ਸਮੁੱਚੀ ਲੋਕਾਈ ਗੁਰੂ ਨਾਨਕ ਦੇਵ ਦਾ 550 ਸਾਲਾ ਪ੍ਰਕਾਸ਼ ਪੁਰਬ ਸਮਾਗਮ ਮਨਾ ਰਹੀ ਹੈ, ਅਜਿਹੇ ਮੌਕੇ ਕੁਝ ਫਿਰਕਾਪ੍ਰਸਤ ਲੋਕਾਂ ਵੱਲੋਂ ਪੰਜਾਬ ਦੀ ਧਰਤੀ ’ਤੇ ਕੀਤੇ ਸਰਕਾਰੀ ਸਮਾਗਮ ਦੌਰਾਨ ਪੰਜਾਬੀ ਭਾਸ਼ਾ ਨੂੰ ‘ਗੰਵਾਰਾਂ ਦੀ ਭਾਸ਼ਾ’ ਦੱਸਣਾ ਮੰਦਭਾਗਾ ਹੈ। ਅਜਿਹੇ ਲੋਕਾਂ ਦੇ ਅਜਿਹੇ ਐਲਾਨਾਂ ਨਾਲ ਕਰੋੜਾਂ ਪੰਜਾਬੀਆਂ ਦੇ ਦਿਲਾਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਕਿਹਾ ਕਿ ਕਸੂਰਵਾਰਾਂ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਆਖਿਆ ਸੀ ਕਿ ਜਿਸ ਭਾਸ਼ਾ ਵਿਚ ਵਿਸ਼ਵ ਦੀ ਸਭ ਤੋਂ ਵੱਧ ਪ੍ਰਮਾਣਿਕਤਾ ਵਾਲੇ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਹੋਈ ਹੈ, ਉਹ ਭਾਸ਼ਾ ਗੰਵਾਰਾਂ ਵਾਲੀ ਕਿਵੇਂ ਹੋ ਸਕਦੀ ਹੈ? ਇਸ ਤੋਂ ਬਾਅਦ ਹੁਕਮ ਚੰਦ ਰਾਜਪਾਲ ਨੇ ਲਿਖਤੀ ਮਾਫੀ ਵੀ ਮੰਗ ਲਈ ਹੈ। ਪਰ ਇਹ ਮੁੱਦਾ ਖਤਮ ਨਹੀਂ ਹੋਇਆ। ਪੰਜਾਬੀ ਇਸ ਵਿਵਾਦ ਤੋਂ ਬਾਅਦ ਪੂਰੀ ਤਰ੍ਹਾਂ ਸੁਚੇਤ ਹਨ, ਪਰ ਠੋਸ ਕਾਰਵਾਈ ਕਰਨੀ ਵੀ ਅਜੇ ਵੀ ਲੋੜੀਂਦੀ ਹੈ। ਜੇ ਪੰਜਾਬੀ ਭਾਸ਼ਾ ਤੁਸੀਂ ਆਪਣੇ ਗਿਆਨ ਸਿਲੇਬਸਾਂ, ਉੱਚ ਵਿਦਿਆ ਅਤੇ ਰੁਜ਼ਗਾਰ ਦੀ ਨਹੀਂ ਉਸਾਰਦੇ ਤਾਂ ਤੁਹਾਡਾ ਭਵਿੱਖ ਖਤਰੇ ਵਿਚ ਹੈ। ਇਸ ਸੰਬੰਧ ਵਿਚ ਵੱਡੀ ਵਿਉਂਤਬੰਦੀ ਕਰਨ ਦੀ ਲੋੜ ਹੈ। ਕੈਪਟਨ ਸਰਕਾਰ ਨੇ ਕਾਂਗਰਸ ਵਾਂਗ ਹੀ ਭੂਮਿਕਾ ਨਿਭਾਅ ਕੇ ਪੰਜਾਬ ਵਿਰੋਧੀ ਰੋਲ ਨਿਭਾਇਆ ਹੈ। ਕਾਂਗਰਸ ਤੇ ਭਾਜਪਾ ਦੀ ਸੋਚ ਵਿਚ ਪੰਜਾਬੀ ਭਾਸ਼ਾ ਬਾਰੇ ਕੋਈ ਫਰਕ ਨਜ਼ਰ ਨਹੀਂ ਆਉਂਦਾ।

## ਹਿੰਦੀ ਭਾਸ਼ਾ ਦੇ ਵਿਕਾਸ ਦੇ ਨਾਂ ਉੱਤੇ ਪੰਜਾਬੀ ਬੋਲੀ ਦਾ ਨਿਰਾਦਰ ਕਿਉਂ ?

**ਪਟਿਆਲਾ/ਏਟੀ ਨਿਊਜ਼ :**
ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ. ਦੇ ਸਕੱਤਰ/ਸਪੋਕਸਮੈਨ ਭਗਵੰਤ ਸਿੰਘ (ਡਾ.) ਵੱਲੋਂ ਪ੍ਰੈਸ ਦੇ ਨਾਂ ਜਾਰੀ ਬਿਆਨ ਵਿਚ ਪਿਛਲੇ ਦਿਨੀਂ ਭਾਸ਼ਾ ਵਿਭਾਗ ਪਟਿਆਲਾ ਦੇ ਵਿਹੜੇ ਵਿਚ ਹੋਏ ਪੰਜਾਬੀ ਬੋਲੀ ਤੇ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਡਾ. ਤੇਜਵੰਤ ਮਾਨ ਨੂੰ ਬੇਇੱਜ਼ਤ ਕਰਨ ਦੇ ਵਾਕਿਆਤ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਭਾਸ਼ਾ ਵਿਭਾਗ ਪੰਜਾਬ ਵੱਲੋਂ 13 ਸਤੰਬਰ 2019 ਨੂੰ ਹਿੰਦੀ ਭਾਸ਼ਾ ਦਿਵਸ ਬਾਰੇ ਸਮਾਗਮ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਡਾ. ਹੁਕਮ ਚੰਦ ਰਾਜਪਾਲ ਨੇ ਕੀਤੀ। ਉਨ੍ਹਾਂ ਦੇ ਨਾਲ ਡਾ. ਰਤਨ ਸਿੰਘ ਜੱਗੀ, ਕਰਮਜੀਤ ਕੌਰ ਡਾਇਰੈਕਟਰ ਭਾਸ਼ਾ ਵਿਭਾਗ, ਡਾ. ਸਹਿਗਲ ਅਤੇ ਡਾ. ਤੇਜਵੰਤ ਮਾਨ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਸ਼ਾਮਲ ਸਨ। ਇਸ ਸਮਾਗਮ ਵਿਚ ਹਿੰਦੀ-ਹਿੰਦੂ-ਹਿੰਦੂਸਤਾਨ ਦੇ ਏਜੰਡੇ ਨੂੰ ਲਾਗੂ ਕਰਨ ਲਈ ਪੰਜਾਬੀ ਭਾਸ਼ਾ ਨੂੰ ਗਾਲੀ ਗਲੋਚ ਅਤੇ ਝਗੜਾਲੂ ਭਾਸ਼ਾ ਵਜੋਂ ਪੇਸ਼ ਕੀਤਾ ਗਿਆ। ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਇਸ ਦਾ ਗੰਭੀਰ ਨੋਟਿਸ ਲੈਂਦਿਆਂ ਡਾ. ਤੇਜਵੰਤ ਮਾਨ ਨੇ ਆਪਣੇ ਭਾਸ਼ਣ ਵਿਚ ਇਸ ਦਾ ਜੋਰਦਾਰ ਖੰਡਨ ਕੀਤਾ। ਡਾ. ਮਾਨ ਨੇ ਕਿਹਾ ਕਿ ਹਰ ਭਾਸ਼ਾ ਦਾ ਆਪਣਾ ਰੰਗ ਤੇ ਆਪਣਾ ਮੁਹਾਵਰਾ ਹੁੰਦਾ ਹੈ। ਪੰਜਾਬੀ ਭਾਸ਼ਾ ਜਿਸ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਰਗੀ ਮਹਾਨ ਰਚਨਾ ਹੋਈ ਹੋਵੇ ਅਤੇ ਵਾਰਸ ਸ਼ਾਹ ਦੀ ਹੀਰ ਵਰਗੀ ਸੱਭਿਆਚਾਰਕ ਕਿੱਸਾਕਾਰੀ ਹੋਈ ਹੋਵੇ, ਸ਼ਾਹ ਹੁਸੈਨ, ਬੁੱਲ੍ਹੇਸ਼ਾਹ ਵਰਗੀ ਸੂਫੀਆਨਾ ਸ਼ਾਇਰੀ ਹੋਈ ਹੋਵੇ, ‘ਲੰਘ ਆਜਾ ਪੱਤਣ ਝਨਾਂ ਦਾ ਯਾਰ’ ਵਰਗੇ ਗੀਤ ਲਿਖੇ ਹੋਣ, ਕਿਸ ਤਰ੍ਹਾਂ ਗਾਲੀ ਗਲੋਚ ਦੀ ਭਾਸ਼ਾ ਕਹੀ ਜਾ ਸਕਦੀ ਹੈ। ਡਾ. ਮਾਨ ਨੇ ਹਿੰਦੀ ਭਾਸ਼ਾ ਦੇ ਵਿਕਾਸ ਲਈ ਇਸ ਦੇ ਲੋਕਭਾਸ਼ਾਈ ਸਰੂਪ ਨੂੰ ਉਜਾਗਰ ਕਰਨ ‘ਤੇ ਜੋਰ ਦਿੱਤਾ। ਆਮ ਲੋਕਾਂ ਦੀ ਭਾਸ਼ਾ ਪ੍ਰਕਿਰਤ ਅਤੇ ਅਪਰਭੰਸ ਨੂੰ ਜਦੋਂ ਕੁਲੀਨ ਵਰਗ ਲਈ ਰਾਖਵੀਂ ਕਰਨ ਲਈ ਮਿਆਰੀ ਸੁਧਾਰ ਦੇ ਨਾਂ ਉਤੇ ਸੰਸਕ੍ਰਿਤ ਨਾਂ ਹੇਠ ਪ੍ਰਚਾਰਿਆ ਗਿਆ ਤਾਂ ਲੋਕਾਂ ਨੇ ਆਧੁਨਿਕ ਲੋਕਾਇਤੀ ਭਾਸ਼ਾਵਾਂ ਨੂੰ ਉਜਾਗਰ ਕੀਤਾ, ਜਿਨ੍ਹਾਂ ਵਿਚੋਂ ਇੱਕ ਭਾਸ਼ਾ ਹਿੰਦੀ ਹੈ। ਸੰਸਕ੍ਰਿਤ ਆਪਣੇ ਆਪ ਵਿੱਚ ਕੋਈ ਸੁਤੰਤਰ ਭਾਸ਼ਾ ਵਜੋਂ ਹੋਂਦ ਨਹੀਂ ਰੱਖਦੀ ਅਤੇ ਨਾ ਹੀ ਇਹ ਭਾਰਤ ਦੇ ਕਿਸੇ ਹਿੱਸੇ ਦੀ ਭਾਸ਼ਾ ਹੈ। ਡਾ. ਤੇਜਵੰਤ ਮਾਨ ਹਾਲਾਂ ਆਪਣੀ ਗੱਲ ਡਾ. ਇੰਦੂ ਵਾਲੀਆ ਦੇ ਪੜ੍ਹੇ ਗਏ ਪਰਚੇ ਬਾਰੇ ਸ਼ੁਰੂ ਹੀ ਕਰਨ ਲੱਗੇ ਸਨ, ਤਾਂ ਚੰਡੀਗੜ੍ਹ ਤੋਂ ਆਏ ਕੁਝ ਆਰਐਸਐਸ. ਕਾਰਕੁੰਨਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਪ੍ਰਧਾਨਗੀ ਮੰਡਲੀ ਦੇ ਡਾ. ਹੁਕਮ ਚੰਦ ਰਾਜਪਾਲ ਅਤੇ ਡਾ. ਸਹਿਗਲ ਨੂੰ ਵੀ ਉਕਸਾਇਆ ਗਿਆ। ਡਾ. ਹੁਕਮ ਚੰਦ ਰਾਜਪਾਲ ਨੇ ਤਾਂ ਧਮਕੀ ਦੇ ਦਿੱਤੀ ਕਿ ਦੋ ਸਾਲ ਰੁਕੋ ਫੇਰ ਦੱਸਾਂਗੇ ਕਿ ਹਿੰਦੀ ਕੀ ਹੈ। ਭਾਸ਼ਾ ਵਿਭਾਗ ਨੇ ਡਾ. ਮਾਨ ਨੂੰ ਰੋਕਣ ਲਈ ਮਾਈਕ ਹੀ ਬੰਦ ਕਰ ਦਿੱਤਾ ਅਤੇ ਆਪਣੀ ਗੱਲ ਪੂਰੀ ਨਹੀਂ ਕਰਨ ਦਿੱਤੀ।

ਡਾ. ਤੇਜਵੰਤ ਮਾਨ ਜੋ ਸ਼੍ਰੋਮਣੀ ਸਾਹਿਤਕਾਰ ਹਨ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਹਨ, ਨਾਲ ਕੀਤੇ ਇਸ ਤਰ੍ਹਾਂ ਦੇ ਦੁਰਵਿਵਹਾਰ ਦਾ ਪੰਡਾਲ ਵਿਚ ਬੈਠੇ ਪੰਜਾਬੀ ਲੇਖਕਾਂ ਨੇ ਬੁਰਾ ਮਨਾਇਆ ਅਤੇ ਸੀਟਾਂ ਉਤੇ ਖੜੇ ਹੋ ਗਏ। ਡਾ. ਤੇਜਵੰਤ ਮਾਨ ਭਾਸ਼ਾ ਵਿਭਾਗ ਵੱਲੋਂ ਦਿੱਤੇ ਜਾਣ ਵਾਲੇ ਸਨਮਾਨ ਨੂੰ ਲੈਣ ਤੋਂ ਇਨਕਾਰ ਕਰਦਿਆਂ ਸਟੇਜ ਤੋਂ ਉਤਰ ਕੇ ਹੇਠਾਂ ਆ ਬੈਠੇ। ਪੰਜਾਬੀਆਂ ਦੇ ਹਰਮਨ ਪਿਆਰੇ ਲੇਖਕ ਸ਼੍ਰੋਮਣੀ ਸਾਹਿਤਕਾਰ ਨਾਲ ਕੀਤੇ ਗਏ ਇਸ ਦੁਰਵਿਵਹਾਰ ਲਈ ਪੰਜਾਬੀ ਦੇ ਪ੍ਰਸਿੱਧ ਲੇਖਕਾਂ ਜਸਵੰਤ ਸਿੰਘ ਕੰਵਲ, ਡਾ. ਸਵਰਾਜ ਸਿੰਘ, ਅਨੂਪ ਵਿਰਕ, ਗੁਰਭਜਨ ਗਿੱਲ, ਰਵਿੰਦਰ ਭੱਠਲ, ਡਾ. ਜੋਗਿੰਦਰ ਸਿੰਘ ਨਿਰਾਲਾ, ਪਵਨ ਹਰਚੰਦਪੁਰੀ, ਗੁਲਜ਼ਾਰ ਸਿੰਘ ਸ਼ੌਕੀ, ਨਵਰਾਹੀ ਘੁਗਿਆਣਵੀ, ਸੰਧੂ ਵਰਿਆਣਵੀ, ਡਾ. ਤੇਜਾ ਸਿੰਘ ਤਿਲਕ, ਜੋਗਿੰਦਰ ਕੌਰ ਅਗਨੀਹੋਤਰੀ, ਜਸਵਿੰਦਰ ਸਿੰਘ ਬਰਸਟ, ਗੁਰਨਾਮ ਸਿੰਘ, ਕ੍ਰਿਸ਼ਨ ਬੇਤਾਬ, ਜੰਗੀਰ ਸਿੰਘ ਰਤਨ ਆਦਿ ਨੇ ਰੋਸ ਪ੍ਰਗਟ ਕਰਦਿਆਂ ਚਿਤਾਵਨੀ ਦਿੱਤੀ ਹੈ ਕਿ ਉਹ ਪੰਜਾਬੀ ਭਾਸ਼ਾ ਦੀ ਤੌਹੀਨ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਇਸ ਘਟਨਾ ਦੀ ਉੱਚ ਪੱਧਰੀ ਜਾਂਚ ਕਰਵਾਏ। ਆਰ.ਐਸ.ਐਸ. ਦੇ ਹਿੰਦੀ ਹਿੰਦੂ ਹਿੰਦੂਸਤਾਨ ਦੇ ਪ੍ਰਚਾਰ ਪ੍ਰਸਾਰ ਨੂੰ ਤੁਰੰਤ ਰੋਕੇ। ਸਰਕਾਰੀ ਅਦਾਰਿਆਂ, ਵਿਦਿਅਕ ਸੰਸਥਾਵਾਂ, ਯੂਨੀਵਰਸਿਟੀਆਂ, ਸੱਭਿਆਚਾਰਕ ਅਦਾਰਿਆਂ ਵਿੱਚ ਕੀਤੀ ਜਾ ਰਹੀ ਇਸ ਤਰ੍ਹਾਂ ਦੀ ਫਿਰਕੂ ਸੋਚ ਦੀ ਘੁਸਪੈਠ ਬਾਰੇ ਸਖਤ ਨੀਤੀ ਅਪਣਾਈ ਜਾਵੇ।

## ਪੰਜਾਬੀ ਗੀਤਾਂ ਦੇ ਆਸਰੇ ਅਰਬਾਂਪਤੀ ਬਣੇ ਗੁਰਦਾਸ ਮਾਨ ਦਾ ਮੁਕੰਮਲ ਬਾਈਕਾਟ ਕੀਤਾ ਜਾਵੇ : ਯੂਨਾਈਟਿਡ ਖਾਲਸਾ ਦਲ ਯੂਕੇ

*“ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦੇ ਸ਼ਬਦ ਨੂੰ ਤੋੜ ਮਰੋੜ ਕੇ ਨਾ ਬਖਸ਼ਣਯੋਗ ਗੁਨਾਹ ਕੀਤਾ”*

**ਲੰਡਨ/ਏਟੀ ਨਿਊਜ਼ :** ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਕਿਹਾ ਗਿਆ ਹੈ ਕਿ ਸਿੱਧੂ ਮੂਸੇ ਵਾਲਾ, ਗੁਰਦਾਸ ਮਾਨ ਵਰਗੇ ਅਖੌਤੀ ਗਾਇਕ ਖਾਲਸਈ ਰਵਾਇਤਾਂ ਅਨੁਸਾਰ ਸਖਤ ਸਜਾ ਦੇ ਹੱਕਦਾਰ ਹਨ। ਪੰਜਾਬੀ ਬੋਲੀ ਦਾ ਅਪਮਾਨ ਕਰਨ ਵਾਲੇ ਗਾਇਕ ਗੁਰਦਾਸ ਮਾਨ ਦਾ ਹਰ ਸਿੱਖ ਅਤੇ ਹਰ ਪੰਜਾਬੀ ਨੂੰ ਮੁਕੰਮਲ ਬਾਈਕਾਟ ਕਰਨਾ ਅਜੋਕੇ ਸਮੇਂ ਦੀ ਖਾਸ ਲੋੜ ਹੈ, ਤਾਂ ਕਿ ਪੰਜਾਬੀ ਗੀਤ ਗਾ ਕੇ ਅਰਬਾਂਪਤੀ ਬਣੇ ਇਹਨਾਂ ਨਚਾਰਾਂ ਅਤੇ ਗਾਇਕਾਂ ਦੀ ਅਕ੍ਰਿਤਘਣਤਾ ਬਾਰੇ ਇਹਨਾਂ ਨੂੰ ਅਹਿਸਾਸ ਕਰਵਾਇਆ ਜਾ ਸਕੇ ਅਤੇ ਇਹਨਾਂ ਨੂੰ ਆਪਣੀ ਔਕਾਤ ਵਿੱਚ ਰਹਿਣ ਦਾ ਸਬਕ ਦਿੱਤਾ ਜਾ ਸਕੇ। ਉਨਾਂ ਕਿਹਾ ਕਿ ਜਿਥੇ ਸਿੱਧੂ ਮੂਸੇ ਵਾਲੇ ਨੇ ਮਾਤਾ ਭਾਗ ਕੌਰ ਜੀ ਬਾਰੇ ਅਪਮਾਨਜਨਕ ਲਫਜ ਵਰਤੇ, ਉੱਥੇ ਗੁਰਦਾਸ ਮਾਨ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਾਣੀ ਦੇ ਪਵਿੱਤਰ ਸ਼ਬਦ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਅਤੇ ਲਾਈਵ ਸ਼ੋਅ ਦੌਰਾਨ ਰੋਸ ਪ੍ਰਗਟ ਕਰ ਰਹੇ ਸਿੱਖ ਨੌਜਵਾਨ ਨੂੰ ਗੰਦੀ ਗਾਲ ਕੱਢੀ ਅਤੇ ਰੋਸ ਪ੍ਰਗਟ ਕਰਨ ਵਾਲੇ ਅੰਮ੍ਰਿਤਧਾਰੀ ਸਿੱਖ ਭਾਈ ਚਰਨਜੀਤ ਸਿੰਘ ਸੁੱਜੋਂ ਦੇ ਚਿੱਟੇ ਦਾਹੜੇ ‘ਤੇ ਵਿਅੰਗ ਕਰਦਿਆਂ ਕਿਹਾ ਕਿ “ਪਹਿਲਾਂ ਦੇਸ਼ ਵਿੱਚ ਚਿੱਟਾ ਨਹੀਂ ਰਹਿਣ ਦਿੱਤਾ, ਹੁਣ ਦਾਹੜੀ ਵਿੱਚ ਚਿੱਟਾ ਨਹੀਂ ਰਹਿਣ ਦੇਣਾ”। ਇਸ ਵਲੋਂ ਕੀਤਾ ਗਿਆ ਇਹ ਵਿਅੰਗ ਵਿਅਕਤੀਗਤ ਨਾ ਹੋ ਕੇ ਸਮੁੱਚੇ ਸਿੱਖਾਂ ਦੇ ਪ੍ਰਥਾਏ ਸਮਝਣਾ ਚਾਹੀਦਾ ਹੈ।

ਦਲ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਗੁਰਦਾਸ ਮਾਨ ਨੂੰ ਇੱਕੀਵੀ ਸਦੀ ਦੇ ਪਹਿਲੇ ਦੋ ਦਹਾਕਿਆਂ ਦਾ ਸਭ ਤੋਂ ਵੱਡਾ ਅਕ੍ਰਿਤਘਣ ਕਰਾਰ ਦਿੱਤਾ ਗਿਆ ਹੈ। ਜਿਕਰਯੋਗ ਹੈ ਕਿ ਹਜਾਰਾਂ ਸਿੱਖਾਂ ਦੇ ਕਾਤਲ ਕੇਪੀ.ਗਿੱਲ ਨੂੰ ਇਸੇ ਗੁਰਦਾਸ ਮਾਨ ਨੇ ਸੁਪਰ ਕੌਪ ਆਖ ਕੇ ਸਿੱਖ ਪਰਿਵਾਰਾਂ ਨਾਲ ਗਦਾਰੀ ਕੀਤੀ ਸੀ। ਦੁਸ਼ਟ ਕੇਪੀ.ਗਿੱਲ ਦੇ ਇਸ ਖਾਸ ਯਾਰ ਨੇ ਪੰਜਾਬ ਦੀ ਫਿਜਾ ਵਿੱਚ ਉਸ ਵਕਤ ਗਿੱਲ ਦੇ ਕਹਿਣ ‘ਤੇ ਲੱਚਰ ਅਖਾੜੇ ਲਗਾਏ ਅਤੇ ਖਾਲਿਸਤਾਨ ਦੇ ਸੰਘਰਸ਼ ਤੋਂ ਲੋਕਾਂ ਦਾ ਧਿਆਨ ਪਾਸੇ ਲਿਜਾਣ ਵਿੱਚ ਰੋਲ ਅਦਾ ਕੀਤਾ ਸੀ। ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਪੰਜਾਬੀਆਂ ਖਾਸ ਕਰ ਸਿੱਖਾਂ ਨੂੰ ਇਹੋ ਜਿਹੇ ਨਚਾਰਾਂ ਅਤੇ ਗਾਇਕਾਂ ਤੋਂ ਦੂਰ ਰਹਿਣ ਦੀ ਸਨਿਮਰ ਅਪੀਲ ਕੀਤੀ ਗਈ ਹੈ।

## ਸ਼੍ਰੋਮਣੀ ਅਕਾਲੀ ਦਲ (ਅ) ਯੂਕੇ. ਰਜਿ. ਵਲੋਂ ਸਰਬਸੰਮਤੀ ਨਾਲ ਅਗਲੇ 2 ਸਾਲ ਲਈ ਨੈਸ਼ਨਲ ਅਗਜੈਕਟਿਵ ਕਮੇਟੀ ਦੀ ਚੋਣ ਕੀਤੀ ਗਈ

**ਲੰਡਨ/ਏਟੀ ਨਿਊਜ :** 22 ਸਿਤੰਬਰ ਐਤਵਾਰ ਵਾਲੇ ਦਿਨ ਪਾਰਟੀ ਵੱਲੋਂ ਪ੍ਰਵਾਨਿਤ ਵਿਧਾਨ ਅਨੁਸਾਰ ਸਰਬਸੰਤੀ ਨਾਲ ਅਗਲੇ 2 ਸਾਲ ਲਈ ਨੈਸ਼ਨਲ ਅਗਜੈਕਟਿਵ ਕਮੇਟੀ ਦੀ ਚੋਣ ਕੀਤੀ ਗਈ, ਜਿਸ ਵਿਚ ਪ੍ਰਧਾਨ ਸੂਬਾ ਸਿੰਘ ਲਿਤਰਾਂ, ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਸਮਰਾ, ਮੀਤ ਪ੍ਰਧਾਨ ਹਰਿੰਦਰਜੀਤ ਸਿੰਘ ਮਾਨ ‘ਤੇ ਪਰਮਜੀਤ ਸਿੰਘ ਸਿੱਧੂ, ਸਕੱਤਰ ਜਨਰਲ ਸਰਬਜੀਤ ਸਿੰਘ, ਜਨਰਲ ਸਕੱਤਰ ਕੁਲਵੰਤ ਸਿੰਘ ਮੁਠੱਡਾ, ਸਕੱਤਰ ਜਸਵਿੰਦਰ ਸਿੰਘ ਰਾਏ, ਖਜਾਨਚੀ ਤਰਸੇਮ ਸਿੰਘ ਮੰਡੇਰ, ਔਰਗੇਨਾਈਜਰ ਭੁਪਿੰਦਰ ਸਿੰਘ ਜੌਹਲ, ਪ੍ਰੈਸ ਸਕੱਤਰ ਜਗਤਾਰ ਸਿੰਘ ਵਿਰਕ ਚੁਣੇ ਗਏ। ਪਾਰਟੀਵੱਲੋਂ ਅਕਤੂਬਰ ਅਤੇ ਦਸੰਬਰ ਲਈ ਉਲੀਕੇ ਗਏ ਪ੍ਰੋਗਰਾਮਾਂ ਦਾ ਵੇਰਵਾ ਜਲਦੀ ਦਿੱਤਾ ਜਾਵੇਗਾ ਅਤੇ ਹਰ ਸਾਲ ਦੀ ਤਰਾਂ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਦਿਵਸ ਨੂੰ ਸਮਰਪਿਤ ਸਮਾਗਮ ਫਰਵਰੀ ਵਿੱਚ ਕਰਵਾਇਆ ਜਾਵੇਗਾ। ਪਾਰਟੀ ਇੰਗਲੈਂਡ ਦੇ ਕਨੂੰਨਾਂ ਦੀ ਪਾਲਣਾਂ ਕਰਦੇ ਹੋਏ ਲੋਕਤੰਤਰਿਕ ਢੰਗ ਨਾਲ ਦੁਨੀਆਂ ਭਰ ਵਿੱਚ ਵਿਚਰ ਰਹੀ ਹਰ ਸਿੱਖ ਸ਼ਖਸੀਅਤ ਅਤੇ ਪਾਰਟੀ ਨਾਲ ਮੁੱਦਿਆਂ ‘ਤੇ ਅਧਾਰਿਤ ਸਹਿਯੋਗ ਕਰਨ ਲਈ ਵਚਨਬੱਧ ਹੈ ਅਤੇ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਬਚਨਾਂ ਕਿ ਜਿਸ ਦਿਨ ਫੌਜ ਦਰਬਾਰ ਸਾਹਿਬ ਵਿੱਚ ਦਾਖਲ ਹੋਈ ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ, ਮੁਤਾਬਿਕ ਸਿੱਖ ਕੌਮ ਦੇ ਹੱਕਾਂ ਹਿੱਤਾਂ ਲਈ ਜੂਝਦੀ ਰਹੇਗੀ।

# ਨਵੰਬਰ-84 ਦੇ ਸਿੱਖ ਕਤਲੇਆਮ ਦਾ ਗਵਾਹ ਐਸਆਈਟੀ ਅੱਗੇ ਪੇਸ਼

## *ਕਾਂਗਰਸੀ ਆਗੂ ਕਮਲਨਾਥ ’ਤੇ ਸ਼ਿਕੰਜਾ ਕਸਿਆ*

**ਨਵੀਂ ਦਿੱਲੀ/ਏਟੀ ਨਿਊਜ਼ :**
ਕਾਂਗਰਸ ਦੇ ਸੀਨੀਅਰ ਆਗੂ ਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲਨਾਥ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ। ਸੰਨ 1984 ਦੇ ਸਿੱਖ ਕਤਲੇਆਮ ਦੇ ਮਾਮਲੇ ‘ਚ ਇਕ ਗਵਾਹ ਮੁਖਤਿਆਰ ਸਿੰਘ ਆਪਣਾ ਬਿਆਨ ਦਰਜ ਕਰਵਾਉਣ ਲਈ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਸਾਹਮਣੇ ਪੇਸ਼ ਹੋਏ। ਦੱਖਣੀ ਦਿੱਲੀ ਦੇ ਖ਼ਾਨ ਮਾਰਕੀਟ ਇਲਾਕੇ ਵਿਚ ਸਥਿਤ ਐਸਆਈਟੀ ਦੇ ਦਫ਼ਤਰ ਵਿਚ ਮੁਖਤਿਆਰ ਸਿੰਘ ਪੁੱਜੇ ਤੇ ਘਟਨਾ ਦਾ ਬਿਓਰਾ ਦਿੱਤਾ।



ਪਹਿਲੀ ਵਾਰ ਉਹ ਤਿੰਨ ਮੈਂਬਰੀ ਐਸਆਈਟੀ ਅੱਗੇ ਪੇਸ਼ ਹੋਏ ਹਨ। ਐਸਆਈਟੀ ‘ਚ ਬਿਆਨ ਦਰਜ ਕਰਵਾਉਣ ਪਿੱਛੋਂ ਉਨ੍ਹਾਂ ਕਿਹਾ ਕਿ ਉਨ੍ਹਾਂ ਜੋ ਕੁਝ ਕਿਹਾ ਹੈ, ਉਸ ਬਾਰੇ ਕੋਈ ਜਾਣਕਾਰੀ ਜਨਤਕ ਨਹੀਂ ਕਰਨਗੇ।
ਸੂਤਰਾਂ ਮੁਤਾਬਕ ਮੁਖਤਿਆਰ ਸਿੰਘ ਨੇ ਐਸਆਈਟੀ ਮੈਂਬਰਾਂ ਨੂੰ ਘਟਨਾ ਤੋਂ ਜਾਣੂ ਕਰਵਾਇਆ। ਇਸ ਟੀਮ ‘ਚ ਇਕ ਸੀਨੀਅਰ ਆਈਪੀਐੱਸ ਅਧਿਕਾਰੀ, ਇਕ ਪੁਲਿਸ ਉਪ ਕਮਿਸ਼ਨਰ ਤੇ ਇਕ ਸੇਵਾ ਮੁਕਤ ਜ਼ਿਲ੍ਹਾ ਤੇ ਸੈਸ਼ਨਲ ਜੱਜ ਸ਼ਾਮਲ ਹਨ। ਇਹ ਮਾਮਲਾ ਪਹਿਲੀ ਨਵੰਬਰ 1984 ਨੂੰ ਗੁਰਦੁਆਰਾ ਰਕਾਬਗੰਜ ‘ਚ ਭੜਕੀ ਭੀੜ ਵੱਲੋਂ ਸਿੱਖਾਂ ਦੀ ਹੱਤਿਆ ਨਾਲ ਸਬੰਧਿਤ ਹੈ। ਨੌਂ ਨਵੰਬਰ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੇ ਮਾਮਲਾ ਦੁਬਾਰਾ ਖੋਲ੍ਹਣ ਦੀ ਮਨਜ਼ੂਰੀ ਦਿੱਤੀ ਸੀ। ਮੋਦੀ ਸਰਕਾਰ ਨੇ ਸਾਲ 2015 ਵਿਚ ਸਿੱਖ ਵਿਰੋਧੀ ਦੰਗਿਆਂ ਦੀ ਜਾਂਚ ਲਈ ਐਸਆਈਟੀ ਗਠਿਤ ਕਰ ਦਿੱਤੀ ਸੀ। 31 ਅਕਤੂਬਰ 1984 ਨੂੰ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖ ਕਤਲੇਆਮ ਸ਼ੁਰੂ ਹੋ ਗਿਆ ਸੀ। ਸ਼ੁਰੂ ਵਿਚ ਕਮਲਨਾਥ ਮਾਮਲੇ ‘ਚ ਮੁਲਜ਼ਮ ਸਨ ਪਰ ਅਦਾਲਤ ਨੇ ਉਹਨਾਂ ਵਿਰੁੱਧ ਕੋਈ ਸਬੂਤ ਨਹੀਂ ਪਾਇਆ ਸੀ। 72 ਸਾਲਾ ਕਾਂਗਰਸੀ ਆਗੂ ਤੇ ਨਹਿਰੂ-ਗਾਂਧੀ ਪਰਿਵਾਰ ਦੇ ਭਰੋਸੇਮੰਦ ਮੰਨੇ ਜਾਣ ਵਾਲੇ ਕਮਲਨਾਥ ਸੰਕਟ ਦਾ ਸਾਹਮਣਾ ਕਰ ਰਹੇ ਹਨ ਕਿਉਂਕਿ ਲੰਡਨ ‘ਚ ਰਹਿਣ ਵਾਲੇ ਪੱਤਰਕਾਰ ਸੰਜੇ ਸੂਰੀ ਨੇ ਵੀ ਮਾਮਲੇ ਵਿਚ ਗਵਾਹੀ ਦੇਣ ਦੀ ਇੱਛਾ ਪ੍ਰਗਟ ਕੀਤੀ ਹੈ। ਸੂਰੀ ਨੇ 15 ਸਤੰਬਰ ਨੂੰ ਐਸਆਈਟੀ ਨੂੰ ਪੱਤਰ ਭੇਜ ਕੇ ਪੇਸ਼ ਹੋਣ ਲਈ ਸਮਾਂ ਤੇ ਤਰੀਕ ਤੈਅ ਕਰਨ ਲਈ ਕਿਹਾ ਹੈ।

# ਪੰਜਾਬ ਦੇ ਸਿਆਸਤਦਾਨਾਂ ਦੇ ਇਲਾਜ ਨੇ ਖ਼ਜ਼ਾਨੇ ਦੀ ਕੀਤੀ ਮਾੜੀ ਹਾਲਤ

## ਮੌਜੂਦਾ ਵਿਧਾਇਕਾਂ/ਸਾਬਕਾ ਵਿਧਾਇਕਾਂ ਦੀ ਸਿਹਤ ’ਤੇ ਰੋਜ਼ਾਨਾ ਔਸਤਨ ਖਰਚੇ ਜਾਂਦੇ ਨੇ ਕਰੀਬ 40 ਹਜ਼ਾਰ ਰੁਪਏ




**ਬਠਿੰਡਾ/ਏਟੀ ਨਿਊਜ਼ :**
ਪੰਜਾਬ ਸਰਕਾਰ ਵੱਲੋਂ ਸਰਕਾਰੀ ਖ਼ਜ਼ਾਨੇ ਵਿਚੋਂ ਮੌਜੂਦਾ ਵਿਧਾਇਕਾਂ/ਸਾਬਕਾ ਵਿਧਾਇਕਾਂ ਦੀ ਸਿਹਤ ’ਤੇ ਰੋਜ਼ਾਨਾ ਔਸਤਨ ਕਰੀਬ 40 ਹਜ਼ਾਰ ਰੁਪਏ ਖਰਚੇ ਜਾਂਦੇ ਹਨ। ਜਦੋਂ ਵਿਧਾਇਕ ਵਾਲੀ ਕੁਰਸੀ ਖੁਸ ਜਾਂਦੀ ਹੈ, ਉਸ ਮਗਰੋਂ ਇਲਾਜ ਖਰਚਾ ਵੱਡੀ ਛਾਲ ਮਾਰਦਾ ਹੈ। ਗੱਦੀ ਦੌਰਾਨ ਓਨਾ ਸਿਹਤ ਖਰਚਾ ਨਹੀਂ ਹੁੰਦਾ, ਜਿੰਨਾ ‘ਸਾਬਕਾ’ ਦੀ ਫੀਤੀ ਲੱਗਣ ਮਗਰੋਂ ਹੁੰਦਾ ਹੈ। ਮੁੱਖ ਮੰਤਰੀ, ਸਾਬਕਾ ਮੁੱਖ ਮੰਤਰੀ ਅਤੇ ਮੰਤਰੀ/ਸਾਬਕਾ ਮੰਤਰੀ ਦਾ ਸਿਹਤ ਖਰਚਾ ਇਸ ਤੋਂ ਵੱਖਰਾ ਹੈ। ਪੰਜਾਬ ਵਿਧਾਨ ਸਭਾ ਸਕੱਤਰੇਤ ਤੋਂ ਆਰਟੀਆਈ ਵਿਚ ਪ੍ਰਾਪਤ ਤਾਜ਼ਾ ਵੇਰਵਿਆਂ ਅਨੁਸਾਰ ਲੰਘੇ ਬਾਰਾਂ ਵਰ੍ਹਿਆਂ ਵਿਚ ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਦੇ ਇਲਾਜ ’ਤੇ 16.72 ਕਰੋੜ ਰੁਪਏ ਦਾ ਖਰਚਾ ਆਇਆ ਹੈ। ਸਾਲ 2007-08 ਤੋਂ 2018-19 ਦੌਰਾਨ ਵਿਧਾਇਕਾਂ ਦੇ ਇਲਾਜ ’ਤੇ 6.24 ਕਰੋੜ ਰੁਪਏ ਖਰਚ ਆਇਆ ਹੈ ਜਦੋਂ ਕਿ ਸਾਬਕਾ ਵਿਧਾਇਕਾਂ ਦੀ ਸਿਹਤਯਾਬੀ ’ਤੇ ਇਸੇ ਸਮੇਂ ਦੌਰਾਨ 10.48 ਕਰੋੜ ਖਰਚ ਕੀਤੇ ਗਏ ਹਨ। ਵਿਧਾਇਕਾਂ/ਸਾਬਕਾ ਵਿਧਾਇਕਾਂ ਦੇ ਇਲਾਜ ’ਤੇ ਸਰਕਾਰੀ ਖ਼ਜ਼ਾਨੇ ਵਿਚੋਂ ਔਸਤਨ ਰੋਜ਼ਾਨਾ ਕਰੀਬ 38,717 ਰੁਪਏ ਖਰਚੇ ਜਾ ਰਹੇ ਹਨ ਅਤੇ ਪ੍ਰਤੀ ਮਹੀਨਾ ਇਹੋ ਖਰਚ 11.61 ਲੱਖ ਰੁਪਏ ਬਣ ਜਾਂਦਾ ਹੈ। ਇਸੇ ਤਰ੍ਹਾਂ ਸਾਲਾਨਾ ਸਿਹਤ ਖਰਚਾ 1.39 ਕਰੋੜ ਬਣਦਾ ਹੈ।
ਤੱਥਾਂ ਅਨੁਸਾਰ ਵਿਧਾਇਕਾਂ ਦੇ ਇਲਾਜ ’ਤੇ ਔਸਤਨ ਰੋਜ਼ਾਨਾ ਕਰੀਬ 14,453 ਰੁਪਏ ਖਰਚ ਹੋ ਰਹੇ ਹਨ ਜਦੋਂ ਕਿ ਸਾਬਕਾ ਵਿਧਾਇਕਾਂ ਦੇ ਇਲਾਜ ’ਤੇ ਰੋਜ਼ਾਨਾ ਔਸਤਨ ਕਰੀਬ 24,264 ਰੁਪਏ ਦਾ ਖਰਚਾ ਆ ਰਿਹਾ ਹੈ। ਵਿਧਾਇਕਾਂ ’ਤੇ ਨਜ਼ਰ ਮਾਰੀਏ ਤਾਂ ਲੰਘੇ 12 ਵਰ੍ਹਿਆਂ ਦੌਰਾਨ ਹਰ ਸਾਲ ਔਸਤਨ 41 ਵਿਧਾਇਕਾਂ ਦੇ ਇਲਾਜ ਦਾ ਖਰਚਾ ਸਰਕਾਰੀ ਖ਼ਜ਼ਾਨੇ ਨੇ ਝੱਲਿਆ ਜਦੋਂ ਕਿ ਔਸਤਨ 152 ਸਾਬਕਾ ਵਿਧਾਇਕਾਂ ਨੇ ਹਰ ਵਰ੍ਹੇ ਖ਼ਜ਼ਾਨੇ ਦੀ ਮਦਦ ਨਾਲ ਆਪਣਾ ਇਲਾਜ ਕਰਾਇਆ। ਏਨਾ ਸਾਫ ਹੈ ਕਿ ‘ਸਾਬਕਾ’ ਬਣਨ ਮਗਰੋਂ ਇਲਾਜ ਦਾ ਖਰਚਾ ਵਧਿਆ ਹੈ। ਮਿਸਾਲ ਵਜੋਂ ਲੰਘੇ ਮਾਲੀ ਵਰ੍ਹੇ ਦੌਰਾਨ ਸਿਰਫ਼ 19 ਵਿਧਾਇਕਾਂ ਨੇ ਇਲਾਜ ਦਾ ਖਰਚਾ ਲਿਆ ਹੈ ਜਦੋਂਕਿ ਇਸੇ ਦੌਰਾਨ 215 ਸਾਬਕਾ ਵਿਧਾਇਕਾਂ ਦਾ ਇਲਾਜ ਬਿੱਲ ਖ਼ਜ਼ਾਨੇ ਨੇ ਚੁੱਕਿਆ ਹੈ।
ਸਾਲ 2018-19 ਦੌਰਾਨ ਵਿਧਾਇਕਾਂ ਦਾ ਸਿਹਤ ਖਰਚ 33.37 ਲੱਖ ਰੁਪਏ ਅਤੇ ਸਾਬਕਾ ਵਿਧਾਇਕਾਂ ਦਾ ਇਸੇ ਸਾਲ ਦੌਰਾਨ 1.18 ਕਰੋੜ ਰੁਪਏ ਇਲਾਜ ਖਰਚ ਰਿਹਾ ਹੈ। ਲੰਘੇ ਬਾਰਾਂ ਸਾਲਾਂ ਦੌਰਾਨ ਸਭ ਤੋਂ ਵੱਡਾ ਇਲਾਜ ਖਰਚਾ ਬਾਦਲ ਤੇ ਬਰਾੜ ਪਰਿਵਾਰ ਦਾ ਰਿਹਾ ਹੈ। ਬਾਦਲ ਪਰਿਵਾਰ ਨੇ ਇਸ ਸਮੇਂ ਦੌਰਾਨ 4.50 ਕਰੋੜ ਰੁਪਏ ਇਲਾਜ ਖਰਚ ਵਜੋਂ ਖ਼ਜ਼ਾਨੇ ਵਿਚੋਂ ਲਏ ਹਨ ਜਦੋਂ ਕਿ ਮਰਹੂਮ ਵਿਧਾਇਕ ਕੰਵਰਜੀਤ ਸਿੰਘ ਬਰਾੜ ਦੇ ਇਲਾਜ ’ਤੇ ਵੀ 3.43 ਕਰੋੜ ਦਾ ਖਰਚ ਆਇਆ ਸੀ। ਪੰਜਾਬ ਦੇ ਆਮ ਲੋਕਾਂ ਦੀ ਸਿਹਤ ਦਾਅ ’ਤੇ ਲੱਗੀ ਹੋਈ ਹੈ। ਗਰੀਬ ਆਦਮੀ ਦੀ ਜ਼ਿੰਦਗੀ ਵਿਚ ਤਾਂ ਅਰਦਾਸ ਤੋਂ ਸਿਵਾ ਕੁਝ ਬਚਿਆ ਨਹੀਂ ਹੈ। ਪੰਜਾਬ ਸਰਕਾਰ ਤਰਫ਼ੋਂ 20 ਫਰਵਰੀ 2004 ਤੋਂ ਵਿਧਾਇਕਾਂ ਨੂੰ ਖੁੱਲ੍ਹਾ ਮੈਡੀਕਲ ਖਰਚ ਦਿੱਤਾ ਜਾਂਦਾ ਹੈ ਜਦੋਂਕਿ ਪਹਿਲਾਂ ਅਜਿਹਾ ਨਹੀਂ ਸੀ।

# ਟਿਕਟ ਦੇ ਜੁਗਾੜ ’ਚ ਲੱਗੇ ਭਾਜਪਾ ਲੀਡਰਾਂ ਨੂੰ ਠੱਗਣ ਦੀ ਕੋਸ਼ਿਸ਼

**ਹਿਸਾਰ/ਏਟੀ ਨਿਊਜ਼ :** ਟਿਕਟ ਦੇ ਜੁਗਾੜ ਵਿੱਚ ਲੱਗੇ ਲੱਗੇ ਬੀਜੇਪੀ ਲੀਡਰਾਂ ਨਾਲ ਲੱਖਾਂ ਦੀ ਠੱਗੀ ਦਾ ਮਾਮਲਾ ਸਾਹਮਣੇ ਆਇਆ ਹੈ। ਹਾਂਸੀ ਜ਼ਿਲ੍ਹਾ ਪੁਲਿਸ ਨੇ ਲੀਡਰਾਂ ਤੋਂ ਟਿਕਟ ਦੇਣ ਦੇ ਨਾਂ ’ਤੇ ਠੱਗੀ ਕਰਨ ਵਾਲੇ ਸ਼ਖ਼ਸ ਨੂੰ ਬੀਤੇ ਦਿਨੀਂ ਚੰਡੀਗੜ੍ਹ ਤੋਂ ਗ੍ਰਿਫ਼ਤਾਰ ਕੀਤਾ। ਸਥਾਨਕ ਬੀਜੇਪੀ ਲੀਡਰ ਰਾਜੇਸ਼ ਠਕਰਾਲ ਨੂੰ ਫੋਨ ਕਰਕੇ ਠੱਗ ਨੇ ਖ਼ੁਦ ਨੂੰ ਮੰਨਿਆ ਪ੍ਰਮੰਨਿਆ ਚੋਣ ਪ੍ਰਚਾਰ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦੱਸਿਆ ਸੀ ਤੇ 11 ਲੱਖ ਵਿੱਚ ਬੀਜੇਪੀ ਦੀ ਟਿਕਟ ਦਿਵਾਉਣ ਦੀ ਗੱਲ ਕਹੀ ਸੀ। ਰਾਜੇਸ਼ ਠਕਰਾਲ ਨੂੰ ਟਿਕਟ ਦਿਵਾਉਣ ਦਾ ਦਾਅਵਾ ਕਰਨ ਵਾਲੇ ਵਿਅਕਤੀ ’ਤੇ ਸ਼ੱਕ ਹੋ ਗਿਆ ਸੀ। ਉਸ ਨੇ ਪੁਲਿਸ ਨੂੰ ਪੂਰੇ ਮਾਮਲੇ ਬਾਰੇ ਜਾਣਕਾਰੀ ਦਿੱਤੀ, ਜਿਸਦੇ ਬਾਅਦ ਪੁਲਿਸ ਨੇ ਜਾਲ ਵਿਛਾ ਕੇ ਠੱਗ ਨੌਜਵਾਨ ਨੂੰ ਚੰਡੀਗੜ੍ਹ ਤੋਂ ਗ੍ਰਿਫ਼ਤਾਰ ਕਰ ਲਿਆ। ਹਾਸਲ ਜਾਣਕਾਰੀ ਛੇ ਦਿਨ ਪਹਿਲਾਂ ਮੁਤਾਬਕ ਬੀਜੇਪੀ ਲੀਡਰ ਰਾਜੇਸ਼ ਠਕਰਾਲ ਕੋਲ ਇੱਕ ਵਿਅਕਤੀ ਨੇ ਫੋਨ ਕੀਤਾ ਤੇ ਟਿਕਟ ਦਿਵਾਉਣ ਦੀ ਗੱਲ ਕਹੀ। ਉਸ ਨੇ ਕਮਲ ਗੁਪਤਾ ਕੋਲੋਂ ਵੀ ਰਾਜੇਸ਼ ਨੂੰ ਫੋਨ ਕਰਵਾਇਆ। ਪਰ ਰਾਜੇਸ਼ ਨੇ ਜਦੋਂ ਦਿੱਲੀ ਹੈਡਕੁਆਰਟਰ ਵਿੱਚ ਗੱਲ ਕੀਤੀ ਤਾਂ ਪਤਾ ਲੱਗਾ ਕਿ ਬੀਜੇਪੀ ਨਾਲ ਅਜਿਹਾ ਕੋਈ ਵਿਅਕਤੀ ਨਹੀਂ ਜੁੜਿਆ। ਇਸ ਤੋਂ ਬਾਅਦ ਰਾਜੇਸ਼ ਠਕਰਾਲ ਨੇ ਪੁਲਿਸ ਨੂੰ ਪੂਰੇ ਮਾਮਲੇ ਬਾਰੇ ਜਾਣਕਾਰੀ ਦਿੱਤੀ। ਕ੍ਰਾਈਮ ਬ੍ਰਾਂਚ ਨੇ ਹਾਂਸੀ ਪੁਲਿਸ ਦੀ ਟੀਮ ਕੋਲੋਂ ਜਾਲ ਵਿਛਾ ਕੇ ਅੰਮ੍ਰਿਤਸਰ ਨਿਵਾਸੀ ਗੌਰਵ ਕੁਮਾਰ ਨੂੰ ਚੰਡੀਗੜ੍ਹ ਦੇ ਇੱਕ ਹੋਟਲ ਵਿੱਚ ਸੌਦਾ ਕਰਨ ਲਈ ਬੁਲਾਇਆ ਤੇ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ।

## ਗੁਰਦੁਆਰੇ ਦੇ ਬਾਹਰ ਨਸਲੀ ਸ਼ਬਦ ਲਿਖਣ ਵਾਲੇ ਦੋਸ਼ੀ ਨੂੰ 16 ਮਹੀਨੇ ਦੀ ਕੈਦ

**ਵਾਸ਼ਿੰਗਟਨ/ਏਟੀ ਨਿਊਜ਼ :**
ਅਮਰੀਕਾ ਵਿਚ ਗੁਰਦੁਆਰੇ ਦੇ ਬਾਹਰ ਨਫ਼ਰਤੀ ਸੁਨੇਹੇ ਲਿਖਣ ਵਾਲੇ 29 ਵਰ੍ਹਿਆਂ ਦੇ ਵਿਅਕਤੀ ਨੂੰ 16 ਮਹੀਨਿਆਂ ਦੀ ਸਜ਼ਾ ਸੁਣਾਈ ਗਈ ਹੈ। ਆਰਟਿਓਮ ਮਨੂਕਯਨ ਦੀ ਸਜ਼ਾ ਪਹਿਲਾਂ ਤੋਂ ਚਲ ਰਹੇ ਅੱਗਜ਼ਨੀ ਦੇ ਕੇਸ ਵਿਚ ਮਿਲੀ ਸਜ਼ਾ ਨਾਲ ਬਰਾਬਰ ਚਲੇਗੀ। ਲਾਸ ਏਂਜਲਸ ਦੇ ਪੁਲੀਸ ਵਿਭਾਗ ਮੁਤਾਬਕ ਉਸ ਨੇ ਅਗਸਤ 2017 ਵਿਚ ਲੌਸ ਫੇਲਿਜ਼ ਵਿਚ ਵਰਮੌਂਟ ਐਵੇਨਿਊ ਦੇ ਹੌਲੀਵੁੱਡ ਗੁਰਦੁਆਰੇ ਦੇ ਬਾਹਰ ਦੋ ਨਫ਼ਰਤੀ ਨਾਅਰੇ ਤੇ ਸੁਨੇਹੇ ਲਿਖੇ ਸਨ। ਉਸ ਨੂੰ ਬੀਤੇ ਦਿਨੀਂ ਸਜ਼ਾ ਸੁਣਾਈ ਗਈ। ਪੁਲੀਸ ਪਹਿਲਾਂ ਉਸ ’ਤੇ ਨਫ਼ਰਤੀ ਜੁਰਮ ਦੇ ਦੋਸ਼ ਲਾਉਣ ਬਾਰੇ ਵਿਚਾਰ ਕਰ ਰਹੀ ਸੀ ਕਿਉਂਕਿ ਉਨ੍ਹਾਂ ਦਾ ਕਹਿਣਾ ਸੀ ਕਿ ਸੁਨੇਹੇ ਸਿੱਖ ਭਾਈਚਾਰੇ ਲਈ ਖ਼ਤਰਾ ਸਨ। 2017 ਦੀ ਘਟਨਾ ਤੋਂ ਪਹਿਲਾਂ ਮਨੂਕਯਨ ਨੂੰ ਡਕੈਤੀ ਅਤੇ ਧਮਕੀਆਂ ਦੇਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਸੀ।

### *ਮਾਮਲਾ ਤਰਨ ਤਾਰਨ ਬੰਬ ਧਮਾਕੇ ਦਾ*

# ਕੈਪਟਨ ਸਰਕਾਰ ਵਲੋਂ ਜਾਂਚ ਐੱਨ.ਆਈ.ਏ. ਹਵਾਲੇ

**ਤਰਨ ਤਾਰਨ/ਏਟੀ ਨਿਊਜ਼ :** ਤਰਨ ਤਾਰਨ ਦੇ ਨਜ਼ਦੀਕੀ ਪਿੰਡ ਪੰਡੋਰੀ ਗੋਲਾ ਵਿਖੇ 4 ਸਤੰਬਰ ਨੂੰ ਵਿਸਫੋਟਕ ਧਮਾਕੇ ਵਿਚ ਮਾਰੇ ਗਏ ਦੋ ਨੌਜਵਾਨਾਂ ਤੇ ਇਕ ਜ਼ਖ਼ਮੀ ਹੋਏ ਨੌਜਵਾਨ ਦੇ ਮਾਮਲੇ ਦੀ ਜਾਂਚ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਦੀ ਸਿਫਾਰਿਸ਼ ’ਤੇ ਕੌਮੀ ਜਾਂਚ ਏਜੰਸੀ ਨੂੰ ਸੌਂਪ ਦਿੱਤੀ ਹੈ। ਇਸ ਅਹਿਮ ਕੇਸ ਵਿਚ ਤਰਨ ਤਾਰਨ ਦੀ ਪੁਲਿਸ ਵਲੋਂ 7 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਸੀ ਜਦਕਿ ਧਮਾਕੇ ਦੌਰਾਨ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਗੁਰਜੰਟ ਸਿੰਘ ਜੰਟਾ ਨੂੰ ਵੀ ਪੁਲਿਸ ਨੇ ਇਸ ਕੇਸ ਵਿਚ ਨਾਮਜ਼ਦ ਕੀਤਾ ਹੈ। ਵਰਣਨਯੋਗ ਹੈ ਕਿ ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਪੰਡੋਰੀ ਗੋਲਾ ਦੇ ਬਾਹਰ ਇਕ ਖ਼ਾਲੀ ਪਲਾਟ ਵਿਚ ਹੋਏ ਸ਼ਕਤੀਸ਼ਾਲੀ ਧਮਾਕੇ ਕਾਰਨ ਹਰਪ੍ਰੀਤ ਸਿੰਘ ਹੈਪੀ ਤੇ ਵਿਕਰਮਜੀਤ ਸਿੰਘ ਵਿੱਕੀ ਦੀ ਮੌਕੇ ’ਤੇ ਹੀ ਮੌਤ ਹੋ ਗਈ ਸੀ ਤੇ ਉਨ੍ਹਾਂ ਦੇ ਤੀਸਰੇ ਸਾਥੀ ਗੁਰਜੰਟ ਸਿੰਘ ਜੰਟਾ ਇਸ ਧਮਾਕੇ ਕਾਰਨ ਬਹੁਤ ਹੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ ਸੀ, ਜੋ ਕਿ ਇਸ ਸਮੇਂ ਹਸਪਤਾਲ ਵਿਖੇ ਜੇਰੇ ਇਲਾਜ ਹੈ। ਪੁਲੀਸ ਨੇ ਜਦੋਂ ਇਹਨਾਂ ਪਾਸੋਂ ਸਖ਼ਤੀ ਨਾਲ ਪੁੱਛਗਿੱਛ ਕੀਤੀ ਤਾਂ ਇਹ ਗੱਲ ਸਾਹਮਣੇ ਆਈ ਕਿ ਇਨ੍ਹਾਂ ਵਿਅਕਤੀਆਂ ਦੇ ਸਬੰਧ ਪਾਕਿਸਤਾਨ ਅਤੇ ਹੋਰਨਾਂ ਦੇਸ਼ਾਂ ਵਿਚ ਬੈਠੇ ਗਰਮ ਖ਼ਿਆਲੀਆਂ ਨਾਲ ਹਨ। ਇਸ ਵਿਸਫੋਟਕ ਧਮਾਕੇ ਵਿਚ ਮਾਰੇ ਗਏ ਵਿਅਕਤੀ ਪੰਡੋਰੀ ਗੋਲਾ ਨੇੜੇ ਖ਼ਾਲੀ ਜਗ੍ਹਾ ਵਿਚ ਦੱਬੇ ਵਿਸਫੋਟਕ ਨੂੰ ਲੈਣ ਲਈ ਆਏ ਸਨ ਅਤੇ ਉਨ੍ਹਾਂ ਦੀ ਯੋਜਨਾ ਧਮਾਕਾ ਕਰਨ ਦੀ ਸੀ। ਪੁਲਿਸ ਅਧਿਕਾਰੀਆਂ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਚੰਨਪ੍ਰੀਤ ਸਿੰਘ ਦੇ ਸਬੰਧ ਪਾਕਿਸਤਾਨ ਵਿਚ ਬੈਠੇ ਇਕ ਵਿਅਕਤੀ ਨਾਲ ਸਨ ਤੇ ਚੰਨਪ੍ਰੀਤ ਸਿੰਘ ਦਾ ਉਸ ਵਿਅਕਤੀ ਨਾਲ ਫੇਸਬੁੱਕ ’ਤੇ ਸੰਪਰਕ ਹੋਇਆ ਸੀ ਤੇ ਉਹ ਵਿਅਕਤੀ ਚੰਨਪ੍ਰੀਤ ਸਿੰਘ ਨੂੰ ਖ਼ਾਲਿਸਤਾਨ ਸਬੰਧੀ ਵਟਸਅਪ ’ਤੇ ਸੰਦੇਸ਼ ਭੇਜਦਾ ਸੀ। ਅਧਿਕਾਰੀਆਂ ਅਨੁਸਾਰ ਫੜੇ ਗਏ ਨੌਜਵਾਨਾਂ ਦੇ ਨਿਸ਼ਾਨੇ ’ਤੇ ਪੰਜਾਬ ਦੇ ਡੇਰੇ ਤੇ ਸ਼ਿਵ ਸੈਨਾ ਦੇ ਆਗੂ ਵੀ ਸਨ ਤੇ ਬਿਕਰਮਜੀਤ ਸਿੰਘ ਤੇ ਜੰਟਾ ਵਲੋਂ 25 ਮਈ, 2016 ਨੂੰ ਰਈਆ-ਬਿਆਸ ਲਿੰਕ ਰੋਡ ’ਤੇ ਵੀ ਇਕ ਛੋਟੇ ਬੰਬ ਧਮਾਕੇ ਦਾ ਪ੍ਰਯੋਗ ਕੀਤਾ ਸੀ।

## ਅੰਮ੍ਰਿਤਸਰ ’ਚ ਜ਼ਬਰਦਸਤ ਧਮਾਕਾ, ਦੋ ਦੀ ਮੌਤ

**ਛੇਹਰਟਾ/ਏਟੀ ਨਿਊਜ਼ :**
ਪੁਤਲੀਘਰ ਤਹਿਤ ਪੈਂਦੇ ਇਲਾਕਾ ਲਵ ਕੁਸ਼ ਨਗਰ ਵਿਖੇ ਸੋਮਵਾਰ ਸ਼ਾਮ ਕਰੀਬ ਸਾਢੇ ਛੇ ਵਜੇ ਉਸ ਸਮੇਂ ਦਹਿਸ਼ਤ ਫੈਲ ਗਈ ਜਦ ਇਕ ਘਰ ਵਿਚ ਕਬਾੜ ਦਾ ਸਮਾਨ ਛਾਂਟਣ ਦੌਰਾਨ ਜ਼ਬਰਦਸਤ ਧਮਾਕਾ ਹੋ ਗਿਆ ਜਿਸ ਕਾਰਨ ਕਬਾੜ ਛਾਂਟ ਰਹੇ ਦੋ ਵਿਅਕਤੀਆਂ ਦੀ ਮੌਤ ਹੋ ਗਈ ਹੈ, ਜਦਕਿ ਇਕ ਢਾਈ ਸਾਲ ਦੇ ਬੱਚੇ ਸਮੇਤ ਪੰਜ ਹੋਰ ਲੋਕ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਵੱਖ-ਵੱਖ ਹਸਪਤਾਲਾਂ ਵਿਚ ਦਾਖ਼ਲ ਕਰਵਾਇਆ ਗਿਆ ਹੈ। ਇਲਾਕਾ ਵਾਸੀਆਂ ਵੱਲੋਂ ਰੋਸ ਪ੍ਰਗਟਾਉਂਦਿਆ ਦੱਸਿਆ ਗਿਆ ਕਿ ਇਹ ਹਾਦਸਾ ਪੁਲਿਸ ਦੀ ਅਣਗਹਿਲੀ ਕਾਰਨ ਵਾਪਰਿਆ ਹੈ। ਇਹ ਧਮਾਕਾ ਥਾਣੇ ਦੇ ਕਬਾੜ ਵਿਚ ਮੌਜੂਦ ਕਿਸੇ ਸਰਕਾਰੀ ਅਸਲੇ ਨਾਲ ਹੋਇਆ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਬਿਨਾ ਕਿਸੇ ਦਸਤਾਵੇਜ਼ੀ ਸਬੂਤ ਦੇ ਇਹ ਕਬਾੜ ਦਾ ਸਮਾਨ ਚੁੱਕਵਾਇਆ ਗਿਆ ਹੈ, ਜਿਸ ਨਾਲ ਜਿੱਥੇ ਦੋ ਬੇਕਸੂਰ ਲੋਕਾਂ ਦੀ ਮੌਤ ਹੋਈ ਹੈ, ਉੱਥੇ ਨਾਲ ਹੀ ਪੰਜ ਹੋਰ ਲੋਕ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ ਹਨ। ਲੋਕਾਂ ਨੇ ਪੁਲਿਸ ਦੀ ਕਾਰਗੁਜਾਰੀ ਨੂੰ ਸਵਾਲਾਂ ਦੇ ਘੇਰੇ ਵਿਚ ਲੈਂਦਿਆਂ ਦੋਸ਼ ਲਾਇਆ ਕਿ ਇਨ੍ਹਾਂ ਬੇਕਸੂਰਾਂ ਦੀ ਮੌਤ ਤੇ ਜ਼ਖ਼ਮੀਆਂ ਦੇ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਨੂੰ ਬਣਦੀ ਕਾਨੂੰਨੀ ਕਾਰਵਾਈ ਦੇ ਦਾਇਰੇ ਵਿਚ ਲੈ ਕੇ ਜੇਕਰ ਕੋਈ ਢੁੱਕਵੀਂ ਕਾਰਵਾਈ ਨਾ ਕੀਤੀ ਤਾਂ ਉਨ੍ਹਾਂ ਵੱਲੋਂ ਸੰਘਰਸ਼ ਕੀਤਾ ਜਾਵੇਗਾ। ਮੌਕੇ ‘ਤੇ ਪੁੱਜੇ ਪੁਲਿਸ ਕਮਿਸ਼ਨਰ ਸੁਖਚੈਨ ਸਿੰਘ ਗਿੱਲ ਨੇ ਦੱਸਿਆ ਕਿ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਵੱਲੋਂ ਮੁਕੰਮਲ ਜਾਂਚ ਪਿੱਛੋਂ ਸੱਚਾਈ ਨੂੰ ਸਾਹਮਣੇ ਲਿਆਂਦਾ ਜਾਵੇਗਾ।

# ਸ਼ਰਾਬ ਦੇ ਦਰਿਆ ਵਿਚ ਹੁਣ ਭਾਰਤੀ ਔਰਤਾਂ ਵੀ ਡੁੱਬੀਆਂ—ਇਕ ਸਰਵੇਖਣ

**ਨਵੀਂ ਦਿੱਲੀ/ਏਟੀ ਨਿਊਜ਼ :** ਦਿੱਲੀ ਵਿੱਚ ਔਰਤਾਂ ਦੀ ਸ਼ਰਾਬ ਪੀਣ ਦੀ ਆਦਤ ਬਾਰੇ ਕੀਤੇ ਸਰਵੇਖਣ ਵਿੱਚ ਇਹ ਖੁਲਾਸਾ ਹੋਇਆ ਹੈ। ਇਹ ਸਰਵੇਖਣ ਦਿੱਲੀ ਵਿੱਚ 18 ਤੋਂ 70 ਸਾਲ ਤੱਕ ਦੀਆਂ ਕਰੀਬ 5,000 ਔਰਤਾਂ ’ਤੇ ‘ਕਮਿਊਨਿਟੀ ਅਗੇਂਸਟ ਡਰੰਕਨ ਡਰਾਈਵਿੰਗ’ ਵੱਲੋਂ ਕੀਤਾ ਗਿਆ ਹੈ। ਸ਼ਰਾਬ ਸੇਵਨ ਦੇ ਮਾਮਲੇ ਵਿੱਚ ਭਾਰਤ ਪਹਿਲਾਂ ਹੀ ਦੁਨੀਆ ਵਿਚ ਨੰਬਰ ਇੱਕ ਹੈ ਤੇ ਭਾਰਤੀਆਂ ਦੀ ਸ਼ਰਾਬ ਲਈ ਰੁਚੀ ਵਧਦੀ ਹੀ ਜਾ ਰਹੀ ਹੈ। ਸਰਵੇਖਣ ਕਰਨ ਵਾਲੇ ਸੰਗਠਨ ਮੁਤਾਬਕ ਭਾਰਤੀਆਂ ਵਿੱਚ ਸ਼ਰਾਬ ਸੇਵਨ 2005 ਵਿੱਚ 2.4 ਲੀਟਰ ਪ੍ਰਤੀ ਵਿਅਕਤੀ ਪ੍ਰਤੀ ਸਾਲ ਤੋਂ ਲੈ ਕੇ 2016 ਵਿੱਚ 5.7 ਲੀਟਰ ਪ੍ਰਤੀ ਵਿਅਕਤੀ ਪ੍ਰਤੀ ਸਾਲ ਵਧ ਗਿਆ ਹੈ। ਵਿਸ਼ਵ ਸਿਹਤ ਸੰਗਠਨ ਦੀ ਇਕ ਰਿਪੋਰਟ ਮੁਤਾਬਕ 2010-17 ਤੱਕ ਭਾਰਤ ਵਿੱਚ ਸ਼ਰਾਬ ਸੇਵਨ 38 ਫ਼ੀਸਦ ਵਧਿਆ ਹੈ। ਇਸ ਵਾਧੇ ਵਿੱਚ ਔਰਤਾਂ ਦਾ ਕਾਫ਼ੀ ਯੋਗਦਾਨ ਰਿਹਾ ਹੈ। ਇਹ ਸਰਵੇਖਣ ਮੌਜੂਦਾ ਸੇਵਨ, ਖ਼ਰਚਿਆਂ, ਪੀਣ ਦੀਆਂ ਆਦਤਾਂ ਤੇ ਥਾਵਾਂ ਦੇ ਨੁਕਤਿਆਂ ਤੋਂ ਕੀਤਾ ਗਿਆ ਹੈ। ਰਵਾਇਤੀ ਤੌਰ ’ਤੇ ਇਸ ਤੋਂ ਪਹਿਲਾਂ ਦਹਾਕਿਆਂ



ਤੱਕ ਸ਼ਰਾਬ ਤੋਂ ਦੂਰ ਰਹਿਣ ਵਾਲੀਆਂ ਭਾਰਤੀ ਔਰਤਾਂ ਦੀ ਸ਼ਰਾਬ ਬਾਜ਼ਾਰ ਵਿੱਚ ਹਿੱਸੇਦਾਰੀ ਅਗਲੇ ਪੰਜ ਸਾਲਾਂ ਦੌਰਾਨ 25 ਫ਼ੀਸਦ ਤੱਕ ਵਧਣ ਦੀ ਸੰਭਾਵਨਾ ਹੈ। ਇਸ ਲਈ ਭਾਰਤ ਸਰਕਾਰ ਦੇ ‘ਸੈਂਟਰ ਫਾਰ ਅਲਕੋਹਲ ਸਟੱਡੀਜ਼’ ਦੇ ਅੰਕੜਿਆਂ ਦਾ ਹਵਾਲਾ ਵੀ ਦਿੱਤਾ ਗਿਆ ਹੈ। ਸੰਗਠਨ ਮੁਤਾਬਕ ਫ਼ਿਲਮਾਂ ਤੇ ਟੀਵੀ ਵੀ ਇਸ ਵਰਤਾਰੇ ਵਿਚ ਵੱਡਾ ਯੋਗਦਾਨ ਦੇ ਰਹੇ ਹਨ। ਏਮਜ਼ ਦੀ ਰਿਪੋਰਟ ਮੁਤਾਬਕ ਦਿੱਲੀ ਵਿਚ ਕਰੀਬ 15 ਲੱਖ ਔਰਤਾਂ ਸ਼ਰਾਬ ਦਾ ਸੇਵਨ ਕਰਦੀਆਂ ਹਨ। ਇਸ ਦਾ ਕਾਰਨ ਹੈ ਕਿ ਜ਼ਿਆਦਾਤਰ ਸਾਮਾਜਿਕ ਗਤੀਵਿਧੀਆਂ ਸ਼ਰਾਬ ਦੁਆਲੇ ਘੁੰਮਦੀਆਂ ਹਨ ਤੇ ਗੱਲਬਾਤ ਦੌਰਾਨ ਇਸ ਦੇ ਸੇਵਨ ਨੂੰ ਲੋਕ ਚੰਗਾ ਵੀ ਸਮਝਦੇ ਹਨ। ਕਈ ਫ਼ਿਲਮਾਂ ਤੇ ਟੀਵੀ ਸ਼ੋਅਜ਼ ਵਿੱਚ ਦਿਖਾਇਆ ਜਾਂਦਾ ਹੈ ਕਿ ਸ਼ਰਾਬ ਵਧੀਆ ਮਹਿਸੂਸ ਕਰਵਾਉਂਦੀ ਹੈ ਤੇ ਤਣਾਅ ਤੇ ਇਕੱਲਤਾ ਤੋਂ ਵੀ ਰਾਹਤ ਦਿੰਦੀ ਹੈ।


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

# Legal Document Preparation

- Immigration ਇਮੀਗਰੇਸ਼ਨ
- Wills & Trusts ਵਸੀਅਤਾਂ
- Divorce ਤਲਾਕ
- Power of Attorney ਮੁਖਤਿਆਰਨਾਮਾ
- Affidavits ਐਫੀਡੇਵਿਟ
- Grant Deeds ਗਰਾਂਟ ਡੀਡਜ਼

Not an Attorney





**Call Sarvinder**

**510-648-5554**

dolly@worryfreelegaldocs.com
www.worryfreelegaldocs.com

35672 Terrace Drive, Fremont, CA 94536
and39803 Paseo Padre Pkwy,
Ste A, Fremont, CA 94538
Paralegal and Regd. & Bonded LDA# 154, Alameda County

Serving Around the World Community Since 1994
We Specialize to Asia, Europe, Middle East, Africa, Australia & etc.

Special fares to :
**SFO TO DEL**
**LAX TO DEL**






Special fares to
**Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345

Star Alliance BROKERAGE

**Indianapolis, Indiana...**
**ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**





- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ





ONE OF THE FASTEST GROWING CITY IN AMERICA AND BEST SCHOOL SYSTEM...






**Manjit Singh Nagra**
Realtor/Broker
**Cell 317-750-1900**

**Gurdeep (Garry) Chhokar**
Realtor/Broker
**Cell 317-500-1247**






We do all type of Home and Commercial Loans, Same day loan approval...

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

6979 Hillsdale Court, Indianapolis, Indiana 46250



Raja Sweets & Catering
Authorized caterer for major 5-star hotels
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

# Travel for Less Inc.

SPECIALIZED IN DISCOUNT FARES WORLDWIDE
INDIA | PAKISTAN | EUROPE

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

ASIANA AIRLINES
A STAR ALLIANCE MEMBER

Asiana Airlines
Daily Flight To New Delhi

Best deals on major airlines like

Asiana Airlines, China Airlines, British Airways, Cathay Pacific, Virgin Atlantic, Singapore Airlines, Emirates, Etihad Airways, Lufthansa, Qatar Airways

8th time in a row
2016 Best of Fremont Award

CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to

Serving the Bay Area Since 1996
32116-Alvarado Blvd. Union City, CA-94587
Email: info@travelforlessinc.com

CALL 510-791-3300 Book online 24x7 @ www.Letsflyhome.com


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੋਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲੱਬਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


COVERED CALIFORNIA
Big Insurance Group
1817 Capitol st Vallejo Ca 94591
COVERED CALIFORNIA
WE ALWAYS READY TO ANSWER YOUR QUESTIONS
Buy or Sell your Home
ਲਾਈਫ਼ ਇੰਸ਼ੋਰੈਂਸ
ਹੈਲਥ ਇੰਸ਼ੋਰੈਂਸ
Financial services like retirement plans and investment etc
ਕਵਰਡ ਕੈਲੀਫੋਰਨੀਆ ਇੰਸ਼ੋਰੈਂਸ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ
Ram Matharu
707-365-1368
For Real Estate Call :
707-365-1368
DRE # 9141968
Ram Matharu
rammatharu@yahoo.com
Insurance License #0k66537
Certified Insurance Agent
Anthem
Health Net
UnitedHealthcare


CREDIT REPAIR
Our services help you repair:
Bank corrupt
Late Payment
Judgement
Bank issue/ repo
Loan Payment delay
Best CHOICE
ਜੇ ਤੁਹਾਡਾ ਕ੍ਰੈਡਿਟ Bad ਹੈ ਤਾਂ 90 ਦਿਨਾਂ ਵਿਚ ਰਿਪੇਅਰ ਕੀਤਾ ਜਾਵੇਗਾ
ਤਲਾਕ ਕੇਸ ਵਾਲਿਆਂ ਦਾ ਕ੍ਰੈਡਿਟ ਵੀ ਰਿਪੇਅਰ ਕੀਤਾ ਜਾਂਦਾ ਹੈ।
Contact : Sam Ph. 530 249 2582
Email address:- creditguruus@gmail.com

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

Call Now for the
Lowest Health Insurance
Premiums available
Some Households
qualify for
FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

Admission Open!

ਆਓ ਪੰਜਾਬੀ ਸਿੱਖੀਏ

Let's Learn Punjabi and
Be inspired by your roots.
at

Admission Open!

Punjabi Virsa Academy, Los Angeles (Year 2019-2020)

Punjabi School is opening on September 15, 2019.
Admission forms are available in Gurudwara Sahib and on our school website.
For more information send email to pvacademyinc@gmail.com, Call or Txt 818-850-0730




NITNEM PATH

Mission statement of Punjabi Virsa Academy

Let your kids learn and explore Indian culture, Punjabi language, walk on the path of Gurbani thoughts, lots of exposure with stage performances by exploring their talent, learn music and instruments with our experts.
Let them flourish their talent and values with Guru's blessing.

Well Equipped and modernized classrooms

1) Projector screens for showing visual of saakhi (story).
2) Whole year school supplies and bags for free from school-
3) Lot of projects to support learning.
4) Periodic Report Cards and Parent-Teachers meetings.
5) Well structured programs with Highly Qualified Staff.

ENROLL NOW!

No School fees, It's free Sewa from Gurudwara.
Hurry admissions are open!!!

School Location - 7640, Lankershim Blvd. North Hollywood, CA 91605
Visit our website www.punjabivirsaacademy.com

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

ਪੰਜਾਬੀ ਢਾਬਾ

Now Open

Indiana
1480 N State Road 1, Cambridge City, IN 47327. 70
Diesel/Gas
Exit 137

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਸਹੂਲਤਾਂ

ਕੀਮਤਾਂ ਬਹੁਤ ਹੀ ਵਾਜਬ !

ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.



Free Buffet
over 100 gallons
open 6am to midnight

Phone: 765-478-6300

kw DALLAS PRESTON ROAD
KELLERWILLIAMS. REALTY

MLS



Buy Sell Homes
REAL ESTATE



Baljeet Kaur Pannu
REALTOR®
Call/Text: 972-522-9427
Web : www.MyDesiAgent.com
Email : bpannu@kw.com
18383 Preston Rd Ste-150, Dallas TX, 75252
Each office is individually owned and operated

# ਮਾਈ ਭਾਗੋ ਵਿਰੁੱਧ ਘਟੀਆ ਸ਼ਬਦਾਵਲੀ ਵਰਤਣ 'ਤੇ ਗਾਇਕ ਸਿੱਧੂ ਮੂਸੇਵਾਲਾ ਵਿਵਾਦਾਂ 'ਚ ਘਿਰਿਆ

## *ਮੁਆਫੀ ਮੰਗਣ ਦੇ ਬਾਵਜੂਦ ਪੰਥਕ ਜਥੇਬੰਦੀਆਂ ਨਰਾਜ਼, ਸ਼੍ਰੋਮਣੀ ਕਮੇਟੀ ਤੇ ਹੋਰ ਪੰਥਕ ਜਥੇਬੰਦੀਆਂ ਨੇ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ*

- ਸਿੱਧੂ ਮੂਸੇਵਾਲਾ ਦੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਲੌਂਗੋਵਾਲ ਵਲੋਂ ਨਿੰਦਾ
- ਸਿੱਧੂ ਮੂਸੇਵਾਲਾ ਨੂੰ ਅਦਾਲਤ ਵਿਚ ਘੜੀਸਿਆ



**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਖਿਲਾਫ ਸਿੱਖ ਭਾਈਚਾਰੇ ਦਾ ਗੁੱਸਾ ਠੰਢਾ ਪੈਣ ਦਾ ਨਾਂ ਨਹੀਂ ਲੈ ਰਿਹਾ। ਸਿੱਧੂ ਦੇ ਗਾਏ ਗਾਣੇ 'ਜੱਟੀ ਜਿਉਣੇ ਮੌੜ ਜਿਹੀ' ਵਿਚ ਮਾਈ ਭਾਗੋ ਦਾ ਜ਼ਿਕਰ ਕਰਨਾ ਉਸ ਨੂੰ ਇੰਨਾ ਭਾਰੀ ਪੈ ਰਿਹਾ ਹੈ ਕਿ ਉਸ ਖਿਲਾਫ ਮੁਸ਼ਕਲਾਂ ਘੱਟ ਹੋਣ ਦਾ ਨਾਂ ਨਹੀਂ ਲੈ ਰਹੀਆਂ। ਇਸ ਤੋਂ ਬਾਅਦ ਉਸ ਨੇ ਇੰਸਟਾਗ੍ਰਾਮ 'ਤੇ ਲਾਈਵ ਹੋ ਆਪਣੇ ਗਾਣੇ ਵਿਚ ਮਾਈ ਭਾਗੋ ਦਾ ਨਾਂ ਲੈਣ 'ਤੇ ਸਫਾਈ ਪੇਸ਼ ਕੀਤੀ ਤੇ ਨਾਲ ਹੀ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਕਰਕੇ ਫੈਨਜ਼ ਤੋਂ ਮੁਆਫੀ ਵੀ ਮੰਗੀ। ਹੁਣ ਉਸ ਨੇ ਇਟਲੀ ਤੋਂ ਇੱਕ ਹੋਰ ਵੀਡੀਓ ਜਾਰੀ ਕਰਕੇ ਕਿਹਾ ਹੈ ਕਿ ਉਸ ਨੇ ਪਹਿਲਾਂ ਹੀ ਮੁਆਫੀ ਮੰਗ ਲਈ ਹੈ ਪਰ ਹੁਣ ਉਹ ਅਕਾਲ ਤਖ਼ਤ ਸਾਹਿਬ ਜਾ ਕੇ ਵੀ ਮੁਆਫੀ ਮੰਗਣ ਲਈ ਤਿਆਰ ਹੈ। ਸਿੱਧੂ ਮੂਸੇਵਾਲਾ ਨੇ ਕਿਹਾ ਕਿ ਉਹ ਸਿੱਖ ਹੋਣ ਦੇ ਨਾਤੇ ਕਦੇ ਵੀ ਸਿੱਖ ਧਰਮ ਨੂੰ ਨੀਵਾਂ ਨਹੀਂ ਕਰ ਸਕਦਾ। ਉਸ ਨੇ ਕਿਹਾ ਕਿ ਉਸ ਨੇ ਆਪਣੀ ਗਲਤੀ ਦੀ ਮੁਆਫੀ ਮੰਗੀ ਹੈ। ਉਸ ਦਾ ਸ਼ੋਅ ਰੱਦ ਕਰਵਾ ਦਿੱਤਾ ਗਿਆ ਹੈ। ਦੱਸ ਦਈਏ ਹਾਲ ਹੀ ਵਿਚ ਸਿੱਧੂ ਦਾ ਨਵਾਂ ਗਾਣਾ 'ਜੱਟੀ ਜਿਓਣੇ ਮੌੜ ਵਰਗੀ' ਸੋਸ਼ਲ ਮੀਡੀਆ ਯੂ-ਟਿਊਬ 'ਤੇ ਰਿਲੀਜ਼ ਹੋਇਆ ਹੈ। ਗਾਣਾ ਅਜੇ ਸਿਰਫ਼ ਆਡੀਓ ਵਿਚ ਆਇਆ ਹੈ ਪਰ ਇਸ ਦੇ ਆਉਂਦੇ ਸਾਰ ਹੀ ਵਿਵਾਦ ਛਿੜ ਗਿਆ ਹੈ। ਇਸ ਕਰਕੇ ਸਿੱਧੂ ਮੂਸੇਵਾਲਾ ਨੂੰ ਸੋਸ਼ਲ ਮੀਡੀਆ 'ਤੇ ਖੂਬ ਆਲੋਚਨਾ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਇਸ ਤੋਂ ਬਾਅਦ ਉਸ ਨੇ ਲਾਈਵ ਹੋ ਕੇ ਮੁਆਫੀ ਮੰਗੀ ਹੈ। ਇਸ ਦੇ ਨਾਲ ਵੀਡੀਓ ਵਿਚ ਆਪਣਾ ਗਾਣਾ ਲੀਕ ਹੋਣ ਦੀ ਗੱਲ ਕੀਤੀ ਤੇ ਗਾਣੇ ਦੇ ਬੋਲ ਬਦਲਣ ਦੀ ਗੱਲ ਵੀ ਕੀਤੀ।

### ਇਟਲੀ 'ਚ ਪ੍ਰਮੋਟਰ ਮੂਸੇਵਾਲਾ ਦਾ ਸ਼ੋਅ ਕਰਵਾਉਣ ਤੋਂ ਪਿੱਛੇ ਹਟੇ

ਗੀਤ ਵਿਚ ਮਾਈ ਭਾਗੋ ਦਾ ਜ਼ਿਕਰ ਕਥਿਤ ਗਲਤ ਢੰਗ ਨਾਲ ਕਰਨ ਦੇ ਮੱਦੇਨਜ਼ਰ ਇਟਲੀ ਦੇ ਪ੍ਰਮੋਟਰਾਂ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਲਾਈਵ ਸ਼ੋਅ ਨਾ ਕਰਵਾਉਣ ਦਾ ਵਾਅਦਾ ਕੀਤਾ ਹੈ। ਇਟਲੀ ਦੀਆਂ ਪੰਥਕ ਜਥੇਬੰਦੀਆਂ ਅਤੇ ਇੰਟਰਨੈਸ਼ਨਲ ਪੰਥਕ ਦਲ ਇਟਲੀ ਦੇ ਪ੍ਰਧਾਨ ਪ੍ਰਗਟ ਸਿੰਘ ਅਤੇ ਯੂਕੇ ਦੇ ਪ੍ਰਧਾਨ ਭਾਈ ਰਘਵੀਰ ਸਿੰਘ ਵਾਲਸਾਲ ਅਤੇ ਹੋਰ ਗੁਰਦੁਆਰਾ ਕਮੇਟੀਆਂ ਦੇ ਵਿਰੋਧ ਤੋਂ ਬਾਅਦ ਪ੍ਰਮੋਟਰ ਸੰਦੀਪ ਗਿੱਲ ਅਤੇ ਨਿਸ਼ਾ ਬੋਰਗੋ ਨੇ ਸ਼ੋਅ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਹੈ।

### ਸਿਰਸਾ ਤੇ ਮੂਸੇਵਾਲਾ ਦੀ 'ਗੁਪਤ' ਮੀਟਿੰਗ ਦਾ ਜੀਕੇ ਵਲੋਂ ਵਿਰੋਧ





ਮੂਸੇਵਾਲਾ ਬਾਰੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਵੱਡਾ ਖੁਲਾਸਾ ਕੀਤਾ ਹੈ। ਜੀਕੇ ਨੇ ਇਕ ਫੋਟੋ ਜਨਤਕ ਕਰਦਿਆਂ ਦਾਅਵਾ ਕੀਤਾ ਹੈ ਕਿ ਅਕਾਲੀ ਦਲ ਆਖ ਰਿਹਾ ਹੈ ਕਿ ਮੂਸੇਵਾਲੇ ਨੂੰ ਗ੍ਰਿਫਤਾਰ ਕੀਤਾ ਜਾਵੇ ਪਰ ਅਕਾਲੀ ਆਗੂ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਮੂਸੇਵਾਲੇ ਨਾਲ ਗੁਪਤ ਮੀਟਿੰਗ ਕਰ ਰਹੇ ਹਨ। ਜੀਕੇ ਨੇ ਕਿਹਾ ਹੈ ਕਿ ਇਹ ਮੀਟਿੰਗ ਉਸ ਸਮੇਂ ਕੀਤੀ ਜਾ ਰਹੀ ਸੀ ਜਦੋਂ ਅਕਾਲੀ ਦਲ ਦੇ ਆਗੂ ਆਖ ਰਹੇ ਸਨ ਕਿ ਮੂਸੇਵਾਲੇ ਨੂੰ ਗ੍ਰਿਫਤਾਰ ਕੀਤਾ ਜਾਵੇ।

### ਅਕਾਲ ਤਖਤ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਸਮੇਤ ਸਿੱਖ ਸੰਸਥਾਵਾਂ ਵਲੋਂ ਮੂਸੇਵਾਲੇ ਵਿਰੁੱਧ ਸਖਤ ਕਾਰਵਾਈ ਦੀ ਮੰਗ

ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਸਮੇਤ ਹੋਰ ਸਿੱਖ ਸੰਸਥਾਵਾਂ ਨੇ ਗਾਇਕ ਸਿੱਧੂ ਮੂਸੇਵਾਲਾ ਵਿਰੁੱਧ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਸਿੰਘ ਸਾਹਿਬ ਵਲੋਂ ਇਸ ਦੀ ਸਖਤ ਨਿੰਦਾ ਕਰਦਿਆਂ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਗਈ ਹੈ ਕਿ ਉਕਤ ਵਿਅਕਤੀ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਲੌਂਗੋਵਾਲ ਨੇ ਵੀ ਕਿਹਾ ਹੈ ਕਿ ਉਕਤ ਗਾਇਕ ਵਿਰੁੱਧ ਸ਼੍ਰੋਮਣੀ ਕਮੇਟੀ ਵਲੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਗਾਣੇ 'ਤੇ ਭਖਦੇ ਵਿਵਾਦ ਕਰਕੇ ਸਿੱਖ ਜਥੇਬੰਦੀਆਂ ਵੱਲੋਂ ਬਠਿੰਡਾ ਦੇ ਐਸਐਸਪੀ ਨੂੰ ਲਿਖਤ ਸ਼ਿਕਾਇਤ ਦਿੱਤੀ ਗਈ ਹੈ। ਜਿਸ ਵਿਚ ਉਸ 'ਤੇ ਮਾਈ ਭਾਗੋ ਅਤੇ ਸਿੱਖਾਂ ਦੇ ਕੁਝ ਕਕਾਰਾਂ 'ਤੇ ਗਲਤ ਗਾਣਾ ਗਾਉਣ ਦਾ ਇਲਜ਼ਾਮ ਲੱਗਾ ਪਰਚਾ ਦਰਜ ਕੀਤਾ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ (ਅ) ਜ਼ਿਲ੍ਹਾ ਮਾਨਸਾ ਦੇ ਜਨਰਲ ਸਕੱਤਰ ਭਾਈ ਸੁਖਚੈਨ ਸਿੰਘ ਅਤਲਾ ਤੇ ਗੁਰਮਤਿ ਪ੍ਰਚਾਰ ਸੁਸਾਇਟੀ ਦੇ ਮੁਖੀ ਭਾਈ ਹਰਜਿੰਦਰ ਸਿੰਘ ਨੇ ਚੌਕੀ ਰਮਦਿੱਤੇ ਵਾਲਾ ਦੇ ਇੰਚਾਰਜ ਨੂੰ ਸ਼ਿਕਾਇਤ ਦਰਜ ਕਰਵਾਈ ਹੈ ਕਿ ਸਿੱਧੂ ਮੂਸੇ ਵਾਲਾ ਨੇ ਆਪਣੇ ਗੀਤ ਵਿਚ ਸਿੱਖ ਜਰਨੈਲ ਮਾਈ ਭਾਗ ਕੌਰ ਦੇ ਨਾਂਅ ਦੀ ਦੁਰਵਰਤੋਂ ਕੀਤੀ ਹੈ ਤੇ ਅਪਮਾਨ ਜਨਕ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ, ਜਿਸ ਕਾਰਨ ਸਿੱਖ ਹਿਰਦਿਆਂ ਨੂੰ ਠੇਸ ਪਹੁੰਚੀ ਹੈ।

ਉਕਤ ਆਗੂਆਂ ਨੇ ਮੰਗ ਕੀਤੀ ਕਿ ਸਿੱਧੂ ਮੂਸੇ ਵਾਲਾ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਜਾਵੇ ਤੇ ਇਸ ਗੀਤ 'ਤੇ ਤੁਰੰਤ ਪਾਬੰਦੀ ਲਗਾਈ ਜਾਵੇ। ਇਸ ਤੋਂ ਬਾਅਦ ਸਿੱਖ ਤੇ ਸਮਾਜਿਕ ਜਥੇਬੰਦੀਆਂ ਵਲੋਂ ਪੁਲਿਸ ਚਾਕੀ ਅੱਗੇ ਰੋਸ ਪ੍ਰਗਟਾਇਆ ਤੇ ਪਿੰਡ ਮੂਸਾ ਤੱਕ ਰੋਸ ਮਾਰਚ ਕਰਦਿਆਂ ਸਿੱਧੂ ਦੇ ਘਰ ਅੱਗੇ ਵੀ ਰੋਸ ਜ਼ਾਹਿਰ ਕੀਤਾ ਗਿਆ, ਪਰ ਪੁਲਿਸ ਵਲੋਂ ਪਰਚਾ ਦਰਜ ਕੀਤੇ ਜਾਣ ਦਾ ਭਰੋਸਾ ਦਿੱਤੇ ਜਾਣ 'ਤੇ ਪ੍ਰਦਰਸ਼ਨ ਖ਼ਤਮ ਕਰ ਦਿੱਤਾ ਗਿਆ। ਇਸ ਮੌਕੇ ਲੱਖਾ ਸਿਧਾਨਾ, ਭਾਈ ਹਰਦੀਪ ਸਿੰਘ ਮਹਿਰਾਜ, ਜੋਗਿੰਦਰ ਸਿੰਘ ਬੋਹਾ, ਮਹਿੰਦਰ ਸਿੰਘ ਬੁਰਜ ਹਰੀ, ਸਰਬਜੀਤ ਸਿੰਘ ਆਦਿ ਹਾਜ਼ਰ ਸਨ।

ਮੁਕਤਸਰ ਦੀ ਬਾਰ ਐਸੋਸੀਏਸ਼ਨ ਦੇ ਸਾਬਕਾ ਐਡਵੋਕੇਟ ਕੁਲਜਿੰਦਰ ਸਿੰਘ ਸੰਧੂ ਨੇ ਗਿੱਦੜਬਾਹਾ ਵਿੱਚ ਮਨਦੀਪ ਸਿੰਘ ਜੂਡੀਸ਼ੀਅਲ ਮੂਜਿਸਟ੍ਰੇਟ ਫਸਟ ਕਲਾਸ ਦੀ ਅਦਾਲਤ ਵਿਚ ਪਟੀਸ਼ਨ ਦਾਇਰ ਕੀਤੀ ਹੈ। ਇਸ ਪਟੀਸ਼ਨ ਵਿਚ ਉਨ੍ਹਾਂ ਨੇ ਗਾਇਕ ਸਿੱਧੂ ਮੂੱਸੇਵਾਲਾ ਖਿਲਾਫ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਪਟੀਸ਼ਨ ਵਿਚ ਵਕੀਲ ਕੁਲਜਿੰਦਰ ਸਿੰਘ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਯੂ-ਟਿਊਬ ਚਲਾਈ ਤਾਂ ਉਸ ਵਿਚ ਸਿੱਧੂ ਦਾ ਗਾਣਾ 'ਜੱਟੀ ਜਿਉਣੇ ਮੌੜ ਵਰਗੀ' ਚੱਲਿਆ। ਉਨ੍ਹਾਂ ਕਿਹਾ ਕਿ ਇਸ ਗਾਣੇ ਵਿਚ ਮਾਈ ਭਾਗੋ ਦੇ ਨਾਂ ਦੀ ਗਲਤ ਵਰਤੋਂ ਕਰ ਗਾਇਕ ਨੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਕਿਹਾ ਕਿ ਮਾਈ ਭਾਗੋ ਨੇ ਮੁਗਲਾਂ ਖਿਲਾਫ ਅਨੇਕਾਂ ਲੜਾਈਆਂ ਲੜੀਆਂ ਹਨ ਤੇ ਖਿਦਰਾਣੇ ਦੀ ਲੜਾਈ ਵਿਚ ਗੁਰੂ ਗੋਬਿੰਦ ਸਿੰਘ ਦਾ ਸਾਥ ਦਿੱਤਾ ਸੀ। ਸਿੱਖਾਂ ਲਈ ਬੇਹੱਦ ਸ਼ਰਧਾ ਤੇ ਸਤਿਕਾਰ ਮਾਤਾ ਭਾਗ ਕੌਰ ਦੇ ਨਾਂ ਦੀ ਵਰਤੋਂ ਗਾਣੇ ਵਿਚ ਕਰ ਸਿੱਧੂ ਨੇ ਨਾਰੀ ਜਾਤ ਦੇ ਮਾਣ ਸਤਿਕਾਰ ਨੂੰ ਵੀ ਠੇਸ ਪਹੁੰਚਾਈ ਹੈ। ਇਸ ਦੇ ਨਾਲ ਉਨ੍ਹਾਂ ਗਾਇਕ ਖਿਲਾਫ ਧਾਰਾ 295 ਏ, 509 ਅਧੀਨ ਮਾਮਲਾ ਦਰਜ ਕਰਵਾਇਆ। ਉਨ੍ਹਾਂ ਮੰਗ ਕੀਤੀ ਕਿ ਗਾਇਕ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ। ਮਾਮਲੇ ਦੀ ਸੁਣਵਾਈ ਲਈ 30 ਸਤੰਬਰ ਦੀ ਤਾਰੀਖ ਤੈਅ ਕੀਤੀ ਗਈ ਹੈ।

# ਪੰਜਾਬੀ ਗਾਇਕਾਂ ਤੇ ਇਤਿਹਾਸਕਾਰਾਂ ਨੂੰ ਆਪਣੀਆਂ ਜਮੀਰਾਂ ਪਛਾਨਣ ਦੀ ਲੋੜ

**ਪ੍ਰੋ. ਬਲਵਿੰਦਰਪਾਲ ਸਿੰਘ**
9815700916



ਘੁੰਮ ਵੇ ਚਰਖੜਿਆ ਤੇਰੀ ਕੱਤਣ ਵਾਲੀ ਜੀਵੇ। ਬਹੁਗਿਣਤੀ ਪੰਜਾਬੀ ਗਾਇਕ ਗੁਰਦਾਸ ਮਾਨ ਵਰਗੇ ਗਾਇਕ ਭਗਵੇਂ ਸਿਸਟਮ ਦੇ ਚਰਖੇ ਹਨ, ਜਿਹਨਾਂ ਭਗਵੇਂਵਾਦੀ ਸਭਿਅਤਾ ਦੇ ਸਿਲੇਬਸ ਅਨੁਸਾਰ ਪੰਜਾਬੀ ਕੌਮ ਤੇ ਸਭਿਅਤਾ ਦਾ ਬੀਜ ਨਾਸ਼ ਕਰਨ ਦੀ ਮੁਹਿੰਮ ਵਿੱਢੀ ਹੈ। ਇਸੇ ਭਗਵੇਂ ਸਿਸਟਮ ਨੇ ਬੁਧ ਧਰਮ ਤਬਾਹ ਕੀਤਾ, ਮੂਲ ਨਿਵਾਸੀਆਂ ਨੂੰ ਗੁਲਾਮ ਬਣਾਇਆ ਤੇ ਸਦੀਆਂ ਤੋਂ ਹੁਣ ਤੱਕ ਗੁਰੂਆਂ ਦੀ ਸਿਰਜੀ ਸਭਿਅਤਾ ਨਾਲ ਵੈਰ ਰਖਿਆ।

ਪਹਾੜੀ ਰਾਜਿਆਂ ਦੇ ਇਤਿਹਾਸ ਨੂੰ ਕੌਣ ਨਹੀਂ ਜਾਣਦਾ ਜੋ ਗੁਰੂ ਗੋਬਿੰਦ ਸਿੰਘ ਜੀ ਉੱਤੇ ਜ਼ਾਲਮਾਨਾ ਮੁਗਲ ਸਾਮਰਾਜ ਨਾਲ ਰਲ ਕੇ ਹਮਲੇ ਕਰਦੇ ਰਹੇ ਤੇ ਗੁਰੂ ਸਭਿਅਤਾ ਨੂੰ ਮਿਟਾਉਣ ਦੀਆਂ ਸਾਜਿਸ਼ਾਂ ਰਚਦੇ ਰਹੇ। ਪੰਜਾਬੀ ਕੌਮ ਦਾ ਮਹਾਨ ਵਿਰਸਾ ਤੇ ਸਭਿਅਤਾ ਦਾ ਆਧਾਰ ਗੁਰੂ ਗਰੰਥ ਸਾਹਿਬ ਹਨ ਜੋ ਜਾਤਾਂ ,ਧਰਮਾਂ ਨੂੰ ਇਕ ਕਰਕੇ ਮਨੁੱਖੀ ਗਿਆਨ, ਕਿਰਤ, ਵੰਡ ਛਕਣ ਤੇ ਉਚ ਕਿਰਦਾਰ ਨੂੰ ਮਾਨਤਾ ਦੇਂਦੇ ਇਸਤਰੀ ਮਹਾਨਤਾ ਨੂੰ ਤਰਜੀਹ ਦੇਂਦੇ ਹਨ। ਗੁਰੂ ਗਰੰਥ ਸਾਹਿਬ ਦਾ ਮਾਰਗ ਸਵਰਗਾਂ, ਨਰਕਾਂ ਵਲ ਨਹੀਂ ਜਾਂਦਾ। ਇਸ ਧਰਤੀ ਨੂੰ ਸਵਰਗ ਸਿਰਜਣ ਹਲੇਮੀ ਰਾਜ ਤੇ ਬੇਗਮਪੁਰਾ ਵਲ ਜਾਂਦਾ ਹੈ ਜਿਥੇ ਮਨੁੱਖਤਾ ਗਮਾਂ ਰਹਿਤ ਹੋ ਕੇ ਜੀਅ ਸਕੇ ਤੇ ਕਸ਼ਮੀਰ ਤੇ ਪੰਜਾਬ ਵਰਗਾ ਵਿਤਕਰਾ ਨਾ ਹੰਡਾਵੇ। ਭਗਵਾਂ ਸਿਸਟਮ ਬਲਵਾਨ ਹੈ, ਸਿਆਸੀ ਤੇ ਆਰਥਿਕ ਤੌਰ 'ਤੇ ਮਜ਼ਬੂਤ ਹੈ, ਉਹ ਹਿੰਦੀ, ਹਿੰਦੂ ਤੇ ਹਿੰਦੋਸਤਾਨ — ਇਕ ਰਾਸ਼ਟਰ, ਇਕ ਭਾਸ਼ਾ ਨੂੰ ਤਰਜੀਹ ਦੇ ਕੇ ਭਾਰਤ ਵਿਚ ਹਿੰਦੂ ਰਾਸ਼ਟਰ ਸਿਰਜਣਾ ਚਾਹੁੰਦਾ ਹੈ। ਇਸ ਸੰਬੰਧ ਵਿਚ ਦੂਜੀਆਂ ਕੌਮਾਂ ਦੇ ਕਈ ਇਤਿਹਾਸਕਾਰ, ਲੇਖਕ, ਕਲਾਕਾਰ ਤੇ ਗਾਇਕ ਇਹਨਾਂ ਦਾ ਟੂਲ ਬਣੇ ਹੋਏ ਹਨ। ਇਹ ਸਾਰੀ ਨੀਤੀ ਸੰਘ ਪਰਿਵਾਰ ਦੇ ਸਰ ਸੰਘ ਚਾਲਕ ਵੀਰ ਸਰਵਰਕਰ ਤੇ ਗੁਰੂ ਗੋਲਵਲਕਰ ਦੀ ਘੜੀ ਹੋਈ ਹੈ, ਜਿਸ ਨੂੰ ਮੋਦੀ ਰਾਜ ਦੌਰਾਨ ਅਮਲ ਵਿਚ ਲਿਆਉਣਾ ਚਾਹੁੰਦੇ ਹਨ। ਕਸ਼ਮੀਰ ਦੀ 370 ਧਾਰਾ ਨੂੰ ਖਤਮ ਕਰਨਾ ਇਸੇ ਭਗਵੀਂ ਨੀਤੀ ਦਾ ਹਿੱਸਾ ਸੀ। ਕਿਸੇ ਕੌਮੀਅਤ ਦੀ ਭਾਸ਼ਾ ਤੇ ਸਭਿਅਤਾ ਨੂੰ ਬਹੁਗਿਣਤੀ ਤੇ ਸੱਤਾਧਾਰੀ ਕੌਮ ਦੇ ਨੇਤਾਵਾਂ ਵਲੋਂ ਬਦਲਣਾ ਮਨੁੱਖਤਾ ਤੇ ਕੁਦਰਤ ਸਿਧਾਂਤ ਵਿਰੁਧ ਵੱਡਾ ਗੁਨਾਹ ਹੈ। ਗੁਰਦਾਸ ਮਾਨ ਮਸਤ ਬਾਬਿਆਂ ਦਾ ਸ਼ਗਿਰਦ ਹੈ ਜੋ ਭਗਵਿਆਂ ਦੀ ਉਪਜ ਹੈ, ਜਿਥੋਂ ਪੰਜਾਬੀ ਸਭਿਅਤਾ ਤੇ ਗੁਰੂਆਂ ਦੀ ਵਿਚਾਰਧਾਰਾ ਨਾਲੋਂ ਨੌਜਵਾਨੀ ਨੂੰ ਤੋੜਨ ਦੀਆਂ ਸਾਜਿਸ਼ਾਂ ਘੜੀਆਂ ਗਈਆਂ। ਇਹ ਜੋ ਗੁਰਦਾਸ ਮਾਨ ਰਾਹੀਂ ਬੀਤੇ ਦਿਨੀਂ ਵਾਪਰਿਆ ਉਹ ਸੱਤਾ ਦੇ ਹੰਕਾਰ ਦੀ ਫੀਲਿੰਗ ਹੈ। ਗੁਰਦਾਸ ਮਾਨ ਨੇ ਦਸਮ ਬਾਣੀ ਦਾ ਵੀ ਨਿਰਾਦਰ ਕੀਤਾ ਹੈ। ਦੇਹ ਸ਼ਿਵਾ ਬਰ ਮੋਹੇ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋ ਦਸਮ ਬਾਣੀ ਨੂੰ ਓਮ ਨਮ ਸ਼ਿਵਾਏ ਨਾਲ ਜੋੜ ਦਿੱਤਾ। ਤੁਸੀਂ ਸੋਚਦੇ ਹੋਵੋਗੇ ਵੈਨਕੂਵਰ, ਅਡਮਿੰਟਨ ਵਿਚ ਵਿਰੋਧ ਕੀਤਾ ਤਾਂ ਦਰਸ਼ਕਾਂ ਵਿਚ ਪੰਜਾਬੀ ਕਿਉਂ ਬੈਠੇ ਰਹੇ ? ਅਜਿਹਾ ਹਰੇਕ ਜਮਾਤ ਤੇ ਖਾਸ ਕਰਕੇ ਘੱਟ ਗਿਣਤੀਆਂ ਵਿਚ ਵਰਤਾਰਾ ਵਾਪਰਦਾ ਹੈ। ਇਹ ਅਜਿਹੇ ਲੋਕ ਹੁੰਦੇ ਹਨ, ਜਿਨ੍ਹਾਂ ਦੀ ਆਪਣੀ ਧਰਤੀ ਤੇ ਬੋਲੀ ਨਾ ਕੋਈ ਮੋਹ ਨਹੀਂ ਹੁੰਦਾ। ਉਹ ਕਲਬ ਕਲਚਰ ਤੇ ਖਾਉ ਪੀਉ ਕਰੋ ਅਨੰਦ ਭਾਂਡੇ ਮਾਂਜੇ ਪਰਮਾਨੰਦ, ਦੇ ਵਿਹਾਰ ਨੂੰ ਅਪਨਾਉਂਦੇ ਹਨ। ਇਹ ਲੋਕ ਜੂਨ ਭੋਗਨ ਆਏ ਹਨ। ਐਸ਼ਪ੍ਰਸਤੀ ਇਹਨਾਂ ਦਾ ਜੀਵਨ ਹੈ। ਪਰ ਵੈਨਕੂਵਰ, ਐਡਮਿੰਟਨ, ਪੰਜਾਬ ਵਿਚ ਗੁਰਦਾਸ ਮਾਨ ਦੇ ਸਖ਼ਤ ਵਿਰੋਧ ਤੇ ਪੰਜਾਬੀਆਂ ਦੇ ਜਨ ਅੰਦੋਲਨ ਨੇ ਵੱਡਾ ਇਤਿਹਾਸ ਸਿਰਜ ਕੇ ਸੁਨੇਹਾ ਦਿੱਤਾ ਹੈ ਕਿ ਪੰਜਾਬੀ ਆਪਣੀ ਸਭਿਅਤਾ ਤੇ ਬੋਲੀ ਨੂੰ ਬਚਾਉਣਗੇ। ਸੰਘ ਮੁਖੀ ਗੁਰੂ ਗੋਲਵਰਕਰ ਨੇ ਆਪਣੀ ਪੁਸਤਕ ਬੰਚ ਆਫ ਥਾਟ ਵਿਚ ਕਿਹਾ ਸੀ ਕਿ ਜੇਕਰ ਹਿੰਦੂ ਰਾਸ਼ਟਰ ਸਿਰਜਣਾ ਹੈ ਤਾਂ ਇਕ ਭਾਸ਼ਾ ਇਕ ਸਭਿਅਤਾ ਉਸਾਰਨੀ ਪਵੇਗੀ। ਸੰਘ ਪਰਿਵਾਰ ਗੋਲਵਲਕਰ ਦੇ ਸਿਧਾਂਤ ਨੂੰ ਪੂਜਦਾ ਹੈ ਤੇ ਭਾਰਤ ਵਿਚ ਲਾਗੂ ਕਰਨ ਲਈ ਸਰਗਰਮ ਹੈ। ਇਹ ਇੱਕ ਬੋਲੀ (ਹਿੰਦੀ, ਸੰਸਕ੍ਰਿਤ), ਇੱਕ ਧਰਮ (ਹਿੰਦੂ) ਅਤੇ

ਬਾਕੀ ਸਫ਼ਾ 32 'ਤੇ

# ਪੰਜਾਬ ਪੁਲਿਸ ਆਵਾਰਾ ਪਸ਼ੂਆਂ ਦੁਆਲੇ ਹੋਈ

## ਮਾਨਸਾ ਵਿਚ ਆਵਾਰਾ ਪਸ਼ੂਆਂ ਖ਼ਿਲਾਫ਼ ਵਿੱਢੇ ਅੰਦੋਲਨ ਨੂੰ ਭਰਵੀਂ ਹਮਾਇਤ



**ਮਾਨਸਾ/ਏਟੀ ਨਿਊਜ਼ :** ਪੰਜਾਬ ਦੇ ਲੋਕਾਂ ਨੂੰ ਅਵਾਰਾ ਪਸ਼ੂਆਂ ਤੋਂ ਬਚਾਉਣ ਲਈ ਪੰਜਾਬ ਪੁਲੀਸ ਨੇ ਨਵਾਂ ਉਪਰਾਲਾ ਸ਼ੁਰੂ ਕੀਤਾ ਹੈ। ਬਠਿੰਡਾ ਪੁਲਿਸ ਦੇ ਦਰਜਨਾਂ ਮੁਲਾਜ਼ਮਾਂ ਨੇ ਸ਼ਹਿਰ ਦੇ ਵੱਖ-ਵੱਖ ਥਾਂਵਾਂ 'ਤੇ ਫਿਰਦੇ ਆਵਾਰਾ ਪਸ਼ੂਆਂ ਨੂੰ ਨਜ਼ਦੀਕੀ ਗਊਸ਼ਾਲਾ ਪਹੁੰਚਾਉਣ ਦਾ ਕੰਮ ਕੀਤਾ। ਇਸ ਬਾਰੇ ਡੀਐਸਪੀ ਗੁਰਜੀਤ ਸਿੰਘ ਰੋਮਾਣਾ ਨੇ ਕਿਹਾ ਕਿ ਇਹ ਫੈਸਲਾ ਸਾਰੇ ਵੱਡੇ ਅਧਿਕਾਰੀਆਂ ਨੇ ਮੀਟਿੰਗ ਦੌਰਾਨ ਲਿਆ।

**ਇਕਜੁੱਟ ਹੋਈਆਂ ਸਿਆਸੀ ਧਿਰਾਂ-**

ਆਵਾਰਾ ਪਸ਼ੂ ਸੰਘਰਸ਼ ਕਮੇਟੀ ਮਾਨਸਾ ਵੱਲੋਂ ਆਵਾਰਾ ਪਸ਼ੂਆਂ ਕਾਰਨ ਮੌਤ ਦਾ ਸ਼ਿਕਾਰ ਹੋਏ ਲੋਕਾਂ ਨੂੰ ਸ਼ਰਧਾਂਜਲੀ ਦੇਣ ਲਈ ਮੋਮਬੱਤੀ ਮਾਰਚ ਕੱਢਿਆ ਗਿਆ। ਇਸ ਮੌਕੇ ਪੰਜਾਬ ਦੀਆਂ ਸਾਰੀਆਂ ਰਾਜਨੀਤਕ, ਧਾਰਮਿਕ, ਵਪਾਰਕ ਅਤੇ ਸਮਾਜਿਕ ਪਾਰਟੀਆਂ ਇੱਕ ਪਲੇਟਫਾਰਮ 'ਤੇ ਇਕੱਠੀਆਂ ਹੋਈਆਂ। ਇਸ ਮੌਕੇ ਆਵਾਰਾ ਪਸ਼ੂ ਸੰਘਰਸ਼ ਕਮੇਟੀ ਮੈਂਬਰ ਮਨੀਸ਼ ਬੱਬੀ ਦਾਨੇਵਾਲੀਆ, ਐਡਵੋਕੇਟ ਗੁਰਲਾਭ ਸਿੰਘ ਮਾਹਲ, ਮਨਜੀਤ ਸਦਿਓੜਾ, ਪ੍ਰੇਮ ਅਗਰਵਾਲ ਅਤੇ ਡਾ. ਜਨਕ ਰਾਜ ਵੱਲੋਂ ਮੰਚ ਸੰਚਾਲਨ ਕੀਤਾ ਗਿਆ। ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਉਹ ਇਹ ਮੁੱਦਾ ਪਾਰਲੀਮੈਂਟ ਵਿੱਚ ਵੀ ਉਠਾਉਣਗੇ। ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਹੁਣ ਕੇਂਦਰ ਅਤੇ ਪੰਜਾਬ ਦੀ ਸੱਤਾਧਾਰੀ ਪਾਰਟੀ ਮਨੁੱਖਾਂ ਲਈ ਜਾਨੀ ਦੁਸ਼ਮਣ ਬਣੇ ਅਮਰੀਕੀ ਢੱਠਿਆਂ ਦਾ ਹੱਲ ਕਰੇ। ਅਕਾਲੀ ਦਲ (ਬ) ਦੇ ਆਗੂ ਜਗਮੀਤ ਸਿੰਘ ਬਰਾੜ ਨੇ ਕਿਹਾ ਕਿ ਪਾਰਟੀ ਇਸ ਬਾਰੇ ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰੇਗੀ। 'ਆਪ' ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਸਿਰਫ ਦੇਸੀ ਗਊ ਹੀ ਪੂਜਨੀਕ ਹੈ ਜਦੋਂ ਕਿ ਅਮਰੀਕਨ ਢੱਠਿਆਂ ਦਾ ਧਰਮ ਨਾਲ ਕੋਈ ਸਬੰਧ ਨਹੀਂ ਹੈ।

ਸੀਪੀਆਈ ਦੇ ਹਰਦੇਵ ਅਰਸ਼ੀ ਨੇ ਆਵਾਰਾ ਪਸ਼ੂਆਂ ਦੀ ਸਮੱਸਿਆ ਹੱਲ ਕਰਨ ਦੀ ਮੰਗ ਕੀਤੀ। ਕਾਂਗਰਸੀ ਆਗੂ ਮੰਗਤ ਰਾਏ ਬਾਂਸਲ ਨੇ ਕਿਹਾ ਕਿ ਇਸ ਵਿਸ਼ੇ 'ਤੇ ਪੰਜਾਬ ਸਰਕਾਰ ਵੱਲੋਂ 5 ਮੰਤਰੀਆਂ ਦੀ ਸਬ-ਕਮੇਟੀ ਬਣਾ ਦਿੱਤੀ ਗਈ ਹੈ।

### ਪੰਜਾਬ 'ਚ ਕੈਪਟਨ ਸਰਕਾਰ ਲਈ ਸਿਰਦਰਦੀ

ਅਵਾਰਾ ਪਸ਼ੂਆਂ ਦੇ ਆਤੰਕ ਖਿਲਾਫ ਮਾਨਸਾ ਵਿੱਚ ਸ਼ੁਰੂ ਹੋਇਆ ਸੰਘਰਸ਼ ਭਖਦਾ ਜਾ ਰਿਹਾ ਹੈ। ਇਹ ਮਸਲਾ ਸਰਕਾਰ ਲਈ ਵੀ ਮੁਸ਼ਕਿਲ ਖੜ੍ਹੀ ਕਰਦਾ ਦਿਖਾਈ ਦੇ ਰਿਹਾ ਹੈ। ਦਰਅਸਲ ਸੰਘਰਸ਼ਕਾਰੀਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਆਵਾਰਾ ਪਸ਼ੂਆਂ ਦੇ ਕਹਿਰ ਨਾਲ ਮਰੇ ਨੌਜਵਾਨ ਦੇ ਪਰਿਵਾਰ ਨੂੰ 20 ਲੱਖ ਰੁਪਏ ਮੁਆਵਜ਼ਾ ਤੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਵੱਡੀ ਮੰਗ ਰੱਖੀ ਹੈ ਕਿ ਮੁੱਖ ਮੰਤਰੀ ਮਾਨਸਾ ਆ ਕੇ ਆਵਾਰਾ ਪਸ਼ੂਆਂ ਦੇ ਖ਼ਾਤਮੇ ਦਾ ਭਰੋਸਾ ਦੇਣ। ਮੰਨਿਆ ਜਾ ਰਿਹਾ ਹੈ ਕਿ ਅਗਲੇ ਦਿਨਾਂ ਵਿੱਚ ਸੰਘਰਸ਼ ਹੋਰ ਭਖੇਗਾ। ਯਾਦ ਰਹੇ ਮਾਨਸਾ ਵਿੱਚ ਆਵਾਰਾ ਪਸ਼ੂਆਂ ਦੇ ਕਹਿਰ ਨਾਲ ਚਾਰ ਵਿਅਕਤੀਆਂ ਦੀ ਮੌਤ ਹੋਣ ਮਗਰੋਂ ਸੰਘਰਸ਼ ਸ਼ੁਰੂ ਹੋਇਆ ਸੀ। ਇਸ ਸੰਘਰਸ਼ ਨੇ ਲੰਘੇ ਦਿਨ ਉਸ ਵੇਲੇ ਨਵਾਂ ਰੂਪ ਧਾਰਨ ਕਰ ਲਿਆ, ਜਦੋਂ ਪਿੰਡ ਜਵਾਹਰਕੇ ਦਾ ਦਿਹਾੜੀ ਕਰਦਾ ਇੱਕ ਦਲਿਤ ਨੌਜਵਾਨ ਸੰਨੀ ਸਿੰਘ ਆਪਣੇ ਬੱਚਿਆਂ ਲਈ ਦੁੱਧ ਲੈ ਕੇ ਆਉਂਦਾ ਆਵਾਰਾ ਪਸ਼ੂਆਂ ਨਾਲ ਟਕਰਾ ਜਾਣ ਮਗਰੋਂ ਗੰਭੀਰ ਜ਼ਖ਼ਮੀ ਹੋ ਗਿਆ ਤੇ ਸ਼ਨੀਵਾਰ ਉਸ ਦੀ ਮੌਤ ਹੋ ਗਈ। ਆਵਾਰਾ ਪਸ਼ੂ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਵੱਖ-ਵੱਖ ਧਿਰਾਂ ਨੇ ਨੌਜਵਾਨ ਦੀ ਲਾਸ਼ ਨੂੰ ਜਵਾਹਰਕੇ ਨਹਿਰ ਦੇ ਪੁਲ ਉਪਰ ਰੱਖ ਕੇ ਜ਼ਿਲ੍ਹਾ ਪ੍ਰਸ਼ਾਸਨ ਖ਼ਿਲਾਫ਼ ਪ੍ਰਦਰਸ਼ਨ ਕਰ ਦਿੱਤਾ। ਧਰਨਾਕਾਰੀਆਂ ਨੇ ਪਰਿਵਾਰ ਨੂੰ 20 ਲੱਖ ਰੁਪਏ ਮੁਆਵਜ਼ਾ, ਇੱਕ ਜੀਅ ਨੂੰ ਸਰਕਾਰੀ ਨੌਕਰੀ ਤੇ ਮੁੱਖ ਮੰਤਰੀ ਵੱਲੋਂ ਮਾਨਸਾ ਆ ਕੇ ਆਵਾਰਾ ਪਸ਼ੂਆਂ ਦੇ ਖ਼ਾਤਮੇ ਦਾ ਭਰੋਸਾ ਦੇਣ ਮਗਰੋਂ ਮ੍ਰਿਤਕ ਦੇਹ ਦਾ ਸਸਕਾਰ ਕਰਨ ਦਾ ਐਲਾਨ ਕੀਤਾ।

### ਆਵਾਰਾ ਢੱਠੇ ਕਾਰਨ ਵਾਪਰੇ ਹਾਦਸੇ ਵਿਚ ਨੌਜਵਾਨ ਗੰਭੀਰ ਜ਼ਖ਼ਮੀ

**ਫਰੀਦਕੋਟ/ਏਟੀ ਨਿਊਜ਼ :** ਜੈਤੋ ਦੇ ਪਿੰਡ ਸੁਰਘੂਰੀ ਦਾ ਵਸਨੀਕ ਧਰਮਜੀਤ ਸਿੰਘ ਤਲਵੰਡੀ ਭਾਈ ਤੋਂ ਫ਼ਰੀਦਕੋਟ ਵੱਲ ਆ ਰਿਹਾ ਸੀ, ਜਿਸ ਦੇ ਰਸਤੇ ਵਿਚ ਅਚਾਨਕ ਢੱਠਾ ਆਉਣ ਕਾਰਨ ਉਸ ਦਾ ਮੋਟਰਸਾਈਕਲ ਹਾਦਸਾਗ੍ਰਸਤ ਹੋ ਗਿਆ ਤੇ ਸਵਾਰ ਵਿਅਕਤੀ ਸੜਕ 'ਤੇ ਡਿੱਗ ਗਿਆ। ਉਸ ਨੂੰ ਬਠਿੰਡਾ ਦੇ ਨਿੱਜੀ ਨਿਊਰੋ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ।

## ਕੌਮਾਂਤਰੀ ਪ੍ਰਵਾਸੀਆਂ ਦੀ ਸੂਚੀ 'ਚ ਭਾਰਤ ਮੋਹਰੀ

**ਸੰਯੁਕਤ ਰਾਸ਼ਟਰ/ਏਟੀ ਨਿਊਜ਼ :** ਕੌਮਾਂਤਰੀ ਪ੍ਰਵਾਸੀਆਂ ਦੀ ਸੂਚੀ ਵਿਚ ਭਾਰਤ ਮੋਹਰੀ ਹੈ। ਸੰਯੁਕਤ ਰਾਸ਼ਟਰ ਵੱਲੋਂ ਜਾਰੀ ਨਵੇਂ ਅੰਕੜਿਆਂ ਮੁਤਾਬਕ 2019 ਵਿਚ ਭਾਰਤੀ ਪ੍ਰਵਾਸੀਆਂ ਦੀ ਗਿਣਤੀ ਪੌਣੇ ਦੋ ਕਰੋੜ ਰਹੀ ਹੈ। ਉਂਜ ਆਲਮੀ ਪੱਧਰ 'ਤੇ ਪ੍ਰਵਾਸੀਆਂ ਦੀ ਅੰਦਾਜ਼ਨ ਗਿਣਤੀ 27.2 ਕਰੋੜ 'ਤੇ ਪਹੁੰਚ ਗਈ ਹੈ। ਸੰਯੁਕਤ ਰਾਸ਼ਟਰ ਦੇ ਆਰਥਿਕ ਅਤੇ ਸਮਾਜਿਕ ਮਾਮਲਿਆਂ ਬਾਰੇ ਵਿਭਾਗ ਦੀ ਅਬਾਦੀ ਡਿਵੀਜ਼ਨ ਵੱਲੋਂ 'ਇੰਟਰਨੈਸ਼ਨਲ ਮਾਇਗ੍ਰੈਂਟ ਸਟਾਕ 2019 ਜਾਰੀ ਕੀਤਾ ਗਿਆ ਹੈ। ਇਸ ਵਿਚ ਕੌਮਾਂਤਰੀ ਪ੍ਰਵਾਸੀਆਂ ਦੀ ਗਿਣਤੀ ਨੂੰ ਉਮਰ, ਲਿੰਗ ਅਤੇ ਮੂਲ ਦੇ ਹਿਸਾਬ ਨਾਲ ਦਰਜ ਕੀਤਾ ਗਿਆ ਹੈ। ਰਿਪੋਰਟ ਵਿਚ ਭਾਰਤ ਨੂੰ ਪਹਿਲੇ ਸਥਾਨ 'ਤੇ ਰੱਖਿਆ ਗਿਆ ਹੈ ਜਿਸ ਦੇ ਸਭ ਤੋਂ ਵੱਧ ਪੌਣੇ ਦੋ ਕਰੋੜ ਪ੍ਰਵਾਸੀ ਹਨ। ਇਸ ਤੋਂ ਬਾਅਦ ਮੈਕਸਿਕੋ (1.18 ਕਰੋੜ), ਚੀਨ (1.7 ਕਰੋੜ), ਰੂਸ (1.5 ਕਰੋੜ), ਸੀਰੀਆ (82 ਲੱਖ), ਬੰਗਲਾਦੇਸ਼ (78 ਲੱਖ), ਪਾਕਿਸਤਾਨ (63 ਲੱਖ), ਯੂਕਰੇਨ (59 ਲੱਖ), ਫਿਲਪੀਨਜ਼ (54 ਲੱਖ) ਅਤੇ ਅਫ਼ਗਾਨਿਸਤਾਨ (51 ਲੱਖ) ਦੇ ਪ੍ਰਵਾਸੀਆਂ ਦਾ ਨੰਬਰ ਆਉਂਦਾ ਹੈ।

ਭਾਰਤ ਵਿਚ 2019 ਵਿਚ 51 ਲੱਖ ਪ੍ਰਵਾਸੀ ਆਏ ਜੋ 2015 ਵਿਚ 52 ਲੱਖ ਸਨ। ਰਿਪੋਰਟ ਮੁਤਾਬਕ ਭਾਰਤ ਵਿਚ ਦੋ ਲੱਖ 7 ਹਜ਼ਾਰ ਸ਼ਰਨਾਰਥੀਆਂ ਨੇ ਪਨਾਹ ਲਈ। ਭਾਰਤ ਵਿਚ ਸਭ ਤੋਂ ਵੱਧ ਪ੍ਰਵਾਸੀ ਬੰਗਲਾਦੇਸ਼, ਪਾਕਿਸਤਾਨ ਅਤੇ ਨੇਪਾਲ ਤੋਂ ਆਏ ਹਨ। ਇਸ ਸਾਲ ਯੂਰੋਪ ਵਿਚ ਕੌਮਾਂਤਰੀ ਪ੍ਰਵਾਸੀਆਂ (82 ਲੱਖ) ਦੀ ਗਿਣਤੀ ਸਭ ਤੋਂ ਵੱਧ ਰਹੀ। ਇਸ ਮਗਰੋਂ ਉੱਤਰੀ ਅਮਰੀਕਾ (59 ਲੱਖ) ਅਤੇ ਉੱਤਰੀ ਅਫ਼ਰੀਕਾ ਤੇ ਪੱਛਮੀ ਏਸ਼ੀਆ (49 ਲੱਖ) ਦਾ ਨੰਬਰ ਆਉਂਦਾ ਹੈ। ਪ੍ਰਵਾਸੀਆਂ ਲਈ ਸਭ ਤੋਂ ਪਸੰਦੀਦਾ ਮੁਲਕ ਅਮਰੀਕਾ ਰਿਹਾ ਹੈ ਜਿਥੇ 51 ਲੱਖ ਲੋਕ ਗਏ ਹਨ। ਇਸ ਮਗਰੋਂ ਜਰਮਨੀ ਅਤੇ ਸਾਊਦੀ ਅਰਬ (13-13 ਲੱਖ) ਆਉਂਦੇ ਹਨ।

## ਕਸ਼ਮੀਰ ਮੁੱਦੇ 'ਤੇ ਯੂਰਪੀਅਨ ਸੰਸਦ ਵਲੋਂ ਭਾਰਤ ਦੀ ਹਮਾਇਤ

**ਬਰਸਲਜ਼/ਏਟੀ ਨਿਊਜ਼ ;** ਅੱਤਵਾਦ ਨੂੰ ਲੈ ਕੇ ਯੂਰਪ ਦੀ ਸੰਸਦ ਵਿਚ ਕਈ ਸੰਸਦ ਮੈਂਬਰਾਂ ਨੇ ਇਕ ਸੁਰ ਵਿਚ ਪਾਕਿਸਤਾਨ ਨੂੰ ਝਾੜ ਪਾਈ ਹੈ। ਉਨ੍ਹਾਂ ਕਿਹਾ ਕਿ ਸਾਨੂੰ ਭਾਰਤ ਦਾ ਸਮਰਥਨ ਕਰਨਾ ਚਾਹੀਦਾ ਹੈ, ਕਿਉਂਕਿ ਪਾਕਿ ਵਿਚ ਅੱਤਵਾਦੀਆਂ ਨੂੰ ਪਨਾਹ ਮਿਲਦੀ ਹੈ। ਜ਼ਿਕਰਯੋਗ ਹੈ ਕਿ ਜੰਮੂ-ਕਸ਼ਮੀਰ ਵਿਚੋਂ ਧਾਰਾ 370 ਹਟਾਉਣ ਤੋਂ ਬਾਅਦ ਪਾਕਿ ਇਸ ਨੂੰ ਅੰਤਰਰਾਸ਼ਟਰੀ ਮੰਚਾਂ 'ਤੇ ਚੁੱਕ ਰਿਹਾ ਹੈ ਪਰ ਉਸ ਦਾ ਪ੍ਰਾਪੇਗੰਡਾ ਅਸਫ਼ਲ ਹੋ ਰਿਹਾ ਹੈ। ਯੂਰਪੀਅਨ ਸੰਸਦ ਨੇ 11 ਸਾਲ ਵਿਚ ਪਹਿਲੀ ਵਾਰ ਕਸ਼ਮੀਰ ਦੇ ਮੁੱਦੇ 'ਤੇ ਚਰਚਾ ਕੀਤੀ ਅਤੇ ਖੁੱਲ੍ਹੇ ਤੌਰ 'ਤੇ ਭਾਰਤ ਦਾ ਸਮਰਥਨ ਕੀਤਾ। ਇਸ ਦੌਰਾਨ ਅੱਤਵਾਦ ਦੇ ਮੁੱਦੇ 'ਤੇ ਪਾਕਿਸਤਾਨ ਦੀ ਨਿਖੇਧੀ ਕੀਤੀ ਗਈ। ਪੋਲੈਂਡ ਦੇ ਨੇਤਾ ਅਤੇ ਈ.ਯੂ. ਸੰਸਦ ਮੈਂਬਰ ਰਿਜ਼ਾਰਡ ਜਾਰਨੇਕੀ ਨੇ ਕਿਹਾ ਕਿ ਸਾਨੂੰ ਭਾਰਤ ਦੇ ਜੰਮੂ-ਕਸ਼ਮੀਰ ਵਿਚ ਹੋਣ ਵਾਲੀਆਂ ਅੱਤਵਾਦੀ ਘਟਨਾਵਾਂ 'ਤੇ ਗੌਰ ਕਰਨ ਦੀ ਜ਼ਰੂਰਤ ਹੈ। ਇਟਲੀ ਦੇ ਨੇਤਾ ਤੇ ਈ.ਯੂ. ਦੇ ਸੰਸਦ ਮੈਂਬਰ ਫੁਲਵੀਓ ਮਾਰਤੁਸਿਲੋ ਨੇ ਕਿਹਾ ਕਿ ਪਾਕਿਸਤਾਨ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਧਮਕੀ ਦੇ ਰਿਹਾ ਹੈ। ਯੂਰਪੀ ਸੰਸਦ ਨੇ ਕਿਹਾ ਕਿ ਕਸ਼ਮੀਰ ਦੇ ਮੁੱਦੇ 'ਤੇ ਭਾਰਤ ਤੇ ਪਾਕਿਸਤਾਨ ਨੂੰ ਗੱਲਬਾਤ ਕਰਨੀ ਚਾਹੀਦੀ ਹੈ।

## ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਮਾਮਲਾ ਪੁੱਜਾ ਹਾਈਕੋਰਟ ਵਿਚ

**ਚੰਡੀਗੜ੍ਹ/ਏਟੀ ਨਿਊਜ਼ :** ਘੱਲੂਘਾਰਾ ਦਰਬਾਰ ਸਾਹਿਬ ਜੂਨ 84 ਦੌਰਾਨ ਕੇਂਦਰੀ ਸਿੱਖ ਅਜਾਇਬ ਘਰ ਦੇ ਤੋਸ਼ੇਖਾਨੇ ਦੀ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚੋਂ ਤੇ ਗੁਰੂ ਰਾਮਦਾਸ ਲਾਇਬ੍ਰੇਰੀ ਵਿਚੋਂ ਲਿਜਾਈਆਂ ਗਈਆਂ ਸਿੱਖ ਕੌਮ ਦੀਆਂ ਹਸਤ ਲਿਖਤਾਂ, ਇਤਿਹਾਸਕ ਕ੍ਰਿਤਾਂ ਮੁੜ ਲਾਇਬ੍ਰੇਰੀ ਵਿਚ ਸੁਸ਼ੋਭਿਤ ਕਰਕੇ ਸੰਗਤਾਂ ਦੇ ਦਰਸ਼ਨ ਲਈ ਰੱਖਣ ਦੀ ਮੰਗ ਨੂੰ ਲੈ ਕੇ ਹਾਈਕੋਰਟ ਵਿਚ ਇਕ ਪਟੀਸ਼ਨ ਦਾਖ਼ਲ ਕੀਤੀ ਗਈ ਹੈ। ਨਵਾਂਸ਼ਹਿਰ ਦੇ ਸਤਿੰਦਰ ਸਿੰਘ ਨੇ ਐਡਵੋਕੇਟ ਗੁਰਸ਼ਰਨ ਕੌਰ ਰਾਹੀਂ ਦਾਖ਼ਲ ਪਟੀਸ਼ਨ ਵਿਚ ਕਿਹਾ ਹੈ ਕਿ ਹਾਈਕੋਰਟ ਵਿਚ ਪਹਿਲਾਂ ਵੀ ਸਾਲ 2003 ਵਿਚ ਇਕ ਪਟੀਸ਼ਨ ਦਾਖ਼ਲ ਕਰਕੇ ਇਸ ਸਮੱਗਰੀ ਬਾਰੇ ਸਥਿਤੀ ਸਪੱਸ਼ਟ ਕੀਤੇ ਜਾਣ ਮੰਗ ਕੀਤੀ ਗਈ ਸੀ ਤੇ ਹਾਈਕੋਰਟ ਨੇ 26 ਅਪ੍ਰੈਲ 2004 ਨੂੰ ਮਾਮਲੇ ਦਾ ਨਿਪਟਾਰਾ ਕਰਦਿਆਂ ਸ਼੍ਰੋਮਣੀ ਕਮੇਟੀ ਨੂੰ ਇਕ ਸੂਚੀ ਕੇਂਦਰ ਸਰਕਾਰ ਨੂੰ ਮੁਹੱਈਆ ਕਰਵਾਉਣ ਲਈ ਕਿਹਾ ਸੀ। ਪਟੀਸ਼ਨ ਵਿਚ ਮੰਗ ਕੀਤੀ ਗਈ ਹੈ ਕਿ ਸ਼੍ਰੋਮਣੀ ਕਮੇਟੀ ਇਹ ਤੱਥ ਸਾਹਮਣੇ ਲਿਆਵੇ ਕਿ ਸ਼੍ਰੋਮਣੀ ਕਮੇਟੀ ਨੂੰ ਭਾਰਤੀ ਫ਼ੌਜ, ਸੀਬੀਆਈ ਤੇ ਕੇਂਦਰ ਸਰਕਾਰ ਵਲੋਂ ਵਾਪਸ ਕੀਤੀਆਂ ਹਸਤ ਲਿਖਤਾਂ, ਤੇ ਧਾਰਮਿਕ ਸਾਹਿਤ ਕਿੱਥੇ ਹੈ ਤੇ ਇਨ੍ਹਾਂ ਦਾ ਕੀ ਹੋਇਆ। ਇਹ ਮੰਗ ਵੀ ਕੀਤੀ ਗਈ ਹੈ ਕਿ ਇਨ੍ਹਾਂ ਲਿਖਤਾਂ ਤੇ ਕ੍ਰਿਤਾਂ ਦੀ ਸੂਚੀ ਤਿਆਰ ਕੀਤੀ ਜਾਵੇ ਤੇ ਮੁੜ ਲਾਇਬ੍ਰੇਰੀ ਵਿਚ ਦਰਸ਼ਨਾਂ ਤੇ ਖੋਜ ਲਈ ਸੁਸ਼ੋਭਿਤ ਕੀਤਾ ਜਾਵੇ। ਹਾਈਕੋਰਟ ਵਿਚ ਇਸ ਪਟੀਸ਼ਨ 'ਤੇ ਸੁਣਵਾਈ 7 ਨਵੰਬਰ 'ਤੇ ਪਾ ਦਿੱਤੀ ਗਈ।

## ਸਿੱਖਾਂ ਖ਼ਿਲਾਫ਼ ਅਪਮਾਨਜਨਕ ਟਿੱਪਣੀਆਂ ਕਰਨ ਵਾਲੇ ਪੁਜਾਰੀ ਪਾਕਿ ਅਦਾਲਤ ਵਲੋਂ ਰਿਹਾਅ

**ਪਿਸ਼ਾਵਰ/ਏਟੀ ਨਿਊਜ਼ :** ਪਾਕਿਸਤਾਨ ਵਿੱਚ ਸ਼ੋਸ਼ਲ ਮੀਡੀਆ 'ਤੇ ਸਿੱਖਾਂ ਖਿਲਾਫ਼ ਅਪਮਾਨਜਨਕ ਟਿੱਪਣੀਆਂ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤੇ ਗਏ ਚਾਰ ਪੁਜਾਰੀਆਂ ਸ਼ਿਵਨਾਥ, ਸੂਰਜ ਕੁਮਾਰ, ਰਾਮ ਪ੍ਰਕਾਸ਼ ਅਤੇ ਕਵਲ ਨਾਥ ਸ਼ਰਮਾ ਨੂੰ ਇੱਥੋਂ ਦੀ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਹੈ।

### ਮਾਮਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ

# ਕਲੋਜ਼ਰ ਰਿਪੋਰਟ ਬਾਰੇ ਅਦਾਲਤ ਨੇ ਸੀਬੀਆਈ ਤੋਂ ਜਵਾਬ ਮੰਗਿਆ

**ਮੁਹਾਲੀ/ਏਟੀ ਨਿਊਜ਼ :** ਬੇਅਦਬੀ ਮਾਮਲਿਆਂ ਸਬੰਧੀ ਸੀਬੀਆਈ ਦੀ ਕਲੋਜ਼ਰ ਰਿਪੋਰਟ ਅਤੇ ਪੰਜਾਬ ਸਰਕਾਰ ਵੱਲੋਂ ਦਾਇਰ ਪ੍ਰੋਟੈਸਟ ਪਟੀਸ਼ਨ ਸਬੰਧੀ ਕੇਸ ਦੀ ਸੁਣਵਾਈ ਮੁਹਾਲੀ ਸਥਿਤ ਸੀਬੀਆਈ ਦੇ ਵਿਸ਼ੇਸ਼ ਜੱਜ ਐੱਨਐੱਸ ਗਿੱਲ ਦੀ ਅਦਾਲਤ ਵਿਚ ਹੋਈ। ਇਸ ਮੌਕੇ ਪੰਜਾਬ ਸਰਕਾਰ ਨੇ ਸਰਕਾਰੀ ਵਕੀਲ ਰਾਹੀਂ ਅਰਜ਼ੀ ਦਾਇਰ ਕਰ ਕੇ ਸੀਬੀਆਈ ਦੀ ਕਾਰਗੁਜ਼ਾਰੀ 'ਤੇ ਪ੍ਰਸ਼ਨ-ਚਿੰਨ੍ਹ ਲਾਉਂਦਿਆਂ ਜਾਂਚ ਟੀਮ 'ਤੇ ਗੁਮਰਾਹ ਕਰਨ ਦਾ ਦੋਸ਼ ਲਾਇਆ। ਸਰਕਾਰੀ ਵਕੀਲ ਸੰਜੀਵ ਬੱਤਰਾ ਨੇ ਕਿਹਾ ਕਿ ਸੀਬੀਆਈ ਦੇ ਅਧਿਕਾਰੀ ਵਿਧਾਨ ਸਭਾ ਵਿਚ ਪਾਸ ਕੀਤੇ ਮਤੇ ਅਤੇ ਸਰਕਾਰ ਵੱਲੋਂ ਲਿਖੀਆਂ ਚਿੱਠੀਆਂ ਬਾਰੇ ਝੂਠ ਬੋਲ ਰਹੇ ਹਨ।

ਸਰਕਾਰ ਦਾ ਕਹਿਣਾ ਹੈ ਕਿ ਪਿਛਲੇ ਤਿੰਨ ਸਾਲਾਂ ਤੋਂ ਇਹ ਮਾਮਲਾ ਸੀਬੀਆਈ ਦੇ ਸਪੁਰਦ ਸੀ ਪਰ ਹਾਲੇ ਤੱਕ ਜਾਂਚ ਏਜੰਸੀ ਨੇ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ। ਸਿੱਟੇ ਵਜੋਂ ਪਿਛਲੇ ਸਾਲ 28 ਅਗਸਤ ਨੂੰ ਪੰਜਾਬ ਵਿਧਾਨ ਸਭਾ ਵੱਲੋਂ ਇਸ ਮਾਮਲੇ ਵਿਚ ਸੀਬੀਆਈ ਤੋਂ ਜਾਂਚ ਵਾਪਸ ਲੈਣ ਸਬੰਧੀ ਮਤਾ ਪਾਸ ਕਰਨ ਮਗਰੋਂ ਅਗਲੇ ਹੀ ਦਿਨ ਕੇਂਦਰ ਸਰਕਾਰ ਦੇ ਪ੍ਰਸੋਨਲ ਵਿਭਾਗ ਰਾਹੀਂ ਸੀਬੀਆਈ ਨੂੰ ਪੱਤਰ ਭੇਜਿਆ ਗਿਆ ਸੀ। ਇਸ ਮਗਰੋਂ ਥਾਣਾ ਬਾਜਾਖਾਨਾ ਵਿਚ ਬੇਅਦਬੀ ਮਾਮਲੇ ਨਾਲ ਸਬੰਧਿਤ ਦਰਜ ਕੀਤੇ ਕੇਸਾਂ ਦੀ ਜਾਂਚ ਕਰਨ ਦੀ ਸੀਬੀਆਈ ਨੂੰ ਦਿੱਤੀ ਸਹਿਮਤੀ ਵਾਪਸ ਲੈਣ ਬਾਰੇ 6 ਸਤੰਬਰ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ। ਇਸ ਸਬੰਧੀ ਸੀਬੀਆਈ ਨੂੰ ਦੋ ਹੋਰ ਚਿੱਠੀਆਂ ਵੀ ਲਿਖੀਆਂ ਗਈਆਂ ਸਨ ਪਰ ਜਾਂਚ ਏਜੰਸੀ ਨੇ ਸਰਕਾਰ ਨੂੰ ਕੇਸ ਵਾਪਸ ਨਹੀਂ ਕੀਤਾ ਅਤੇ ਨਾ ਹੀ ਕੋਈ ਦਸਤਾਵੇਜ਼ ਦਿੱਤਾ, ਸਗੋਂ ਚੁੱਪ-ਚੁਪੀਤੇ ਕਲੋਜ਼ਰ ਰਿਪੋਰਟ ਪੇਸ਼ ਕਰ ਦਿੱਤੀ ਤੇ ਹੁਣ ਸੀਬੀਆਈ ਮੁੜ ਜਾਂਚ ਕਰਨ ਲਈ ਕਹਿ ਰਹੀ ਹੈ। ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਮਗਰੋਂ ਸੀਬੀਆਈ ਨੂੰ 30 ਸਤੰਬਰ ਨੂੰ ਲਿਖਤੀ ਰੂਪ ਵਿਚ ਆਪਣਾ ਪੱਖ ਰੱਖਣ ਲਈ ਆਖਿਆ ਹੈ।

## ਹੁਣ ਚੀਨ 'ਚ ਰਹਿਣ ਲਈ ਸਿੱਖਾਂ ਨੂੰ ਉਤਾਰਨੀ ਪਵੇਗੀ ਪੱਗ

**ਨਵੀਂ ਦਿੱਲੀ/ਏਟੀ ਨਿਊਜ਼ :** ਗੁਆਂਢੀ ਮੁਲਕ ਚੀਨ ਦੀ ਸਰਕਾਰ ਨੇ ਸਿੱਖਾਂ ਨੂੰ ਦਸਤਾਰ ਬੰਨ੍ਹਣ 'ਤੇ ਹੀ ਪਾਬੰਦੀ ਲਗਾ ਦਿੱਤੀ ਹੈ। ਝਿਜਿਆਂਗ ਸੂਬੇ ਦੇ ਯੀਯੂ ਸ਼ਹਿਰ ਦੇ ਰਵਿੰਦਰ ਸਿੰਘ ਵੱਲੋਂ ਇਹ ਦੱਸਿਆ ਗਿਆ ਹੈ ਕਿ ਚੀਨ ਸਰਕਾਰ ਵੱਲੋਂ ਇਹ ਐਲਾਨ ਕਰ ਦਿੱਤਾ ਗਿਆ ਹੈ ਕਿ ਜੇਕਰ ਕਿਸੇ ਸਿੱਖ ਵਿਅਕਤੀ ਨੇ ਮੋਬਾਇਲ ਸਿਮ ਵੀ ਲੈਣਾ ਹੈ ਤਾਂ ਉਸ ਨੂੰ ਪਹਿਲਾਂ ਆਪਣੀ ਦਸਤਾਰ ਵੀ ਉਤਾਰਨੀ ਪਵੇਗੀ ਅਤੇ ਕੇਸ ਵੀ ਖੋਲ੍ਹਣੇ ਪੈਣਗੇ। ਜਾਣਕਾਰੀ ਮੁਤਾਬਕ ਚੀਨ ਸਰਕਾਰ ਵੱਲੋਂ ਇਹ ਵੀ ਐਲਾਨ ਕੀਤਾ ਗਿਆ ਹੈ ਕਿ ਜੇਕਰ ਕਿਸੇ ਵਿਅਕਤੀ ਨੇ ਸ਼ਨਾਖਤੀ ਦਸਤਾਵੇਜ਼ ਜਿਵੇਂ ਲਾਈਸੈਂਸ, ਵੀਜ਼ਾ ਵਧਾਉਣ ਆਦਿ ਬਣਵਾਉਣ ਲਈ ਦਸਤਾਵੇਜ਼ਾਂ 'ਤੇ ਜਿਹੜੀ ਫੋਟੋ ਲਗਾਉਣੀ ਹੈ ਉਹ ਵੀ ਬਿਨਾ ਪੱਗ ਜਾਂ ਫਿਰ ਬਿਨਾਂ ਪਟਕੇ ਤੋਂ ਹੋਣੀ ਚਾਹੀਦੀ ਹੈ। ਰਵਿੰਦਰ ਸਿੰਘ ਕਿਹਾ ਹੈ ਕਿ ਜੇਕਰ ਉਹ ਬਿਨਾਂ ਦਸਤਾਰ ਤੋਂ ਅਤੇ ਕੇਸ ਖੋਲ੍ਹ ਕੇ ਆਪਣੀ ਫੋਟੋ ਨਹੀਂ ਖਿੱਚਵਾਏਗਾ ਤਾਂ ਉਸ ਨੂੰ ਸਿਮ ਕਾਰਡ ਨਹੀਂ ਮਿਲੇਗਾ। ਰਵਿੰਦਰ ਸਿੰਘ ਅਨੁਸਾਰ ਜਿਹੜੇ ਵਿਅਕਤੀ ਜ਼ੈਡ ਵੀਜ਼ਾ (ਵਰਕ ਵੀਜ਼ਾ) ਲੈ ਕੇ ਚੀਨ ਜਾਂਦੇ ਹਨ ਉਹ ਲੰਬਾ ਸਮਾਂ ਉੱਥੇ ਰਹਿੰਦੇ ਹਨ ਅਤੇ ਉਨ੍ਹਾਂ ਕੋਲ ਆਪਣੀਆਂ ਗੱਡੀਆਂ ਹਨ ਪਰ ਉੱਥੇ ਲਾਈਸੈਂਸ ਲੈਣ ਲਈ ਉਨ੍ਹਾਂ ਨੂੰ ਆਪਣੀ ਦਸਤਾਰ ਉਤਾਰਨੀ ਪੈ ਰਹੀ ਹੈ। ਰਵਿੰਦਰ ਸਿੰਘ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਜੇਕਰ ਉਸ ਨੂੰ ਚੀਨ ਅੰਦਰ ਰਹਿਣਾ ਪੈਂਦਾ ਹੈ ਤਾਂ ਇਸ ਲਈ ਉਸ ਨੂੰ ਆਪਣੀ ਦਸਤਾਰ ਉਤਾਰ ਕੇ ਦਾੜ੍ਹੀ ਵੀ ਸ਼ੇਵ ਕਰਾਉਣੀ ਪਵੇਗੀ। ਉਸ ਨੇ ਕਿਹਾ ਕਿ ਉਸਨੇ ਚੀਨ ਵਿਚ ਰਹਿੰਦੇ ਦਸਤਾਰ ਅਤੇ ਦਾੜ੍ਹੀ ਦੇ ਮੁੱਦੇ ਨੂੰ ਵੀਚੈਟ ਸਮੂਹ ਦੇ ਜ਼ਰੀਏ ਸ਼ੰਘਾਈ ਵਿਚ ਸਥਿਤ ਭਾਰਤੀ ਕੌਂਸਲੇਟ ਨੂੰ ਵੀ ਦੱਸਿਆ ਸੀ ਪਰ ਕੋਈ ਲਾਭ ਨਹੀਂ ਹੋਇਆ।

### ਮਾਮਲਾ ਸ਼ੇਰਾ, ਬੱਗਾ, ਜੱਗੀ ਜੌਹਲ ਸਮੇਤ 11 ਮੁਲਜ਼ਮਾਂ ਦਾ

## ਕੇਂਦਰੀ ਗ੍ਰਹਿ ਮੰਤਰਾਲੇ ਨੇ ਦਿੱਲੀ ਤੋਂ ਬਾਹਰ ਲਿਜਾਣ 'ਤੇ ਲਗਾਈ ਰੋਕ

**ਮੋਹਾਲੀ/ਏਟੀ ਨਿਊਜ਼ :** ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵਲੋਂ ਪੰਜਾਬ ਵਿਚ ਮਿੱਥ ਕੇ ਕੀਤੀਆਂ ਗਈਆਂ ਹੱਤਿਆਵਾਂ ਦੇ ਮਾਮਲੇ ਵਿਚੋਂ ਸਿਰਫ ਰਵਿੰਦਰ ਗੋਸਾਈਂ ਕਤਲ ਮਾਮਲੇ ਵਿਚ ਨਾਮਜ਼ਦ 11 ਮੁਲਜ਼ਮਾਂ ਹਰਦੀਪ ਸਿੰਘ ਉਰਫ਼ ਸ਼ੇਰਾ, ਰਮਨਦੀਪ ਸਿੰਘ ਉਰਫ਼ ਕੈਨੇਡੀਅਨ, ਧਰਮਿੰਦਰ ਸਿੰਘ ਗੁਗਨੀ, ਅਨਿਲ ਕੁਮਾਰ ਉਰਫ਼ ਕਾਲਾ, ਐਨ. ਆਰ. ਆਈ. ਜਗਤਾਰ ਸਿੰਘ ਜੱਗੀ ਜੌਹਲ, ਅਮਨਿੰਦਰ ਸਿੰਘ ਮਿੰਦੂ, ਮਨਪ੍ਰੀਤ ਸਿੰਘ ਮਨੀ, ਰਵੀਪਾਲ ਸਿੰਘ, ਪਹਾੜ ਸਿੰਘ, ਪ੍ਰਵੇਜ਼ ਅਤੇ ਮਲੂਕ ਤੋਮਰ ਨੂੰ ਦਿੱਲੀ ਤੋਂ ਬਾਹਰ ਲੈ ਕੇ ਜਾਣ 'ਤੇ ਰੋਕ ਲਗਾਉਂਦਿਆਂ ਨੋਟੀਫਿਕੇਸ਼ਨ ਜਾਰੀ ਕੀਤਾ ਹੈ।

# ਝੂਠੇ ਪੁਲਿਸ ਮੁਕਾਬਲੇ ਵਿਚ ਘਿਰਿਆ ਕੈਪਟਨ ਦਾ ਸੁਰੱਖਿਆ ਸਲਾਹਕਾਰ ਖ਼ੂਬੀ ਰਾਮ

## ਸੀਬੀਆਈ ਵਲੋਂ ਪੇਸ਼ ਕੀਤੇ ਗਵਾਹ ਕੰਵਰ ਸਿੰਘ ਧਾਮੀ ਨੇ ਦਾਅਵਾ ਕੀਤਾ ਕਿ ਫਰਜ਼ੀ ਮੁਕਾਬਲੇ ’ਚ ਮਾਰੇ ਗਏ ਬਾਬਾ ਚਰਨ ਸਿੰਘ ਨੂੰ ਉਨ੍ਹਾਂ ਦੀ ਅੱਖਾਂ ਸਾਹਮਣੇ ਲੈ ਕੇ ਗਏ ਸੀ ਖ਼ੂਬੀ ਰਾਮ

- **1993 ਵਿਚ ਛੇ ਸਿੱਖਾਂ ਦਾ ਕੀਤਾ ਸੀ ਕਤਲ**
- **ਖ਼ੂਬੀ ਰਾਮ ਦੀ ਕਦੇ ਵੀ ਸ਼ਮੂਲੀਅਤ ਸਾਹਮਣੇ ਨਹੀਂ ਆਈ : ਸੀਬੀਆਈ**




**ਅੰਮ੍ਰਿਤਸਰ/ਏਟੀ ਨਿਊਜ਼ :** ਤਰਨ ਤਾਰਨ ਵਿੱਚ ਸੰਨ 1993 ਵਿੱਚ ਹੋਏ ਛੇ ਬੰਦਿਆਂ ਦੇ ਕਤਲ ਮਾਮਲੇ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸੁਰੱਖਿਆ ਸਲਾਹਕਾਰ ਖ਼ੂਬੀ ਰਾਮ ਦਾ ਨਾਂ ਸਾਹਮਣੇ ਆਇਆ ਹੈ। ਅਦਾਲਤ ਵਿੱਚ ਸੰਨ 1993 ਦੇ ਫਰਜ਼ੀ ਮੁਕਾਬਲਾ ਕੇਸ ਦੀ ਸੁਣਵਾਈ ਦੌਰਾਨ ਇਹ ਖੁਲਾਸਾ ਹੋਇਆ ਹੈ। ਮੁਹਾਲੀ ਦੀ ਵਿਸ਼ੇਸ਼ ਸੀਬੀਆਈ ਅਦਾਲਤ ਵਿੱਚ ਮਾਮਲੇ ਦੀ ਸੁਣਵਾਈ ਦੌਰਾਨ ਸੀਬੀਆਈ ਵੱਲੋਂ ਪੇਸ਼ ਕੀਤੇ ਗਏ ਗਵਾਹ ਕੰਵਰ ਸਿੰਘ ਧਾਮੀ ਨੇ ਦਾਅਵਾ ਕੀਤਾ ਕਿ ਖ਼ੂਬੀ ਰਾਮ ਉਸ ਸਮੇਂ ਦਾ ਐਸਪੀ ਆਪ੍ਰੇਸ਼ਨ ਤਰਨ ਤਾਰਨ ਸਨ। ਉਹ ਫਰਜ਼ੀ ਮੁਕਾਬਲੇ ਵਿੱਚ ਮਾਰੇ ਗਏ ਬਾਬਾ ਚਰਨ ਸਿੰਘ ਨੂੰ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਲੈ ਕੇ ਗਏ ਸੀ। ਧਾਮੀ ਨੇ ਇਸ ਦੇ ਨਾਲ ਹੀ ਸੀਬੀਆਈ ਦੀ ਅਦਾਲਤ ਵਿੱਚ ਇੱਕ ਅਰਜ਼ੀ ਲਾਈ ਜਿਸ ਵਿੱਚ ਖ਼ੂਬੀ ਰਾਮ ਨੂੰ ਬਤੌਰ ਮੁਲਜ਼ਮ ਸੰਮਨ ਕਰਨ ਦੀ ਗੁਜ਼ਾਰਸ਼ ਕੀਤੀ ਗਈ ਹੈ। ਅਰਜ਼ੀ ’ਤੇ ਵਿਸ਼ੇਸ਼ ਅਦਾਲਤ ਨੇ ਸੀਬੀਆਈ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਇਸ ਬਾਰੇ ਧਾਮੀ ਨੇ ਆਪਣੀ ਅਰਜ਼ੀ ਵਿੱਚ ਲਿਖਿਆ ਕਿ ਤਰਨ ਤਾਰਨ ਵਿੱਚ ਉਨ੍ਹਾਂ ਤੇ ਬਾਬਾ ਚਰਨ ਸਿੰਘ ਨੂੰ ਇੱਕ ਹੀ ਹਵਾਲਾਤ ਵਿੱਚ ਰੱਖਿਆ ਗਿਆ ਸੀ। ਉਸ ਦੇ ਸਾਹਮਣੇ ਉਸ ਵੇਲੇ ਦੇ ਤਰਨ ਤਾਰਨ ਦੇ ਐਸਐਸਪੀ ਅਜੀਤ ਸਿੰਘ ਸੰਧੂ ਨੇ ਖ਼ੂਬੀ ਰਾਮ ਨੂੰ ਬਾਬਾ ਚਰਨ ਸਿੰਘ ਨੂੰ ਮਾਰਨ ਦੀਆਂ ਹਦਾਇਤਾਂ ਦਿੱਤੀਆਂ ਸੀ। ਇਹ ਬਿਆਨ ਧਾਮੀ ਨੇ ਅਦਾਲਤ ਵਿੱਚ ਦਿੱਤਾ ਤੇ ਅਰਜ਼ੀ ਲਾਈ ਹੈ।

ਯਾਦ ਰਹੇ ਕਿ ਸੰਨ 1993 ਵਿੱਚ ਬਾਬਾ ਚਰਨ ਸਿੰਘ ਸਮੇਤ ਉਸ ਦੇ ਤਿੰਨ ਭਰਾ ਮੇਜਾ ਸਿੰਘ, ਕੇਸਰ ਸਿੰਘ, ਗੁਰਦੇਵ ਸਿੰਘ ਤੇ ਸਾਲਾ ਗੁਰਮੀਤ ਸਿੰਘ ਸਮੇਤ ਉਸ ਦੇ ਪੁੱਤਰ ਬਲਵਿੰਦਰ ਸਿੰਘ ਨੂੰ ਫਰਜ਼ੀ ਮੁਕਾਬਲੇ ਵਿੱਚ ਮਾਰਿਆ ਗਿਆ ਸੀ। ਇਹ ਮਾਮਲਾ ਸੰਨ 1997 ਵਿੱਚ ਤਫਤੀਸ਼ ਲਈ ਸੀਬੀਆਈ ਨੂੰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਸੀਬੀਆਈ ਨੇ ਆਪਣੀ ਤਫਤੀਸ਼ ਕਰਕੇ ਸੰਨ 2001 ਵਿੱਚ ਚਲਾਨ ਪੇਸ਼ ਕੀਤਾ ਸੀ।

### ਕੀ ਹੈ ਪੂਰਾ ਮਾਮਲਾ ?

ਬਹੁਚਰਚਿਤ ਬਾਬਾ ਚਰਨ ਸਿੰਘ ਬੀੜ ਸਾਹਿਬ ਵਾਲੇ ਕੇਸ ਵਿੱਚ ਪੁਲਿਸ ਵੱਲੋਂ ਫਰਜ਼ੀ ਮੁਕਾਬਲੇ ਵਿੱਚ ਇੱਕ ਪਰਿਵਾਰ ਦੇ 6 ਮੈਂਬਰਾਂ ਨੂੰ ਮਾਰਨ ਦੇ ਇਲਜਾਮ ਹਨ। ਇਸ ਕੇਸ ਵਿੱਚ ਸੀਬੀਆਈ ਕੋਰਟ 26 ਸਾਲ ਬਾਅਦ ਹੁਣ ਜਲਦ ਆਪਣਾ ਫੈਸਲਾ ਸੁਣਾਏਗੀ। ਸਾਲ 1993 ਦੇ ਇਸ ਕੇਸ ਵਿੱਚ ਉਸ ਵੇਲੇ ਦੇ ਐਸਐਸਪੀ ਤਰਨ ਤਾਰਨ ਅਜੀਤ ਸਿੰਘ ਸੰਧੂ, ਐਸਪੀ ਆਪ੍ਰੇਸ਼ਨ ਖ਼ੂਬੀ ਰਾਮ ਜੋ ਇਸ ਵੇਲੇ ਮੁੱਖ ਮੰਤਰੀ ਦੇ ਸਲਾਹਕਾਰ ਹਨ, ਡੀਐਸਪੀ ਗੁਰਮੀਤ ਰੰਧਾਵਾ, ਡੀਐਸਪੀ ਕਸ਼ਮੀਰ ਸਿੰਘ ਗਿੱਲ, ਇੰਸਪੈਕਟਰ ਸੂਬਾ ਸਿੰਘ ਤੇ ਹੋਰ ਕਰੀਬ 10 ਮੁਲਾਜ਼ਮ ਸ਼ਾਮਲ ਹਨ। ਕੇਸ ਮੁਤਾਬਕ ਬਾਬਾ ਚਰਨ ਸਿੰਘ ਬੀੜ ਸਾਹਿਬ ਵਾਲੇ, ਬਾਬਾ ਮੇਜਾ ਸਿੰਘ, ਗੁਰਦੇਵ ਸਿੰਘ, ਕੇਸਰ ਸਿੰਘ, ਗੁਰਮੇਜ ਸਿੰਘ, ਬਲਵਿੰਦਰ ਸਿੰਘ ਨੂੰ ਬਿਨ੍ਹਾ ਕਸੂਰ ਮਾਰ ਦਿੱਤਾ ਸੀ। ਗੁਰਦਵਾਰਾ ਸਾਹਿਬ ਦੀ ਕਰੀਬ 21 ਲੱਖ ਦੀ ਕਣਕ ਤੇ ਕਰੀਬ ਇੱਕ ਕਰੋੜ ਦੀ ਸੰਪਤੀ ਜ਼ਬਤ ਕੀਤੀ ਸੀ। ਸੰਨ 1994 ਵਿੱਚ ਹਾਈਕੋਰਟ ਵਿੱਚ ਪਟੀਸ਼ਨ ਪਾਈ ਗਈ। ਇਸ ਮਗਰੋਂ ਸੰਨ 1997 ਵਿੱਚ ਕੇਸ ਸੀਬੀਆਈ ਕੋਰਟ ਚਲਾ ਗਿਆ। ਪੁਲਿਸ ਵੱਲੋਂ ਸੰਨ 2018 ਤੱਕ ਸਟੇਅ ਲੈ ਲਿਆ। ਹੁਣ 2019 ਵਿੱਚ ਸੁਪਰੀਮ ਕੋਰਟ ਨੇ ਸਟੇਅ ਖਤਮ ਕਰਕੇ ਸੀਬੀਆਈ ਨੂੰ ਇਸ ਕੇਸ ਨੂੰ 8 ਮਹੀਨੇ ਵਿੱਚ ਖਤਮ ਕਰਨ ਲਈ ਕਿਹਾ। ਪਰਿਵਾਰ ਮੁਤਾਬਕ ਹੁਣ ਉਮੀਦ ਹੈ ਕਿ ਇਨਸਾਫ਼ ਮਿਲੇਗਾ ਤੇ ਮੁੱਖ ਦੋਸ਼ੀਆ ਨੂੰ ਫਾਂਸੀ ਤੇ ਬਾਕੀਆਂ ਨੂੰ ਉਮਰ ਕੈਦ ਹੋਣੀ ਚਾਹੀਦੀ ਹੈ। ਜੇਕਰ ਉਮੀਦ ਮੁਤਾਬਕ ਫੈਸਲਾ ਨਾ ਹੋਇਆ ਤਾਂ ਇਸ ਕੇਸ ਨੂੰ ਯੂਐਨਓ ਤੱਕ ਲੈ ਕੇ ਜਾਣਗੇ।

### ਕੈਪਟਨ ਦੇ ਸਲਾਹਕਾਰ ਨੂੰ ਕਲੀਨ ਚਿੱਟ ਮਿਲੀ



ਸੰਨ 1993 ਵਿਚ ਪੰਜਾਬ ਪੁਲਿਸ ਵਲੋਂ ਬਾਬਾ ਚਰਨ ਸਿੰਘ ਸਮੇਤ ਇਕੋ ਪਰਿਵਾਰ ਦੇ 6 ਜੀਆਂ ਨੂੰ ਅਗਵਾ ਕਰਨ ਦੇ ਮਾਮਲੇ ਵਿਚ ਖ਼ੂਬੀ ਰਾਮ ਨੂੰ ਸੰਮਨ ਜਾਰੀ ਕਰਨ ਦੇ ਮਾਮਲੇ ਵਿਚ ਸੀ.ਬੀ.ਆਈ. ਵਲੋਂ ਢਾਈ ਪੇਜਾਂ ਦਾ ਜਵਾਬ ਅਦਾਲਤ ਵਿਚ ਦਾਖ਼ਲ ਕਰ ਦਿੱਤਾ ਗਿਆ ਹੈ। ਸੀ.ਬੀ.ਆਈ. ਨੇ ਆਪਣੇ ਜਵਾਬ ਵਿਚ ਕਿਹਾ ਕਿ ਉਕਤ ਮਾਮਲੇ ਦੀ ਜਾਂਚ ਦੌਰਾਨ ਉਸ ਸਮੇਂ ਤਰਨ ਤਾਰਨ ਵਿਚ ਤਾਇਨਾਤ ਰਹੇ ਐਸ.ਪੀ. ਆਪ੍ਰੇਸ਼ਨ ਖ਼ੂਬੀ ਰਾਮ ਦੀ ਭੂਮਿਕਾ ਕਦੇ ਵੀ ਸਾਹਮਣੇ ਨਹੀਂ ਆਈ ਤੇ ਨਾ ਹੀ ਸੀ.ਬੀ.ਆਈ. ਵਲੋਂ ਆਪਣੀ ਚਾਰਜਸ਼ੀਟ ਵਿਚ ਖ਼ੂਬੀ ਰਾਮ ਨੂੰ ਨਾਮਜ਼ਦ ਕੀਤਾ ਗਿਆ ਹੈ। ਸੀ. ਬੀ. ਆਈ. ਦਾ ਕਹਿਣਾ ਹੈ ਕਿ ਜਾਂਚ ਦੌਰਾਨ ਵੀ ਕਿਸੇ ਵੀ ਪੀੜਤ ਵਿਅਕਤੀ ਨੇ ਖ਼ੂਬੀ ਰਾਮ ਦਾ ਕਦੇ ਵੀ ਜ਼ਿਕਰ ਨਹੀਂ ਕੀਤਾ। ਸੀ ਬੀਆਈ ਮੁਤਾਬਕ ਇਸ ਮਾਮਲੇ ਵਿਚ ਨਾਮਜ਼ਦ ਕਸ਼ਮੀਰ ਸਿੰਘ ਨਾਂਅ ਦਾ ਅਫ਼ਸਰ ਬਾਬਾ ਚਰਨ ਸਿੰਘ ਨੂੰ ਲੈ ਕੇ ਬੜੌਦਾ ਗਿਆ ਤੇ ਉੱਥੋਂ 4 ਲੱਖ 17 ਹਜ਼ਾਰ ਰੁਪਏ ਕਢਵਾ ਕੇ ਉਕਤ ਅਫ਼ਸਰ ਨੇ ਆਪਣੇ ਕੋਲ ਰੱਖ ਲਏ ਤੇ ਗੁਰਦੁਆਰਾ ਸਾਹਿਬ ਵਿਚੋਂ ਇਕ ਟਰੈਕਟਰ ਵੀ ਲਿਜਾਇਆ ਗਿਆ ਸੀ। ਸੀਬੀਆਈ ਮੁਤਾਬਕ ਉਸ ਸਮੇਂ ਦੇ ਐਸ. ਐਸ. ਪੀ. ਅਜੀਤ ਸਿੰਘ ਸੰਧੂ ਦੇ ਕਹਿਣ ’ਤੇ ਗੁਰਮੀਤ ਸਿੰਘ ਡੀ.ਐਸ.ਪੀ., ਸੂਬਾ ਸਿੰਘ, ਕਸ਼ਮੀਰ ਸਿੰਘ ਸਮੇਤ ਹੋਰਨਾਂ ਨੇ ਮਹੰਤ ਸੇਵਾਦਾਸ ਤੇ ਜਗਵੀਰ ਸਿੰਘ ਦੇ ਸਾਹਮਣੇ ਬਾਬਾ ਚਰਨ ਸਿੰਘ ਕੋਲੋਂ ਪੁੱਛਗਿੱਛ ਕੀਤੀ ਸੀ। ਸੀ. ਬੀ. ਆਈ. ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਕੰਵਰ ਸਿੰਘ ਧਾਮੀ ਵਲੋਂ ਖ਼ੂਬੀ ਰਾਮ ਨਾਲ ਸਬੰਧਿਤ ਅਰਜ਼ੀ ਉਕਤ ਕੇਸ ਦੇ ਫ਼ੈਸਲੇ ਨੂੰ ਲਟਕਾਉਣ ਦੇ ਮੰਤਵ ਨਾਲ ਲਗਾਈ ਹੈ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਲਈ 24 ਤੇ 25 ਸਤੰਬਰ ਦੀ ਤਰੀਕ ਨਿਸ਼ਚਿਤ ਕੀਤੀ ਹੈ।

# ਸਿੱਖ ਨੌਜਵਾਨ ਨੂੰ ਅਗਵਾ ਕਰਨ ਦੇ ਦੋਸ਼ ’ਚ ਇੰਸਪੈਕਟਰ ਨੂੰ 6 ਸਾਲ ਅਤੇ ਸਿਪਾਹੀ ਨੂੰ 1 ਸਾਲ ਦੀ ਸਜ਼ਾ

## ਦੋਸ਼ੀ ਇੰਸਪੈਕਟਰ ਨੂੰ ਵੱਡੇ ਭਰਾ ਬਲਵਿੰਦਰ ਸਿੰਘ ਦੇ ਅਗਵਾ ਕੇਸ ਵਿਚ ਪਹਿਲਾਂ ਹੀ ਹੋ ਚੁੱਕੀ ਹੈ ਸਜ਼ਾ

**ਮੋਹਾਲੀ/ਏਟੀ ਨਿਊਜ਼ :** ਸੀਬੀਆਈ ਅਦਾਲਤ ਨੇ ਨਵੰਬਰ 1993 ਵਿਚ ਪੁਲਿਸ ਵਲੋਂ ਗੁਰਿੰਦਰ ਸਿੰਘ, ਜੋ ਕਿ ਉਸ ਸਮੇਂ ਬਤੌਰ ਸਿਪਾਹੀ ਨੌਕਰੀ ਕਰਦਾ ਸੀ, ਵਾਸੀ ਪ੍ਰਤਾਪ ਨਗਰ ਜ਼ਿਲ੍ਹਾ ਪਟਿਆਲਾ ਨੂੰ ਘਰੋਂ ਅਗਵਾ ਕਰ ਕੇ ਲੈ ਜਾਣ ਅਤੇ ਅੱਜ ਤੱਕ ਉਸ ਦਾ ਕੋਈ ਅਤਾ-ਪਤਾ ਨਾ ਲੱਗਣ ਦੇ ਮਾਮਲੇ ਵਿਚ ਸਾਬਕਾ ਇੰਸਪੈਕਟਰ ਜੋਗਿੰਦਰ ਸਿੰਘ ਨੂੰ ਧਾਰਾ-365 ਵਿਚ 6 ਸਾਲ ਦੀ ਸਜ਼ਾ ਅਤੇ 20 ਹਜ਼ਾਰ ਜੁਰਮਾਨਾ, ਧਾਰਾ 344 ਵਿਚ 2 ਸਾਲ ਦੀ ਸਜ਼ਾ ਅਤੇ 5 ਹਜ਼ਾਰ ਜੁਰਮਾਨੇ ਦੀ ਸਜ਼ਾ ਸੁਣਾਈ ਹੈ, ਜਦੋਂ ਕਿ ਕਾਗਜ਼ੀ ਕਾਰਵਾਈ ’ਤੇ ਦਸਤਖ਼ਤ ਕਰਨ ਵਾਲੇ ਉਸ ਸਮੇਂ ਦੇ ਸਿਪਾਹੀ ਜਗਜੀਤ ਸਿੰਘ ਨੂੰ 1 ਸਾਲ ਦੀ ਸਜ਼ਾ ਅਤੇ 10 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਸ ਮਾਮਲੇ ਦੇ ਦੋਸ਼ੀ ਸਾਬਕਾ ਇੰਸਪੈਕਟਰ ਜੋਗਿੰਦਰ ਸਿੰਘ ਨੂੰ ਗੁਰਿੰਦਰ ਸਿੰਘ ਦੇ ਵੱਡੇ ਭਰਾ ਬਲਵਿੰਦਰ ਸਿੰਘ ਨੂੰ ਅਗਵਾ ਕਰਨ ਦੇ ਮਾਮਲੇ ਵਿਚ ਸੀਬੀਆਈ ਦੀ ਅਦਾਲਤ ਵਲੋਂ ਪਹਿਲਾਂ ਹੀ 3 ਸਾਲ ਦੀ ਸਜ਼ਾ ਹੋ ਚੁੱਕੀ ਹੈ। ਮਾਮਲੇ ਦੀ ਪੈਰਵੀ ਸੀ.ਬੀ.ਆਈ. ਦੇ ਵਕੀਲ ਗੁਰਵਿੰਦਰਜੀਤ ਸਿੰਘ ਅਤੇ ਸ਼ਿਕਾਇਤਕਰਤਾ ਧਿਰ ਵਲੋਂ ਐਡਵੋਕੇਟ ਸਰਬਜੀਤ ਸਿੰਘ ਵੇਰਕਾ, ਸਤਨਾਮ ਸਿੰਘ ਬੈਂਸ ਅਤੇ ਜਗਜੀਤ ਸਿੰਘ ਕਰ ਰਹੇ ਸਨ। ਐਡਵੋਕੇਟ ਸਤਨਾਮ ਸਿੰਘ ਬੈਂਸ ਨੇ ਦੱਸਿਆ ਕਿ 26 ਫਰਵਰੀ 1993 ਨੂੰ ਤਤਕਾਲੀ ਇੰਸਪੈਕਟਰ ਜੋਗਿੰਦਰ ਸਿੰਘ ਪੁਲਿਸ ਪਾਰਟੀ ਸਮੇਤ ਬਲਵਿੰਦਰ ਸਿੰਘ ਤੇ ਗੁਰਿੰਦਰ ਸਿੰਘ ਦੇ ਘਰ ਸਵੇਰੇ ਤੜਕੇ ਗਿਆ ਤੇ ਦੋਵਾਂ ਨੂੰ ਜ਼ਬਰਦਸਤੀ ਆਪਣੇ ਨਾਲ ਲੈ ਗਿਆ। ਬਾਅਦ ਵਿਚ ਪੁਲਿਸ ਨੇ ਦੋਵਾਂ ਦੀ ਮਾਤਾ ਚਰਨ ਕੌਰ ਅਤੇ ਪਿਤਾ ਧਰਮ ਸਿੰਘ ਨੂੰ ਵੀ ਨਾਜਾਇਜ਼ ਹਿਰਾਸਤ ਵਿਚ ਰੱਖਿਆ। ਪੁਲਿਸ ਨੇ ਉਕਤ ਪਰਿਵਾਰ ਦੀ ਐਫਡੀ ਦੇ 50 ਹਜ਼ਾਰ ਰੁਪਏ ਵੀ ਕਢਵਾਏ ਅਤੇ 1 ਸਕੂਟਰ ਘਰੋਂ ਚੁੱਕਣ ਤੋਂ ਬਾਅਦ ਵੇਚ ਦਿੱਤਾ। ਇਸ ਮਾਮਲੇ ਵਿਚ ਬਲਵਿੰਦਰ ਸਿੰਘ ਤੇ ਉਸ ਦੇ ਭਰਾ ਗੁਰਿੰਦਰ ਸਿੰਘ ਦੇ ਪਰਿਵਾਰ ਨੇ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ ਤੇ ਹਾਈਕੋਰਟ ਦੇ ਹੁਕਮਾਂ ’ਤੇ 1994 ਵਿਚ ਸੰਗਰੂਰ ਦੇ ਸੈਸ਼ਨ ਜੱਜ ਵਲੋਂ ਇਸ ਮਾਮਲੇ ਦੀ ਜਾਂਚ ਕੀਤੀ ਗਈ। 1995 ਵਿਚ ਹਾਈਕੋਰਟ ਦੇ ਹੁਕਮਾਂ ’ਤੇ ਪੰਜਾਬ ਪੁਲਿਸ ਨੇ ਐਫ.ਆਈ.ਆਰ. ਤਾਂ ਦਰਜ ਕਰ ਲਈ ਪ੍ਰੰਤੂ ਕੋਈ ਕਾਰਵਾਈ ਨਾ ਕੀਤੀ। 1997 ਵਿਚ ਹਾਈਕੋਰਟ ਦੇ ਹੁਕਮਾਂ ’ਤੇ ਉਕਤ ਮਾਮਲਾ ਸੀਬੀਆਈ ਨੂੰ ਸੌਂਪ ਦਿੱਤਾ ਗਿਆ। ਸੀ.ਬੀ.ਆਈ. ਵਲੋਂ ਦੋ ਵੱਖ-ਵੱਖ ਮਾਮਲੇ ਦਰਜ ਕਰਕੇ ਅਦਾਲਤ ਵਿਚ ਚਾਰਜਸ਼ੀਟ ਦਾਖ਼ਲ ਕਰ ਦਿੱਤੀ। ਸੀਬੀਆਈ ਦੀ ਹੇਠਲੀ ਅਦਾਲਤ ਵਲੋਂ ਬਲਵਿੰਦਰ ਸਿੰਘ ਨੂੰ ਅਗਵਾ ਕਰਕੇ ਲੈ ਜਾਣ ਵਾਲੇ ਇੰਸਪੈਕਟਰ ਜੋਗਿੰਦਰ ਸਿੰਘ ਨੂੰ ਕਈ ਸਾਲ ਪਹਿਲਾਂ 3 ਸਾਲ ਦੀ ਸਜ਼ਾ ਸੁਣਾਈ ਸੀ ਤੇ ਉਸ ਸਮੇਂ ਸਾਬਕਾ ਐਸਐਸਪੀ ਅਜਾਇਬ ਸਿੰਘ, ਸਾਬਕਾ ਥਾਣੇਦਾਰ ਸ਼ਿਆਮ ਲਾਲ ਤੇ ਸਬ-ਇੰਸਪੈਕਟਰ ਹਜ਼ੂਰ ਸਿੰਘ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਗਿਆ ਸੀ।

ਐਡਵੋਕੇਟ ਸਤਨਾਮ ਸਿੰਘ ਬੈਂਸ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਪੁਲਿਸ ਨੇ ਦੋਵਾਂ ਭਰਾਵਾਂ ਨੂੰ ਘਰੋਂ ਚੁੱਕ ਕੇ ਲੈ ਜਾਣਾ ਤਾਂ ਮੰਨ ਲਿਆ ਪ੍ਰੰਤੂ ਅਦਾਲਤ ਨੂੰ ਦੱਸਿਆ ਕਿ ਦੋਵੇਂ ਭਰਾਵਾਂ ਬਲਵਿੰਦਰ ਸਿੰਘ ਤੇ ਗੁਰਿੰਦਰ ਸਿੰਘ ਨੇ ਪੁਲਿਸ ਕੋਲ ਮੰਨਿਆ ਸੀ ਕਿ ਉਨ੍ਹਾਂ ਨੇ ਬੂਟਾ ਸਿੰਘ ਵਾਲਾ ਜ਼ਿਲ੍ਹਾ ਪਟਿਆਲਾ ਦੇ ਸਕੂਲ ਦੀ ਦੀਵਾਰ ਨਾਲ ਇਕ ਪਿਸਤੌਲ, 11 ਕਾਰਤੂਸ ਅਤੇ 25 ਹਜ਼ਾਰ ਰੁਪਏ ਦੱਬ ਕੇ ਰੱਖੇ ਹਨ। ਪੁਲਿਸ ਦੋਵਾਂ ਭਰਾਵਾਂ ਨੂੰ ਉਕਤ ਸਾਮਾਨ ਦੀ ਬਰਾਮਦਗੀ ਕਰਵਾਉਣ ਲਈ ਮੌਕੇ ’ਤੇ ਲੈ ਕੇ ਗਈ ਤਾਂ ਦੋਵੇਂ ਭਰਾ ਹੱਥਕੜੀ ਸਮੇਤ ਮੌਕੇ ਤੋਂ ਭੱਜ ਗਏ, ਜਦੋਂ ਕਿ ਪੁਲਿਸ ਪਾਰਟੀ ਨਾਲ ਦੇ ਕਰੀਬ ਮੁਲਾਜ਼ਮ ਦੱਸੇ ਗਏ ਸਨ ਅਤੇ ਉਕਤ ਭਰਾਵਾਂ ਦੇ ਫ਼ਰਾਰ ਦੀ ਕਹਾਣੀ ਦੱਸਣ ਵਾਲੀ ਲਿਖਤੀ ਕਾਰਵਾਈ ’ਤੇ ਸਿਪਾਹੀ ਜਗਜੀਤ ਸਿੰਘ ਨੇ ਦਸਤਖ਼ਤ ਕੀਤੇ ਸਨ।

ਬਲਵਿੰਦਰ ਸਿੰਘ ਦੀ ਪਤਨੀ ਨਿਰਮਲ ਕੌਰ ਦਾ ਕਹਿਣਾ ਹੈ ਕਿ ਜਦੋਂ ਸੀ.ਬੀ.ਆਈ. ਵਲੋਂ ਧਾਰਾ-364 ਤਹਿਤ ਅਦਾਲਤ ਵਿਚ ਦੋਸ਼ੀਆਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਗਈ ਸੀ ਤਾਂ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਹੋਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਸੀ.ਬੀ.ਆਈ. ਅਦਾਲਤ ਦੇ ਇਸ ਫ਼ੈਸਲੇ ਖ਼ਿਲਾਫ਼ ਉਹ ਹਾਈਕੋਰਟ ਦਾ ਦਰਵਾਜ਼ਾ ਖੜਕਾਉਣਗੇ। ਉਨ੍ਹਾਂ ਕਿਹਾ ਕਿ 26 ਸਾਲ ਲੜਾਈ ਲੜਨ ਤੋਂ ਬਾਅਦ ਉਨ੍ਹਾਂ ਨੂੰ ਪੂਰਾ ਇਨਸਾਫ਼ ਨਹੀਂ ਮਿਲਿਆ, ਜਦੋਂ ਕਿ ਉਨ੍ਹਾਂ ਦੇ ਪਤੀ ਬਲਵਿੰਦਰ ਸਿੰਘ ਦੇ ਮਾਮਲੇ ਵਿਚ ਇੰਸਪੈਕਟਰ ਜੋਗਿੰਦਰ ਸਿੰਘ ਨੂੰ ਪਹਿਲਾਂ ਹੀ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ।

### ਸਿਮਰਜੀਤ ਬੈਂਸ ਬਟਾਲੇ ਜਾ ਗਰਜਿਆ ਪਰ ਪੁਲਿਸ ਨੇ ਨਹੀਂ ਕੀਤਾ ਗ੍ਰਿਫ਼ਤਾਰ

**ਗੁਰਦਾਸਪੁਰ/ਏਟੀ ਨਿਊਜ਼ :** ਲੋਕ ਇਨਸਾਫ਼ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਬੈਂਸ ਗ੍ਰਿਫਤਾਰੀ ਦੇਣ ਲਈ ਖ਼ੁਦ ਬਟਾਲਾ ਪਹੁੰਚੇ ਤੇ ਰੈਲੀ ਕਰਕੇ ਆਪਣੇ ਹਮਾਇਤੀਆਂ ਨਾਲ ਸ਼ਰੇਆਮ ਬਟਾਲਾ ਵਿਚ ਰੋਸ ਪ੍ਰਦਰਸ਼ਨ ਕੀਤਾ ਤੇ ਫਿਰ ਪੁਲਿਸ ਦੇ ਸਾਹਮਣੇ ਆਪਣੀ ਗੱਡੀ ਵਿਚ ਬੈਠ ਕੇ ਲੁਧਿਆਣਾ ਨੂੰ ਨਿਕਲ ਗਏ। ਇਸ ਤਰ੍ਹਾਂ ਜਾਪਦਾ ਹੈ ਕਿ ਕੈਪਟਨ ਸਰਕਾਰ ਨੇ ਪੁਲੀਸ ਨੂੰ ਨਾ ਗ੍ਰਿਫ਼ਤਾਰ ਕਰਨ ਦੀਆਂ ਹਦਾਇਤਾਂ ਦਿੱਤੀਆਂ ਸਨ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਕੇਸ ਬੈਂਸ ਨੂੰ ਡਰਾਉਣ ਲਈ ਪਾਇਆ ਗਿਆ ਹੈ। ਕੈਪਟਨ ਸਰਕਾਰ ਦਾ ਇਸ ਕਾਰਨ ਪੰਜਾਬੀਆਂ ਵਿਚ ਖਾਸਾ ਵਿਰੋਧ ਚੱਲ ਰਿਹਾ ਹੈ। ਦਰਅਸਲ ਬੈਂਸ ਖਿਲਾਫ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਵਿਪੁਲ ਉਜਵਲ ਨਾਲ ਤਕਰਾਰ ਕਰਕੇ ਮਾਮਲਾ ਦਰਜ ਕੀਤਾ ਗਿਆ ਹੈ ਕਿ ਉਹਨਾਂ ਨੇ ਗੁਰਦਾਸਪੁਰ ਵਿਚ ਪਟਾਕਾ ਕਾਂਡ ਲਈ ਸਹੀ ਜ਼ਿੰਮੇਵਾਰੀ ਨਹੀਂ ਨਿਭਾਈ। ਇਹ ਮਾਮਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਿਫਾਰਸ਼ ’ਤੇ ਦਰਜ ਹੋਇਆ ਹੈ। ਪੁਲੀਸ ਦੇ ਹਰ ਪੱਧਰ ਦੇ ਅਧਿਕਾਰੀ ਦਾ ਕਹਿਣਾ ਹੈ ਕਿ ਅਜੇ ਮਾਮਲੇ ਦੀ ਤਫ਼ਤੀਸ਼ ਚੱਲ ਰਹੀ ਹੈ ਜਿਸ ਕਰਕੇ ਉਹ ਬੈਂਸ ਨੂੰ ਫਿਲਹਾਲ ਗ੍ਰਿਫ਼ਤਾਰ ਨਹੀਂ ਕਰ ਰਹੇ।



# ਪੈਲੇਟ ਗੰਨ ਨਾਲ ਕਈ ਕਸ਼ਮੀਰੀਆਂ ਦੀਆਂ ਅੱਖਾਂ ਹੋਈਆਂ ਅੰਨ੍ਹੀਆਂ

- ਸੁਰੱਖਿਆ ਦਸਤੇ ਕਰ ਰਹੇ ਨੇ ਆਮ ਕਸ਼ਮੀਰੀਆਂ ’ਤੇ ਜ਼ੁਲਮ
- ਪੈਲੇਟ ਗੰਨ ਦੀ ਗੋਲੀਆਂ ਦੀ ਸ਼ਿਕਾਰ ਇਕ ਕਸ਼ਮੀਰੀ ਔਰਤ ਦੀ ਰਾਫੀਆ ਦੀ ਦਰਦਨਾਕ ਕਹਾਣੀ
- ਰਾਫੀਆ ਨੇ ਕਿਹਾ ਕਿ ਅੰਨ੍ਹੇ ਹੋਣ ਕਾਰਣ ਸਾਡੇ ਘਰ ਦੀ ਆਰਥਿਕਤਾ ਤਬਾਹ ਹੋ ਗਈ
- 17 ਸਾਲਾ ਅਸਰਾਰ ਅਹਿਮਦ ਖ਼ਾਨ ਦੀ ਪੈਲੇਟ ਗੰਨ ਨਾਲ ਹੋਈ ਮੌਤ
- ਬਾਨੋ ਦੀ ਮੌਤ ਜ਼ਹਿਰੀਲੀ ਅੱਥਰੂ ਗੈਸ ਕਾਰਨ ਹੋਈ
- ਕਸ਼ਮੀਰ ਵਿਚ ਮੁੜ ਲਗਾਈਆਂ ਪਾਬੰਦੀਆਂ



***ਭਾਰਤ ਸ਼ਾਸਿਤ ਕਸ਼ਮੀਰ ਵਿਚ ਸੁਰੱਖਿਆ ਕਰਮੀ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਪੈਲਟ ਗੰਨ ਦਾ ਇਸਤੇਮਾਲ ਕਰਦੇ ਰਹੇ ਹਨ। ਕਿਹਾ ਜਾਂਦਾ ਹੈ ਪੈਲਟ ਗੰਨ ਦੇ ਛਰਿਆਂ ਨਾਲ ਆਮ ਤੌਰ ’ਤੇ ਮੌਤ ਤਾਂ ਨਹੀਂ ਹੁੰਦੀ ਪਰ ਇਸ ਦੀ ਸੱਟ ਨਾਲ ਅਜਿਹਾ ਨੁਕਸਾਨ ਹੋ ਸਕਦਾ ਹੈ ਜਿਸ ਦਾ ਹਰਜ਼ਾਨਾ ਨਹੀਂ ਭਰਿਆ ਜਾ ਸਕਦਾ। ਕਸ਼ਮੀਰ ਘਾਟੀ ਵਿੱਚ ਬੀਤੇ ਸਾਲ ਵਿੱਚ ਪੈਲਟ ਗੰਨ ਦੇ ਛਰਿਆ ਕਾਰਨ ਕਈ ਕਸ਼ਮੀਰੀਆਂ ਨੇ ਅੱਖਾਂ ਦੀ ਰੌਸ਼ਨੀ ਗੁਆ ਲਈ ਹੈ। ਹੁਣ ਵੀ ਕਸ਼ਮੀਰ ’ਚ ਹਾਲਤਾਂ ਨਹੀਂ ਸੁਧਰੀਆਂ।***

ਕਸ਼ਮੀਰ ਵਿਚ ਜੁੰਮੇ ਦੀ ਨਮਾਜ਼ ਦੌਰਾਨ ਕਾਨੂੰਨ ਤੇ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਸਾਵਧਾਨੀ ਦੇ ਤੌਰ ’ਤੇ ਘਾਟੀ ਦੀਆਂ ਕੁਝ ਥਾਵਾਂ ਵਿਚ ਮੁੜ ਪਾਬੰਦੀਆਂ ਲਗਾਈਆਂ ਗਈਆਂ ਹਨ। ਅਧਿਕਾਰੀਆਂ ਨੇ ਦੱਸਿਆ ਕਿ ਵਾਦੀ ਵਿਚ ਡੇਢ ਮਹੀਨ ਬਾਅਦ ਵੀਆਮ ਜਨਜੀਵਨ ਪ੍ਰਭਾਵਿਤ ਰਿਹਾ। ਇਸ ਦੌਰਾਨ ਬਾਜ਼ਾਰ ਤੇ ਦੁਕਾਨਾਂ ਬੰਦ ਰਹੀਆਂ ਤੇ ਸਰਕਾਰੀ ਗੱਡੀਆਂ ਦੀ ਆਵਾਜਾਈ ਵੀ ਨਾਕਾਫ਼ੀ ਰਹੀ। ਅਧਿਕਾਰੀਆਂ ਨੇ ਦੱਸਿਆ ਕਿ ਕਾਨੂੰਨ ਤੇ ਵਿਵਸਥਾ ਨੂੰ ਕਾਇਮ ਰੱਖਣ ਲਈ ਵਾਦੀ ਦੇ ਕੁਝ ਇਲਾਕਿਆਂ ਵਿਚ ਸੀ.ਆਰ.ਪੀ.ਸੀ. ਦੀ ਧਾਰਾ 144 ਤਹਿਤ ਪਾਬੰਦੀਆਂ ਲਗਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸ੍ਰੀਨਗਰ ਦੇ ਸੌਰਾ ਪੁਲਿਸ ਥਾਣੇ ਦੇ ਅੰਚਾਰ ਇਲਾਕੇ ਤੇ ਨੌਹੱਟਾ ਤੇ ਆਸ-ਪਾਸ ਦੇ ਇਲਾਕਿਆਂ ਵਿਚ ਪਾਬੰਦੀਆਂ ਲਗਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਕੁਪਵਾੜਾ ਤੇ ਹੰਦਵਾੜਾ ਪੁਲਿਸ ਥਾਣਿਆਂ ਤੇ ਗਾਂਦਰਬਲ, ਅਨੰਤਨਾਗ ਤੇ ਬਿਜਬੇਹਾੜਾ ਵਿਚ ਵੀ ਪਾਬੰਦੀਆਂ ਲਗਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਬਾਕੀ ਘਾਟੀ ਦੇ ਸੰਵੇਦਨਸ਼ੀਲ ਇਲਾਕਿਆਂ ਵਿਚ ਵੱਡੀ ਗਿਣਤੀ ਵਿਚ ਸੁਰੱਖਿਆ ਬਲ ਤਾਇਨਾਤ ਕੀਤੇ ਗਏ। ਅਧਿਕਾਰੀਆਂ ਨੇ ਦੱਸਿਆ ਕਿ ਇਸ ਤਰ੍ਹਾਂ ਦਾ ਸ਼ੱਕ ਹੈ ਕਿ ਕੁਝ ਸਵਾਰਥੀ ਲੋਕ ਪ੍ਰਦਰਸ਼ਨ ਭੜਕਾਉਣ ਲਈ ਜੁੰਮੇ ਦੀ ਨਮਾਜ਼ ਲਈ ਇਕੱਤਰ ਹੋਣ ਵਾਲੀ ਭੀੜ ਦਾ ਫ਼ਾਇਦਾ ਚੁੱਕ ਸਕਦੇ ਹਨ। ਇਸ ਦੇ ਮੱਦੇਨਜ਼ਰ ਕਾਨੂੰਨ-ਵਿਵਸਥਾ ਬਣਾਈ ਰੱਖਣ ਲਈ ਸਾਵਧਾਨੀ ਦੇ ਤੌਰ ’ਤੇ ਪਾਬੰਦੀਆਂ ਲਗਾਈਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਵਲੋਂ ਧਾਰਾ 370 ਤੇ 35ਏ ਖ਼ਤਮ ਕਰਨ ਤੋਂ ਬਾਅਦ 5 ਅਗਸਤ ਤੋਂ ਜਾਮਿਆ ਮਸਜਿਦ ਵਿਚ ਜੁੰਮੇ ਦੀ ਨਮਾਜ਼ ਅਦਾ ਨਹੀਂ ਕੀਤੀ ਗਈ। ਉੱਧਰ ਜੰਮੂ-ਕਸ਼ਮੀਰ ਪ੍ਰਸ਼ਾਸਨ ਨੇ ਰਾਜਧਾਨੀ ਸ੍ਰੀਨਗਰ ਵਿਚ 25 ਸਰਕਾਰੀ ਸਕੂਲਾਂ ਦੀ ਪਛਾਣ ਕੀਤੀ ਹੈ, ਜਿੱਥੇ ਆਧੁਨਿਕ ਢਾਂਚਾ ਉਪਲਬਧ ਕਰਵਾਉਣ ਦੇ ਨਾਲ ਹੀ ਇਨ੍ਹਾਂ ਦੇ ਸਿੱਖਣ ਕਲਾ ਨੂੰ ਨਿਖਾਰਨ ਲਈ ਸਹੂਲਤਾਂ ਤੇ ਉਪਕਰਨ ਉਪਲਬਧ ਕਰਵਾਏ ਜਾਣਗੇ।

## ਪੈਲੇਟ ਗੰਨ ਮੌਤ ਦਾ ਸੌਦਾਗਰ-

ਭਾਰਤ ਸ਼ਾਸਿਤ ਕਸ਼ਮੀਰ ਵਿਚ ਸੁਰੱਖਿਆ ਕਰਮੀ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਪੈਲਟ ਗੰਨ ਦਾ ਇਸਤੇਮਾਲ ਕਰਦੇ ਰਹੇ ਹਨ। ਕਿਹਾ ਜਾਂਦਾ ਹੈ ਪੈਲਟ ਗੰਨ ਦੇ ਛਰਿਆਂ ਨਾਲ ਆਮ ਤੌਰ ’ਤੇ ਮੌਤ ਤਾਂ ਨਹੀਂ ਹੁੰਦੀ ਪਰ ਇਸ ਦੀ ਸੱਟ ਨਾਲ ਅਜਿਹਾ ਨੁਕਸਾਨ ਹੋ ਸਕਦਾ ਹੈ ਜਿਸ ਦਾ ਹਰਜ਼ਾਨਾ ਨਹੀਂ ਭਰਿਆ ਜਾ ਸਕਦਾ। ਕਸ਼ਮੀਰ ਘਾਟੀ ਵਿੱਚ ਬੀਤੇ ਸਾਲ ਵਿੱਚ ਪੈਲਟ ਗੰਨ ਦੇ ਛਰਿਆ ਕਾਰਨ ਕਈ ਕਸ਼ਮੀਰੀਆਂ ਨੇ ਅੱਖਾਂ ਦੀ ਰੌਸ਼ਨੀ ਗੁਆ ਲਈ ਹੈ। ਹੁਣ ਵੀ ਕਸ਼ਮੀਰ ’ਚ ਹਾਲਤਾਂ ਨਹੀਂ ਸੁਧਰੀਆਂ। ਅਮਨ ਭਰਪੂਰ ਵਿਰੋਧ ਕਰਨ ਵਾਲਿਆਂ ਵਿਰੁੱਧ ਸੁਰੱਖਿਆ ਫੋਰਸਾਂ ਦੁਆਰਾ ਗੋਲੀਆਂ ਚਲਾਈਆਂ ਜਾ ਰਹੀਆਂ ਹਨ। ਦੂਜੇ ਪਾਸੇ ਸੁਰਖਿਆ ਫੋਰਸਾਂ ਦਾ ਕਹਿਣਾ ਹੈ ਕਿ ਇਹ ਸਾਰੀਆਂ ਗੱਲਾਂ ਝੂਠ ਹਨ। ਕਸ਼ਮੀਰ ਵਿਚ ਹਾਲਾਤ ਸ਼ਾਂਤ ਹੈ। ਜੰਮੂ-ਕਸ਼ਮੀਰ ਦੇ ਰਾਜਪਾਲ ਸੱਤਿਆਪਾਲ ਮਲਿਕ ਨੇ ਕਿਹਾ ਹੈ ਕਿ ਕਸ਼ਮੀਰ ਨੂੰ ਕੰਟਰੋਲ ਕੀਤਾ ਜਾ ਰਿਹਾ ਹੈ। ਸਰਕਾਰ ਸਭ ਸ਼ਾਂਤਮਈ ਢੰਗ ਨਾਲ ਕੰਮ ਕਰ ਰਹੀ ਹੈ। ਇਸੇ ਕਰਕੇ ਫੌਜ ਦਾ ਜ਼ਰੂਰ ਇੱਕ-ਅੱਧੀ ਥਾਂ ’ਤੇ ਜਾਨ-ਮਾਲ ਦਾ ਨੁਕਸਾਨ ਹੋਇਆ ਹੈ। ਪਰ ਅਸੀਂ ਨਾਗਰਿਕਾਂ ਦਾ ਕੋਈ ਜਾਨ-ਮਾਲ ਦਾ ਨੁਕਸਾਨ ਨਹੀਂ ਹੋਣ ਦਿੱਤਾ।

## ਰਾਫੀਆ ਅੰਨ੍ਹੀ ਹੋਈ-

ਪਿਛਲੇ ਮਹੀਨੇ 8 ਅਗਸਤ ਵਿੱਚ ਸ੍ਰੀਨਗਰ ਦੀ ਰਾਫ਼ੀਆ ਵੀ ਪੈਲਟ ਗੰਨ ਦਾ ਨਿਸ਼ਾਨਾ ਬਣ ਸੀ। ਉਨ੍ਹਾਂ ਨੂੰ ਇੱਕ ਅੱਖ ਤੋਂ ਦਿਖਾਈ ਦੇਣਾ ਬੰਦ ਹੋ ਗਿਆ ਅਤੇ ਜ਼ਿੰਦਗੀ ਮੁਸ਼ਕਲਾਂ ਨਾਲ ਭਰ ਗਈ। ਰਾਫ਼ੀਆ ਦਾ ਕਹਿਣਾ ਹੈ ਕਿ ਭਾਰਤੀ ਫੌਜ ਨੇ ਇਲਾਜ ਲਈ ਉਨ੍ਹਾਂ ਨੂੰ ਚੇਨਈ ਵੀ ਭੇਜਿਆ। 8 ਅਗਸਤ ਨੂੰ ਮੈਂ ਅਤੇ ਮੇਰੇ ਪਤੀ ਸਬਜ਼ੀ ਲੈਣ ਲਈ ਬਾਹਰ ਜਾ ਰਹੇ ਸੀ। ਅਸੀਂ ਗੇਟ ਤੋਂ ਬਾਹਰ ਹੀ ਨਿਕਲ ਰਹੇ ਸੀ ਕਿ ਬੜੇ ਸਾਰੇ ਮੁੰਡੇ ਸਾਡੇ ਵੱਲ ਭੱਜ ਕੇ ਆਏ। ਮੇਰੇ ਪਤੀ ਮੇਰੇ ਨਾਲੋਂ ਥੋੜ੍ਹਾ ਪਹਿਲਾ ਨਿਕਲ ਗਏ ਸਨ ਤਾਂ ਮੈਂ ਦੇਖਿਆ ਕਿ ਉਹ ਵੀ ਮੁੰਡਿਆਂ ਨਾਲ ਦੌੜ ਕੇ ਵਾਪਸ ਆ ਰਹੇ ਹਨ। ਉਨ੍ਹਾਂ ਦੇ ਨਾਲ ਕੋਈ ਸੁਰੱਖਿਆ ਕਰਮੀ ਵੀ ਸੀ। ਉਨ੍ਹਾਂ ਨੇ ਮੇਰੇ ਵੱਲ ਲਗਾਤਾਰ ਪੈਲਟ ਗੰਨ ਚਲਾਈ। ਮੈਂ ਹੱਥ ਦੇ ਇਸ਼ਾਰੇ ਨਾਲ ਉਨ੍ਹਾਂ ਨੂੰ ਰੁਕਣ ਲਈ ਕਿਹਾ ਪਰ ਫਿਰ ਵੀ ਉਹ ਨਹੀਂ ਰੁਕੇ। ਮੇਰੇ ਪਤੀ ਨੇ ਮੈਨੂੰ ਕਵਰ ਕੀਤਾ ਅਤੇ ਉਨ੍ਹਾਂ ਦੀ ਪਿੱਠ ’ਤੇ ਵੀ ਪੈਲਟ ਗੋਲੀਆਂ ਵੱਜੀਆਂ। ਉਨ੍ਹਾਂ ਵਿਚੋਂ ਕੁਝ ਮੇਰੀ ਖੱਬੀ ਅੱਖ, ਸਿਰ, ਨੱਕ ਅਤੇ ਹੱਥ ਵਿਚ ਵੱਜੀਆਂ।




ਉਸ ਤੋਂ ਬਾਅਦ ਮੇਰੇ ਪਤੀ ਦੌੜ ਕੇ ਮੈਨੂੰ ਕਮਰੇ ਵਿੱਚ ਲੈ ਗਏ। ਮੈਂ ਆਪਣੀ ਜਠਾਣੀ ਨੂੰ ਦਿਖਾਇਆ ਕਿ ਮੇਰੀ ਅੱਖ ਵਿੱਚ ਪੈਲਟ ਵੱਜੀ ਹੈ। ਮੈਨੂੰ ਕੁਝ ਦਿਖ ਨਹੀਂ ਰਿਹਾ ਹੈ। ਉਦੋਂ ਮੇਰੇ ਘਰਵਾਲੇ ਮੈਨੂੰ ਮੈਡੀਕਲ ਦੁਕਾਨ ’ਤੇ ਲੈ ਗਏ।

ਦੁਕਾਨ ਵਾਲੇ ਪੁੱਛਿਆ ਕਿ ਕੁਝ ਦਿਖ ਰਿਹਾ ਹੈ ਤਾਂ ਮੈਂ ਦੱਸਿਆ ਕਿ ਕੁਝ ਦਿਖਾਈ ਨਹੀਂ ਦੇ ਰਿਹਾ। ਉਨ੍ਹਾਂ ਨੇ ਕਿਹਾ ਕਿ ਤੁਸੀਂ ਛੇਤੀ ਇਲਾਜ ਲਈ ਰੈਨਾਵਾਰੀ ਚਲੇ ਜਾਓ। ਪਰ ਉਥੋਂ ਵੀ ਡਾਕਟਰ ਨੇ ਕਿਹਾ ਛੇਤੀ ਤੋਂ ਛੇਤੀ ਹੈਡਵਾਨਾ ਵਿਚ ਜਾਓ। ਉੱਥੇ ਡਾਕਟਰ ਨੇ ਮੇਰੇ ਸਾਰੇ ਟੈਸਟ ਕਰਵਾਏ ਅਤੇ ਫਿਰ ਰਾਤੀਂ ਆਪਰੇਸ਼ਨ ਕੀਤਾ। ਉਨ੍ਹਾਂ ਸਵੇਰੇ ਦੱਸਿਆ ਕਿ ਪੈਲਟ ਨਹੀਂ ਨਿਕਲਿਆ। ਉਸ ਤੋਂ ਬਾਅਦ ਮੈਨੂੰ ਡਿਸਚਾਰਜ ਕੀਤਾ ਗਿਆ ਤੇ ਕਿਹਾ ਗਿਆ ਈਦ ਤੋਂ ਬਾਅਦ ਮੇਰੀ ਦੂਜੀ ਸਰਜਰੀ ਹੋਵੇਗੀ ਤੇ ਫਿਰ ਉਹ ਦੇਖਣਗੇ।

ਪਰ, ਮੇਰੀ ਹਾਲਤ ਖ਼ਰਾਬ ਸੀ ਤਾਂ ਅਸੀਂ ਹੋਰ ਇੰਤਜ਼ਾਰ ਨਹੀਂ ਕਰ ਸਕਦੇ ਸੀ। ਉਦੋਂ ਮੇਰੇ ਪਤੀ ਨੇ ਮੈਨੂੰ ਪ੍ਰਾਈਵੇਟ ਡਾਕਟਰ ਨੂੰ ਦਿਖਾਇਆ। ਡਾਕਟਰ ਨੇ ਕਿਹਾ ਕਿ ਇੱਥੇ ਪੈਸੇ ਬਰਬਾਦ ਨਾ ਕਰੋ। ਇਹ ਸੁਣ ਕੇ ਸਾਡੀ ਤਾਂ ਆਸ ਹੀ ਟੁੱਟ ਗਈ ਕਿਉਂਕਿ ਬਾਹਰ ਜਾਣ ਦਾ ਖਰਚਾ ਅਸੀਂ ਨਹੀਂ ਚੁੱਕ ਸਕਦੇ ਸੀ। ਪੂਰਾ ਦਿਨ ਅਸੀਂ ਇੱਥੇ ਹੀ ਬੈਠੇ ਰਹੇ। ਫਿਰ ਇੱਕ ਫੌਜ ਦਾ ਜਵਾਨ ਆਇਆ ਅਤੇ ਉਨ੍ਹਾਂ ਨੇ ਮੇਰਾ ਹਾਲ ਦੇਖ ਕੇ ਕਿਹਾ ਕਿ ਉਹ ਸਾਡੀ ਮਦਦ ਕਰਨਗੇ। ਉਨ੍ਹਾਂ ਨੇ ਕਿਹਾ ਕਿ ਉਹ ਸਾਨੂੰ ਚੇੱਨਈ ਹਸਪਤਾਲ ਵਿੱਚ ਲੈ ਕੇ ਜਾਣਗੇ। ਉਹੀ ਮੈਨੂੰ ਚੇੱਨਈ ਲੈ ਕੇ ਗਏ। ਉਥੋਂ ਦੀ ਹਵਾਈ ਟਿਕਟ ਅਤੇ ਹਸਪਤਾਲ ਦਾ ਖਰਚਾ ਵੀ ਉਨ੍ਹਾਂ ਲੋਕਾਂ ਨੇ ਚੁੱਕਿਆ। ਪੈਲਟ ਲੱਗਣ ਤੋਂ ਬਾਅਦ ਸਾਡਾ ਬੁਰਾ ਹਾਲ ਹੈ। ਮੇਰੇ ਪਤੀ ਕੋਲੋਂ ਵੀ ਕੁਝ ਨਹੀਂ ਹੋ ਰਿਹਾ।

ਉਨ੍ਹਾਂ ਦੇ ਰੋਜ਼ ਕਿਤੇ ਨਾ ਕਿਤੇ ਦਰਦ ਹੁੰਦਾ ਹੈ ਅਤੇ ਇਲਾਜ ਲਈ ਕਦੇ ਰੈਨਾਵਾਰੀ ਤਾਂ ਕਦੇ ਸੌਰਾ ਜਾਣਾ ਪੈਂਦਾ ਹੈ।

ਮੈਂ ਕਦੇ ਕੋਈ ਦਵਾਈ ਨਹੀਂ ਖਾਧੀ ਸੀ। ਸਿਰ ਦਰਦ ਦੀ ਕਿਹੜੀ ਦਵਾਈ ਮਿਲਦੀ ਹੈ ਮੈਨੂੰ ਇਹ ਵੀ ਨਹੀਂ ਪਤਾ ਸੀ। ਅੱਜਕਲ੍ਹ ਤਾਂ ਮੈਨੂੰ ਰੋਜ਼ ਸਿਰ ਦਰਦ ਦੀ ਗੋਲੀ ਲੈਣੀ ਪੈਂਦੀ ਹੈ। ਮੇਰੇ ਨਾਲ ਜੋ ਵੀ ਹੋਇਆ, ਬਹੁਤ ਮਾੜਾ ਹੋਇਆ।

ਮੈਂ ਆਪਣੇ ਹੱਥਾਂ ਨਾਲ ਕਮਾਉਂਦੀ ਸੀ। ਅਸੀਂ ਦੋਵੇਂ ਪਤੀ-ਪਤਨੀ ਕਮਾਉਂਦੇ ਸੀ ਅਤੇ ਸੋਚ ਰਹੇ ਸੀ ਕਿ ਆਪਣਾ ਘਰ ਬਣਾਵਾਂਗੇ ਪਰ ਹੁਣ ਉਹ ਸਭ ਖ਼ਤਮ ਹੋ ਗਿਆ। ਮੈਨੂੰ ਇਸ ਅੱਖ ਨਾਲ ਕੁਝ ਵੀ ਨਹੀਂ ਦਿਖਾਈ ਦਿੰਦਾ ਹੈ। ਮੈਂ ਬੁਟੀਕ ਦਾ ਕੰਮ ਕਰਦੀ ਸੀ। ਹੁਣ ਤਾਂ ਉੱਥੇ ਵੀ ਨਹੀਂ ਜਾ ਸਕਦੀ ਕਿਉਂਕਿ ਡਾਕਟਰ ਨੇ ਮਨ੍ਹਾਂ ਕੀਤਾ ਹੈ।

ਜੋ ਕੰਮ ਮੈਂ ਖ਼ੁਦ ਕਰ ਰਹੀ ਸੀ ਇਹ ਹੁਣ ਮੇਰੇ ਪਤੀ ਨੂੰ ਕਰਨਾ ਪੈਂਦਾ ਹੈ। ਮੈਂ ਆਪਣੇ ਬੇਟੇ ਨੂੰ ਟਿਊਸ਼ਨ ਲੈ ਜਾਂਦੀ ਸੀ ਪਰ ਉਹੀ ਨਹੀਂ ਹੋ ਰਿਹਾ ਹੁਣ। ਮੇਰੇ ਪਤੀ ਘਰ ਖਾਲੀ ਬੈਠੇ ਹਨ ਸਭ ਕੁਝ ਖ਼ਤਮ ਹੋ ਗਿਆ।

ਜਿਸ ਦਿਨ ਪੈਲਟ ਲੱਗੀ ਉਸ ਦਿਨ ਇੱਥੇ ਦੁਪਹਿਰ ਵੇਲੇ ਵਿਰੋਧ-ਪ੍ਰਦਰਸ਼ਨ ਹੋ ਰਹੇ ਸਨ ਪਰ ਉਹ ਸੜਕ ’ਤੇ ਹੋ ਰਹੇ ਸਨ। ਉਨ੍ਹਾਂ ਨੇ ਸਾਡੇ ਘਰ ਦੇ ਕੋਲ ਆ ਕੇ ਪੈਲਟ ਚਲਾਉਣ ਤੋਂ ਪਹਿਲਾਂ ਸੋਚਣਾ ਚਾਹੀਦਾ ਸੀ। ਉਹ ਤਾਂ ਮੇਰਾ ਬੱਚਾ ਕਿਸੇ ਤਰ੍ਹਾ ਬਚ ਗਿਆ ਨਹੀਂ ਤਾਂ ਮੇਰੇ ਬੇਟੇ ਨੂੰ ਲੱਗ ਜਾਂਦੀਆਂ। ਇੱਥੇ ਹੋਰ ਵੀ ਬਹੁਤ ਸਾਰੇ ਬੱਚੇ ਹਨ। ਮੇਰੀ ਇਹ ਮੰਗ ਹੈ ਕਿ ਇਹ ਜੋ ਪੈਲਟ ਗੰਨ ਚਲ ਰਹੀ ਹੈ। ਉਹ ਬੰਦ ਹੋਣੀ ਚਾਹੀਦੀ ਹੈ। ਕਈ ਕੁੜੀਆਂ ਦੀ ਜ਼ਿੰਦਗੀ ਖ਼ਰਾਬ ਹੋ ਗਈ ਹੈ। ਮੈਂ ਤਾਂ ਫਿਰ ਵੀ ਵਿਆਹੀ ਹੋਈ ਹਾਂ ਪਰ ਜਿਨ੍ਹਾਂ ਦਾ ਵਿਆਹ ਨਹੀਂ ਹੋਇਆ ਹੈ ਉਹ ਕੀ ਕਰਨਗੀਆਂ। ਕਈ ਲੋਕਾਂ ਦੀਆਂ ਦੋਵੇਂ ਅੱਖਾਂ ਖ਼ਰਾਬ ਹੋ ਗਈਆਂ ਹਨ।

## ਅਸਰਾਰ ਅਹਿਮਦ ਦੀ ਦੀ ਮੌਤ-

17 ਸਾਲਾ ਅਸਰਾਰ ਅਹਿਮਦ ਖ਼ਾਨ 6 ਅਗਸਤ ਨੂੰ ਆਪਣੇ ਘਰ ਦੇ ਬਾਹਰ ਵਾਲੀ ਸੜਕ ’ਤੇ ਸੀ ਜਦੋਂ ਉਹ ਜ਼ਖ਼ਮੀ ਹੋਇਆ ਅਤੇ 4 ਹਫ਼ਤੇ ਤੱਕ ਹਸਪਤਾਲ ਵਿੱਚ ਦਾਖਲ ਰਹਿਣ ਤੋਂ ਬਾਅਦ ਉਸ ਦੀ ਮੌਤ ਹੋ ਗਈ। ਅਸਰਾਰ ਇੱਕ ਬਹੁਤ ਹੀ ਹੁਸ਼ਿਆਰ ਵਿਦਿਆਰਥੀ ਸੀ ਅਤੇ ਖੇਡਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦਾ ਸੀ। ਉਸਦੇ ਪਿਤਾ ਫਿਰਦੌਸ ਅਹਿਮਦ ਖ਼ਾਨ ਦਾ ਇਲਜ਼ਾਮ ਹੈ ਕਿ ਅਸਰਾਰ ਆਪਣੇ ਦੋਸਤਾਂ ਨਾਲ ਕ੍ਰਿਕਟ ਖੇਡ ਰਿਹਾ ਸੀ ਜਦੋਂ ਉਸਦੇ ਸਿਰ ’ਤੇ ਪੈਲੇਟ ਲੱਗੇ। ਉਸਦਾ ਇੱਕ ਦੋਸਤ ਜੋ ਉਸ ਸਮੇਂ ਉਸਦੇ ਨਾਲ ਸੀ ਉਸਦਾ ਕਹਿਣਾ ਹੈ ਕਿ ਭਾਰਤੀ ਸੁਰੱਖਿਆ ਬਲਾਂ ਵੱਲੋਂ ਪੈਲੇਟ ਗਨ ਚਲਾਈ ਗਈ ਸੀ। ਅਸਰਾਰ ਦੀ ਮੈਡੀਕਲ ਰਿਪੋਰਟ ਮੁਤਾਬਕ ਉਸਦੀ ਮੌਤ ਪੈਲਟ ਲੱਗਣ ਅਤੇ ਅੱਥਰੂ ਗੈਸ ਸ਼ੈੱਲ ਦੇ ਬਲਾਸਟ ਕਾਰਨ ਹੋਈ ਹੈ। ਪਰ ਕਸ਼ਮੀਰ ਵਿੱਚ ਭਾਰਤੀ ਫੌਜ ਦੇ ਕਮਾਂਡਰ ਲੈਫਟੀਨੈਂਟ ਜਨਰਲ ਕੇਜੇਐੱਸ ਢਿੱਲੋ ਦਾ ਕਹਿਣਾ ਹੈ ਕਿ ਅਸਰਾਰ ਨੂੰ ਪੱਥਰ ਵੱਜਿਆ ਸੀ ਜੋ ਪ੍ਰਦਰਸ਼ਨਕਾਰੀਆਂ ਵੱਲੋਂ ਸੁਰੱਖਿਆ ਬਲਾਂ ’ਤੇ ਸੁੱਟੇ ਜਾ ਰਹੇ ਸਨ।

ਇਹ ਹਾਦਸਾ ਭਾਰਤ ਸਰਕਾਰ ਵੱਲੋਂ ਧਾਰਾ 370 ਨੂੰ ਲੈ ਕੇ ਕੀਤੇ ਗਏ ਐਲਾਨ ਤੋਂ ਇੱਕ ਦਿਨ ਬਾਅਦ ਵਾਪਰਿਆ। ਅਸਰਾਰ ਨੇ ਪਿਤਾ ਨੇ ਕਿਹਾ, “ਕੀ ਪ੍ਰਧਾਨ ਮੰਤਰੀ ਮੋਦੀ ਨੂੰ ਕੋਈ ਦਰਦ ਮਹਿਸੂਸ ਹੁੰਦਾ ਹੈ ? ਕੀ ਉਨ੍ਹਾਂ ਨੇ ਇਸ ਦੇ ਲਈ ਮਾਫ਼ੀ ਮੰਗੀ ? ਕੀ ਉਨ੍ਹਾਂ ਨੇ ਇਸ ਦੀ ਨਿੰਦਾ ਕੀਤੀ ?”

ਉਨ੍ਹਾਂ ਕਿਹਾ,“ ਕੱਲ ਇੱਥੇ ਹੋਰ ਵੀ ਮਾਸੂਮਾਂ ਦੀਆਂ ਮੌਤਾਂ ਹੋਣਗੀਆਂ। ਅੱਜ ਕਸ਼ਮੀਰ ਵਿੱਚ ਕੋਈ ਜਵਾਬਦੇਹੀ ਨਹੀਂ ਹੈ।”

ਦੂਜੇ ਪਾਸੇ ਭਾਰਤ ਸਰਕਾਰ ਦਾ ਕਹਿਣਾ ਹੈ ਕਿ ਸੂਬੇ ਤੋਂ ਵਿਸ਼ੇਸ਼ ਦਰਜਾ ਲਏ ਜਾਣ ਤੋਂ ਬਾਅਦ ਉੱਥੇ ਤਾਇਨਾਤ ਕੀਤੀ ਗਈ ਫੋਰਸ ਦੀ ਕਾਰਵਾਈ ਦੌਰਾਨ ਇੱਕ ਵੀ ਜਾਨ ਨਹੀਂ ਗਈ।

ਅੱਥਰੂ ਗੈਸ, ਜਿਸਦੀ ਵਰਤੋਂ ਆਮ ਤੌਰ ’ਤੇ ਪ੍ਰਦਰਸ਼ਨਕਾਰੀਆਂ ਨੂੰ ਭਜਾਉਣ ਲਈ ਕੀਤੀ ਜਾਂਦੀ ਹੈ। ਅੱਥਰੂ ਗੈਸ ਉਨ੍ਹਾਂ ਦੇ ਘਰ ਤੱਕ ਪਹੁੰਚ ਗਿਆ ਜਿਸ ਕਾਰਨ ਉਨ੍ਹਾਂ ਦੀ 34 ਸਾਲਾ ਪਤਨੀ ਫਹਿਮੀਦਾ ਦਾ ਸਾਹ ਘੁਟਣਾ ਸ਼ੁਰੂ ਹੋ ਗਿਆ ਸੀ। ਡਾਕਟਰਾਂ ਨੇ ਬਹੁਤ ਕੋਸ਼ਿਸ਼ ਕੀਤੀ ਪਰ ਉਸ ਨੂੰ ਬਚਾ ਨਹੀਂ ਸਕੇ। ਬਾਨੋ ਦੀ ਮੈਡੀਕਲ ਰਿਪੋਰਟ ਮੁਤਾਬਕ ਜ਼ਹਿਰੀਲੀ ਗੈਸ ਕਾਰਨ ਉਸਦੀ ਮੌਤ ਹੋ ਰਹੀ ਹੈ। ਰਫੀਕ ਸ਼ਗੂ ਅਦਾਲਤ ਵਿੱਚ ਪਟੀਸ਼ਨ ਦਾਖ਼ਲ ਕਰਨ ਜਾ ਰਹੇ ਹਨ ਕਿ ਉਨ੍ਹਾਂ ਦੀ ਪਤਨੀ ਦੀ ਮੌਤ ਦੇ ਮਾਮਲੇ ਵਿੱਚ ਜਾਂਚ ਕੀਤੀ ਜਾਵੇ।

ਹਸਪਤਾਲ ਵੀ ਸਰਕਾਰੀ ਦਬਾਅ ਅਧੀਨ ਮੌਤਾਂ ਨੂੰ ਲੁਕਾ ਰਹੇ ਹਨ। ਬਹੁਤ ਸਾਰੇ ਲੋਕ ਜਿਹੜੇ ਜ਼ਖਮੀ ਹੋਏ ਹਸਪਤਾਲ ਇਲਾਜ ਕਰਵਾਉਣ ਹੀ ਨਹੀਂ ਗਏ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਕਾਰਨ ਕਿਤੇ ਉਹ ਗ੍ਰਿਫ਼ਤਾਰ ਨਾ ਕਰ ਲਏ ਜਾਣ।








# ਪਾਠਕਾਂ ਦਾ ਨਜ਼ਰੀਆ

## ਪਾਕਿਸਤਾਨ ਵਿਚ ਵੱਸਦੇ ਸਿੱਖਾਂ ਦੇ ਹਾਲਾਤ

ਸ੍ਰੀ ਨਨਕਾਣਾ ਸਾਹਿਬ ਦੇ ਸਮਾਜ ਸੇਵੀ ਇਕ ਸਿੱਖ ਨੌਜਵਾਨ ਨੇ ਦੱਸਿਆ ਕਿ, 'ਸਿੱਖਾਂ ਨਾਲ ਪਾਕਿਸਤਾਨ ਦੇ ਸਾਰੇ ਮੁਸਲਮਾਨ ਮਾੜੇ ਵੀ ਨਹੀਂ ਹਨ ਤੇ ਸਿੱਖਾਂ ਲਈ ਇੱਥੇ ਸਾਰਾ ਕੁਝ ਠੀਕ ਵੀ ਨਹੀਂ ਹੈ। ਪਹਿਲਾਂ ਵੀ ਤੇ ਹੁਣ ਵੀ ਬਿਪਤਾ ਵੇਲੇ ਬਹੁਤ ਸਾਰੇ ਮੁਸਲਮਾਨ ਭਾਈਚਾਰੇ ਦੇ ਲੋਕ ਸਿੱਖਾਂ ਦੇ ਨਾਲ ਵੀ ਖੜ੍ਹੇ ਹਨ। ਕਬਾਇਲੀ ਖੇਤਰਾਂ 'ਚ ਕੱਟੜ ਤੇ ਮੂਲਵਾਦੀ ਤਾਕਤਾਂ ਦਾ ਬੋਲਬਾਲਾ ਹੋਣ ਕਾਰਨ ਉੱਥੇ ਘੱਟ-ਗਿਣਤੀ ਭਾਈਚਾਰਿਆਂ ਦੀ ਜ਼ਿੰਦਗੀ ਦਾ ਕੋਈ ਹੱਜ ਨਹੀਂ ਹੈ। ਪਾਕਿਸਤਾਨੀ ਪੰਜਾਬ ਤੇ ਸ੍ਰੀ ਨਨਕਾਣਾ ਸਾਹਿਬ 'ਚ ਪਿਛਲੇ ਦਿਨੀਂ ਸਿੱਖ ਕੁੜੀ ਦੇ ਅਗਵਾ ਦੀ ਘਟਨਾ ਤੋਂ ਪਹਿਲਾਂ ਕਦੇ ਕੋਈ ਅਜਿਹੀ ਘਟਨਾ ਨਹੀਂ ਵਾਪਰੀ, ਜਿਸ ਦੇ ਨਾਲ ਸਿੱਖ-ਮੁਸਲਮਾਨ ਭਾਈਚਾਰੇ 'ਚ ਕੋਈ ਫ਼ਰਕ ਪਵੇ। ਕਬਾਇਲੀ ਖੇਤਰਾਂ 'ਚ ਸਰਗਰਮ ਕੱਟੜ ਮੂਲਵਾਦੀ ਤਾਕਤਾਂ ਨਾਲ ਜੁੜੇ ਕੁਝ ਸਮੂਹ ਹੀ ਹੁਣ ਸ੍ਰੀ ਨਨਕਾਣਾ ਸਾਹਿਬ 'ਚ ਵੀ ਭਾਈਚਾਰਕ ਮਾਹੌਲ ਖ਼ਰਾਬ ਕਰਨ ਲਈ ਯਤਨਸ਼ੀਲ ਹਨ।

ਸ੍ਰੀ ਨਨਕਾਣਾ ਸਾਹਿਬ ਦੇ ਸਿੱਖ ਬੇਸ਼ੱਕ ਉੱਥੇ ਬੇਹੱਦ ਘੱਟ-ਗਿਣਤੀ ਦੀ ਸਥਿਤੀ ਵਿਚ ਹਨ ਪਰ ਇਸ ਦੇ ਬਾਵਜੂਦ ਉਹ ਆਪਣੇ ਧਰਮ, ਸੱਭਿਆਚਾਰ ਤੇ ਭਾਈਚਾਰਕ ਏਕਤਾ ਦੀਆਂ ਅਜਿਹੀਆਂ ਪਰੰਪਰਾਵਾਂ ਨੂੰ ਪਾਲ ਰਹੇ ਹਨ ਜੋ ਸਾਰੇ ਵਿਸ਼ਵ 'ਚ ਵੱਸਦੇ ਸਿੱਖਾਂ ਲਈ ਮਿਸਾਲ ਹਨ। ਸ੍ਰੀ ਨਨਕਾਣਾ ਸਾਹਿਬ ਦੇ ਬਹੁਤੇ ਸਿੱਖ ਕਾਰੋਬਾਰੀ ਹਨ ਅਤੇ ਉਹ ਕਾਸਮੈਟਿਕ, ਕੱਪੜਾ, ਹਿਕਮਤ (ਦਵਾਖ਼ਾਨਾ) ਅਤੇ ਕਰਿਆਨੇ ਦੇ ਕਾਰੋਬਾਰ ਕਰਦੇ ਹਨ। ਉੱਥੋਂ ਦੇ ਵੱਡੀ ਗਿਣਤੀ ਸਿੱਖ ਰੋਜ਼ਾਨਾ ਸ਼ਾਮ ਨੂੰ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਇਕੱਤਰ ਹੁੰਦੇ ਹਨ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਸਾਰੇ ਸਿੱਖ, ਜਨਮ ਅਸਥਾਨ ਵਿਖੇ ਨਤਮਸਤਕ ਹੋਣ ਤੋਂ ਬਾਅਦ ਪਿਛਲੇ ਪਾਸੇ ਬਣੇ ਇਕ ਵੱਡੇ ਹਾਲ 'ਚ ਚਲੇ ਜਾਂਦੇ ਹਨ, ਜਿੱਥੇ ਗੁਰਬਾਣੀ ਦੀਆਂ ਪੋਥੀਆਂ ਅਤੇ ਗੁਟਕਾ ਸਾਹਿਬ ਰੱਖੇ ਹੁੰਦੇ ਹਨ। ਵੱਡੇ-ਛੋਟੇ ਸਾਰੇ ਉੱਥੇ ਬੈਠ ਕੇ ਆਪਣੀ ਸਮਰੱਥਾ ਅਨੁਸਾਰ ਗੁਰਬਾਣੀ ਪੜ੍ਹਦੇ ਹਨ ਅਤੇ ਜਨਮ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁੱਖ ਗ੍ਰੰਥੀ ਗਿਆਨੀ ਪ੍ਰੇਮ ਸਿੰਘ ਨਾਲੋ-ਨਾਲ ਸਿੱਖ ਬੱਚਿਆਂ ਨੂੰ ਗੁਰਬਾਣੀ ਸੰਥਿਆ ਵੀ ਦਿੰਦੇ ਹਨ। ਉਸ ਤੋਂ ਬਾਅਦ ਸਾਰੇ ਸਿੱਖ ਸਾਂਝੇ ਰੂਪ 'ਚ ਲੰਗਰ ਹਾਲ ਅੰਦਰ ਪੰਗਤ 'ਚ ਇਕੱਠੇ ਬੈਠ ਕੇ ਰਾਤ ਦਾ ਭੋਜਨ ਛਕਦੇ ਹਨ, ਜਿਸ ਵਿਚ ਰੋਟੀਆਂ ਉਨ੍ਹਾਂ ਨੇ ਘਰਾਂ ਤੋਂ ਬਣਾ ਕੇ ਲਿਆਂਦੀਆਂ ਹੁੰਦੀਆਂ ਹਨ ਅਤੇ ਦਾਲ-ਭਾਜੀ ਉਹ ਗੁਰਦੁਆਰਾ ਸ੍ਰੀ ਜਨਮ ਅਸਥਾਨ ਦੇ ਲੰਗਰ ਹਾਲ 'ਚ ਬਣਾਉਂਦੇ ਹਨ। ਇਸ ਪਰੰਪਰਾ ਬਾਰੇ ਇਕ ਸਿੱਖ ਨੂੰ ਪੁੱਛਣ 'ਤੇ ਉਸ ਨੇ ਦੱਸਿਆ ਕਿ, 'ਸਾਨੂੰ ਪਤਾ ਹੈ ਕਿ ਅਸੀਂ ਪਾਕਿਸਤਾਨ 'ਚ ਬੇਹੱਦ ਘੱਟ-ਗਿਣਤੀ ਹਾਂ। ਇਸ ਕਰਦੇ ਇਕ ਤਾਂ ਇਕੱਠੇ ਬੈਠ ਕੇ ਰੋਜ਼ਾਨਾ ਲੰਗਰ ਛਕਣ ਨਾਲ ਸਾਡੇ ਅੰਦਰ ਭਾਈਚਾਰਕ ਏਕਤਾ ਤੇ ਪਿਆਰ ਵਧਦਾ ਹੈ ਅਤੇ ਦੂਜਾ ਬਹੁ-ਗਿਣਤੀ ਭਾਈਚਾਰੇ ਅੰਦਰ ਸਾਡੀ ਇਕਮੁੱਠਤਾ ਤੇ ਭਾਈਚਾਰਕ ਸਾਂਝ ਦਾ ਚੰਗਾ ਪ੍ਰਭਾਵ ਪੈਂਦਾ ਹੈ।'

ਪਾਕਿਸਤਾਨ 'ਚ ਸਿੱਖਾਂ ਦੇ ਬੱਚਿਆਂ ਨੂੰ ਗੁਰਮੁਖੀ ਦੀ ਪੜ੍ਹਾਈ ਲਈ ਕਾਫ਼ੀ ਮੁਸ਼ਕਲ ਪੇਸ਼ ਆਉਂਦੀ ਹੈ, ਪਰ ਹੁਣ ਸਿੱਖਾਂ ਨੇ ਆਪਣੇ ਪੱਧਰ 'ਤੇ ਯਤਨ ਕਰਕੇ ਸਿੱਖ ਸਕੂਲ ਖੋਲ੍ਹਣੇ ਸ਼ੁਰੂ ਕਰ ਦਿੱਤੇ ਹਨ। ਸ੍ਰੀ ਨਨਕਾਣਾ ਸਾਹਿਬ ਵਿਖੇ ਸਿੱਖਾਂ ਵਲੋਂ ਗੁਰੂ ਨਾਨਕ ਜੀ ਮਾਡਲ ਹਾਈ ਸਕੂਲ ਚਲਾਇਆ ਜਾ ਰਿਹਾ ਹੈ, ਜਿੱਥੇ ਸਿੱਖ ਬੱਚਿਆਂ ਨੂੰ ਉੱਥੋਂ ਦੀ ਅਕਾਦਮਿਕ ਸਿੱਖਿਆ ਦੇ ਨਾਲ-ਨਾਲ ਆਪਣੇ ਧਰਮ ਦੀ ਸਿੱਖਿਆ ਵੀ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਦਾ ਇਕ ਸਕੂਲ ਪਿਸ਼ਾਵਰ ਵਿਚ ਵੀ ਚੱਲ ਰਿਹਾ ਹੈ। ਪਾਕਿਸਤਾਨ ਦੇ ਸਿੱਖਾਂ ਦਾ ਕੋਈ ਵੀ ਬੱਚਾ ਪਤਿਤ ਨਜ਼ਰ ਨਹੀਂ ਆਉਂਦਾ। ਸਿੱਖ ਮਰਦ ਕਾਰੋਬਾਰੀ ਹੋਣ ਕਾਰਨ ਜ਼ਿਆਦਾਤਰ ਸਿੱਖ ਬੀਬੀਆਂ ਘਰਾਂ ਦੇ ਕੰਮਕਾਜ ਵੇਖਦੀਆਂ ਹਨ ਅਤੇ ਫ਼ੁਰਸਤ ਦੇ ਸਮੇਂ 'ਚ ਗੁਰਬਾਣੀ ਪੜ੍ਹਨ 'ਚ ਦਿਲਚਸਪੀ ਰੱਖਦੀਆਂ ਹਨ। ਇਸੇ ਕਾਰਨ ਸ੍ਰੀ ਨਨਕਾਣਾ ਸਾਹਿਬ ਦੇ ਗੁਰਦੁਆਰਿਆਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਸਹਿਜ ਪਾਠ ਕਰਦੀਆਂ ਬੀਬੀਆਂ ਆਮ ਹੀ ਵੇਖਣ ਨੂੰ ਮਿਲਦੀਆਂ ਹਨ। ਉੱਥੋਂ ਦੇ ਸਿੱਖਾਂ ਦੀ ਇੱਛਾ ਹੈ ਕਿ ਉਹ ਆਪਣੇ ਧੀਆਂ-ਪੁੱਤਰਾਂ ਦੇ ਰਿਸ਼ਤੇ-ਨਾਤੇ ਭਾਰਤ 'ਚ ਵੱਸਦੇ ਸਿੱਖਾਂ ਨਾਲ ਕਰ ਸਕਣ। ਕੁਝ ਸਾਲ ਪਹਿਲਾਂ ਇਹ ਇੱਛਾ ਪਾਕਿਸਤਾਨ ਗਏ ਪੰਜਾਬ ਦੇ ਪੱਤਰਕਾਰਾਂ ਦੇ ਇਕ ਵਫ਼ਦ ਕੋਲ ਵੀ ਉੱਥੋਂ ਦੇ ਸਿੱਖਾਂ ਨੇ ਪ੍ਰਮੁੱਖਤਾ ਨਾਲ ਉਠਾਈ ਸੀ।

ਬੇਹੱਦ ਘੱਟ-ਗਿਣਤੀ ਹੋਣ ਦੇ ਬਾਵਜੂਦ ਆਪਣੇ ਧਰਮ, ਸੱਭਿਆਚਾਰ ਅਤੇ ਧਾਰਮਿਕ ਪਰੰਪਰਾਵਾਂ ਪ੍ਰਤੀ ਨਿਸ਼ਚੇਵਾਨ ਪਾਕਿਸਤਾਨੀ ਸਿੱਖਾਂ ਨੂੰ ਇਕ ਰੰਜ ਹੈ ਕਿ ਸਿੱਖ ਧਰਮ ਦੇ ਨਾਮਵਰ ਪ੍ਰਚਾਰਕ, ਰਾਗੀ, ਢਾਡੀ ਅਤੇ ਮਹਾਂਪੁਰਖ ਅਕਸਰ ਧਰਮ ਪ੍ਰਚਾਰ ਲਈ ਪੱਛਮੀ ਤੇ ਵਿਕਸਿਤ ਦੇਸ਼ਾਂ ਨੂੰ ਤਰਜੀਹ ਦਿੰਦੇ ਹਨ ਪਰ ਪਾਕਿਸਤਾਨ 'ਚ ਵੱਸਦੇ ਸਿੱਖਾਂ ਵੱਲ ਕੋਈ ਵੀ ਧਿਆਨ ਨਹੀਂ ਦਿੰਦਾ। ਜਿਵੇਂ ਭਾਰਤੀ ਸਿੱਖਾਂ ਨੂੰ ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦੇ ਵਿਛੋੜੇ ਦਾ ਮਲਾਲ ਰਹਿੰਦਾ ਹੈ, ਉਸੇ ਤਰ੍ਹਾਂ ਪਾਕਿਸਤਾਨੀ ਸਿੱਖਾਂ ਦੇ ਦਿਲਾਂ ਅੰਦਰ ਵੀ ਆਪਣੇ ਪੰਥ ਦੇ ਭਗਤੀ-ਸ਼ਕਤੀ ਦੇ ਸੋਮੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਭਾਰਤੀ ਸਿੱਖਾਂ ਤੋਂ ਦੂਰ ਹੋਣ ਦੇ ਬਿਰਹੋਂ ਦਾ ਅਹਿਸਾਸ ਸਦਾ ਮਘਦਾ ਰਹਿੰਦਾ ਹੈ।

ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਪਿਛਲੇ ਮਹੀਨੇ ਸ੍ਰੀ ਨਨਕਾਣਾ ਸਾਹਿਬ ਤੋਂ ਅੰਤਰ-ਰਾਸ਼ਟਰੀ ਨਗਰ ਕੀਰਤਨ ਦੀ ਆਰੰਭਤਾ ਲਈ, ਪਹਿਲੀ ਵਾਰ ਵੱਡੀ ਪੱਧਰ 'ਤੇ ਸਿੰਘ ਸਾਹਿਬਾਨ, ਤਖ਼ਤ ਸਾਹਿਬਾਨ ਦੇ ਜਥੇਦਾਰ, ਕਥਾਵਾਚਕਾਂ ਤੇ ਹੋਰ ਧਾਰਮਿਕ ਸ਼ਖ਼ਸੀਅਤਾਂ ਦੇ ਪਾਕਿਸਤਾਨ ਪਹੁੰਚਣ 'ਤੇ ਪਾਕਿਸਤਾਨੀ ਸਿੱਖਾਂ ਅੰਦਰ ਜੋ ਚਾਅ ਅਤੇ ਉਤਸ਼ਾਹ ਸੀ, ਉਹ ਵੇਖਿਆਂ ਹੀ ਪਤਾ ਲੱਗਦਾ ਸੀ। ਫੁੱਲਾਂ ਦੀ ਵਰਖਾ ਨਾਲ ਭਾਰਤੀ ਸਿੱਖਾਂ ਦੇ ਜਥੇ ਦੇ ਸਵਾਗਤ ਅਤੇ ਵਿਦਾਇਗੀ ਵੇਲੇ ਵੈਰਾਗ ਤੇ ਭਾਵੁਕਤਾ ਵਾਲੇ ਮਾਹੌਲ ਵਿਚ ਪਾਕਿਸਤਾਨੀ ਸਿੱਖਾਂ ਅੰਦਰਲਾ ਪੰਥਕ ਜਜ਼ਬਾ ਅਤੇ ਸਿੱਖੀ ਪ੍ਰੇਮ ਆਪ-ਮੁਹਾਰਾ ਡੁੱਲ੍ਹ-ਡੁੱਲ੍ਹ ਪੈ ਰਿਹਾ ਸੀ। ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਵਿਹੜੇ 'ਚ ਪਾਕਿਸਤਾਨੀ ਸਿੱਖਾਂ ਅਤੇ ਭਾਰਤ ਤੋਂ ਗਏ ਸਿੱਖ ਜਥੇ ਦੇ ਠਾਠਾਂ ਮਾਰਦੇ ਇਕੱਠ ਦੌਰਾਨ ਪਾਕਿਸਤਾਨੀ ਸਿੱਖ ਆਗੂਆਂ ਦੀਆਂ ਤਕਰੀਰਾਂ 'ਚੋਂ ਪੰਥਕ ਏਕਤਾ ਅਤੇ ਸਿੱਖਾਂ ਵਿਚ ਆਪਸੀ ਮਤਭੇਦਾਂ ਨੂੰ ਮਿਟਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਅਤੇ ਮਰਯਾਦਾ ਤਹਿਤ ਜਥੇਬੰਦ ਹੋਣ ਦੀ ਤਾਂਘ ਵੀ ਜਲਵਾਗਰ ਹੋ ਰਹੀ ਸੀ।

ਬੇਸ਼ੱਕ ਪਾਕਿਸਤਾਨ 'ਚ ਸਿੱਖਾਂ ਦਾ ਪਿਛਲੇ 70-72 ਸਾਲਾਂ ਦਾ ਅਤੀਤ ਬਹੁਤਾ ਚੰਗਾ ਨਹੀਂ ਰਿਹਾ ਪਰ ਭਵਿੱਖ ਕਾਫ਼ੀ ਸੰਭਾਵਨਾਵਾਂ ਭਰਪੂਰ ਨਜ਼ਰ ਆ ਰਿਹਾ ਹੈ। ਪਾਕਿਸਤਾਨੀ ਸਿੱਖਾਂ ਦੀ ਭਾਈਚਾਰਕ ਏਕਤਾ ਅਤੇ ਮਿਹਨਤ ਤੇ ਯੋਗਤਾ ਜ਼ਰੀਏ ਸਿਵਲ/ ਪ੍ਰਸ਼ਾਸਨਿਕ ਅਹੁਦਿਆਂ 'ਤੇ ਬੈਠਣ ਕਾਰਨ ਹੁਣ ਹਾਲਾਤ ਬਦਲਦੇ ਜਾਪ ਰਹੇ ਹਨ। ਸ੍ਰੀ ਨਨਕਾਣਾ ਸਾਹਿਬ 'ਚ ਹੁਣੇ-ਹੁਣੇ ਸਿੱਖ ਕੁੜੀ ਦੇ ਅਗਵਾ ਦੀ ਵਾਪਰੀ ਘਟਨਾ ਦੇ ਸੁਖਾਵੇਂ ਹੱਲ ਤੋਂ ਹੀ ਪਤਾ ਲੱਗਦਾ ਹੈ ਕਿ ਪਾਕਿਸਤਾਨ ਦੇ ਸਿੱਖ, ਧਰਮ, ਗਿਣਤੀ ਤੇ ਸੱਭਿਆਚਾਰ ਦੇ ਆਧਾਰ 'ਤੇ ਹੋਣ ਵਾਲੀਆਂ ਵਧੀਕੀਆਂ ਖ਼ਿਲਾਫ਼ ਕਾਫ਼ੀ ਜਾਗਰੂਕ ਹੋ ਰਹੇ ਹਨ ਅਤੇ ਪਾਕਿਸਤਾਨ ਦੀ ਸਰਕਾਰ ਵੀ ਦੁਨੀਆ 'ਚ ਆਪਣਾ ਅਕਸ ਵਧੇਰੇ ਨਿਰਪੱਖ, ਮਨੁੱਖਤਾ-ਪੱਖੀ ਅਤੇ ਸਦਭਾਵਨਾ ਵਾਲਾ ਬਣਾਉਣ ਲਈ ਘੱਟ-ਗਿਣਤੀਆਂ ਦਾ ਭਰੋਸਾ ਜਿੱਤਣਾ ਚਾਹੁੰਦੀ ਹੈ। ਅਸੀਂ ਵੀ ਆਸ ਕਰਦੇ ਹਾਂ ਕਿ ਪਾਕਿਸਤਾਨ ਦੀ ਸਰਕਾਰ, ਮੂਲਵਾਦੀ ਤੇ ਕੱਟੜ ਤਾਕਤਾਂ ਨੂੰ ਵਧੇਰੇ ਪ੍ਰਭਾਵੀ ਤਰੀਕੇ ਨਾਲ ਨੱਥ ਪਾ ਕੇ ਘੱਟ-ਗਿਣਤੀ ਭਾਈਚਾਰਿਆਂ ਦੇ ਜਿਊਣ ਲਈ ਆਜ਼ਾਦ, ਸੁਰੱਖਿਅਤ ਤੇ ਸੁਨਹਿਰਾ ਭਵਿੱਖ ਸਿਰਜਣ ਵੱਲ ਧਿਆਨ ਦੇਵੇਗੀ। ਸਿੱਖ ਪੰਥ ਦੀਆਂ ਸਮਰੱਥ ਸੰਸਥਾਵਾਂ, ਸੰਪਰਦਾਵਾਂ ਤੇ ਪ੍ਰਚਾਰ ਸਭਾਵਾਂ ਨੂੰ ਵੀ ਅਣਗੌਲੇ ਪਾਕਿਸਤਾਨੀ ਸਿੱਖਾਂ ਦੀ ਸਾਰ ਲੈਣੀ ਚਾਹੀਦੀ ਹੈ ਅਤੇ ਅਣਸੁਖਾਵੇਂ ਹਾਲਾਤਾਂ ਵਿਚ ਰਹਿੰਦਿਆਂ ਵੀ ਆਪਣੇ ਧਰਮ, ਸੱਭਿਆਚਾਰ ਅਤੇ ਪਰੰਪਰਾਵਾਂ ਨਾਲ ਜੁੜੇ ਹੋਏ ਇਨ੍ਹਾਂ ਸਿਦਕਵਾਨ ਸਿੱਖਾਂ ਦਾ ਮਨੋਬਲ ਉੱਚਾ ਕਰਨਾ ਚਾਹੀਦਾ ਹੈ।

**-ਤਲਵਿੰਦਰ ਸਿੰਘ ਬੁੱਟਰ**

## ਕਾਸ਼ ਮੈਂ ਹਿੰਦੂ ਨਾ ਹੁੰਦੀ

ਗੱਲ ਪਿਛਲੇ ਦਿਨਾਂ ਦੀ ਆ, ਮੈਂ ਇਟਲੀ ਗਈ ਹੋਈ ਸੀ। 2 ਸਤੰਬਰ ਦੀ ਮੇਰੀ ਇਟਲੀ ਤੋਂ ਵਾਪਸੀ ਸੀ। ਮਾਰਕੋ ਪੋਲੋ ਏਅਰ ਪੋਰਟ ਤੇ ਪੁਹੰਚੇ, ਕਾਫੀ ਦੇਰ ਇੰਤਜਾਰ ਕਰਨ ਮਗਰੋਂ ਪਤਾ ਲੱਗਾ ਕੇ ਫਲਾਈਟ ਕੈਂਸਲ ਹੈ। ਅਗਲੇ ਦਿਨ ਦੀ ਫਲਾਈਟ ਹੋਵੇਗੀ। ਅਸੀਂ ਸਾਰੇ ਪ੍ਰੇਸ਼ਾਨ ਹੋਏ ਬੋਰਡਿੰਗ ਲਾਈਨ ਵਿੱਚ ਖੜੇ ਸੀ, ਜਦ ਸਾਨੂੰ ਇਹ ਖਬਰ ਦਿੱਤੀ ਗਈ।

ਜਿੰਨੀ ਦੇਰ ਸਾਡੇ ਤੀਕਰ ਫਲਾਈਟ ਲੇਟ ਹੋਣ ਦੀ ਕੋਈ ਜਾਣਕਾਰੀ ਨਹੀਂ ਪੁੱਜੀ ਸੀ, ਅਸੀਂ ਸਭ ਬੋਰਡਿੰਗ ਲਾਈਨ ਵਿੱਚ ਖੜੇ ਖੜੇ ਪ੍ਰੇਸ਼ਾਨ ਹੋ ਰਹੇ ਸੀ। ਮੈਨੂੰ ਲੱਗਾ ਜਿਵੇਂ ਮੈਂ ਕੱਲੀ ਹੀ ਜਰਮਨੀ ਜਾਣ ਵਾਲੀ ਹਾਂ, ਕਿਉਂਕਿ ਮੇਰੇ ਅੱਗੇ ਪਿੱਛੇ ਸਾਰੇ ਜਿਆਦਾਤਰ ਇਟਾਲੀਅਨ ਜਾਂ ਅੰਗਰੇਜੀ ਬੋਲ ਰਹੇ ਸੀ। ਜਰਮਨ ਭਾਸ਼ਾ ਵਾਲਾ ਕੋਈ ਨਹੀਂ ਸੀ।ਖੈਰ ਜਦ ਸਾਨੂੰ ਪਤਾ ਲੱਗਾ ਹੁਣ ਅਸੀਂ ਬੱਸ ਰਾਹੀ Bolognese Hotel ਜਾਣਾ ਹੈ, ਤਾਂ ਇੱਕਦਮ ਮੈਨੂੰ ਬਹੁਤ ਸਾਰੀਆਂ ਜਰਮਨ ਜੁਬਾਨ ਬੋਲਦੀਆਂ ਅਵਾਜ਼ਾਂ ਸੁਣਾਈ ਦਿੱਤੀਆਂ। ਅਸੀਂ ਸਭ ਇੱਕ ਪਾਸੇ ਇਕੱਠੇ ਹੋ ਗਏ। ਅਸੀਂ ਸਭ ਇਸ ਤਰ੍ਹਾਂ ਮਿਲ ਰਹੇ ਸੀ ਜਿਵੇਂ ਧਰਤੀ ਹੇਠਲੇ ਬੌਲਦ ਨੇ ਸਿੰਗ ਹਿਲਾਏ ਹੋਣ ਤੇ ਅਸੀਂ ਪਰਾਂ ਪਰਾਂ ਡਿੱਗੇ ਹੋਈਏ ਅਤੇ ਫਿਰ ਧਰਤੀ ਨੇ ਗੋਲ ਗੋਲ ਘੁੰਮ ਕੇ ਸਾਨੂੰ ਸਭ ਨੂੰ ਇੱਕ ਥਾਂ ਹੀ ਕੱਠੇ ਕੀਤਾ ਹੋਵੇ। ਅਸੀਂ ਸਭ ਖੁਸ਼ ਸੀ ਕਿ ਸਭ ਇੱਕ ਹੀ ਵਤਨ ਵਾਸੀ ਤੇ ਇੱਕ ਭਾਸ਼ਾਈ ਹਾਂ।

ਇੰਨੇ ਨੂੰ ਤਿੰਨ ਜਰਮਨ ਔਰਤਾਂ ਜਿਨਾਂ ਦੀ ਉਮਰ 65 ਤੋਂ 75 ਦੇ ਦਰਮਿਆਨ ਹੋਵੇਗੀ, ਬਹੁਤ ਹੱਸ ਰਹੀਆਂ ਸਨ। ਸਾਨੂੰ ਏਅਰ ਪੋਰਟ 'ਤੇ 4-5 ਘੰਟੇ ਬੈਠਣਾ ਪਿਆ ਫਿਰ ਦੁਬਾਰਾ ਸਭ ਨੇ ਸਮਾਨ ਵਾਪਸ ਲੈ ਕੇ ਫਿਰ ਹੋਟਲ ਜਾਣਾ ਸੀ। ਇਸ ਸਮੇਂ ਦੌਰਾਨ ਮੇਰੀ ਉਨਾਂ ਨਾਲ ਦੋਸਤੀ ਹੋ ਗਈ। ਉਨਾਂ ਨੂੰ ਹੁਣ ਪਤਾ ਲੱਗ ਚੁੱਕਾ ਸੀ ਕਿ ਮੈਂ ਇੰਡੀਅਨ ਹਾਂ।

ਉਨ੍ਹਾਂ ਵਿੱਚੋਂ ਇੱਕ ਔਰਤ ਨੇ ਮੇਰਾ ਘੁੱਟ ਕੇ ਹੱਥ ਫੜ ਲਿਆ ਤੇ ਕਹਿੰਦੀ ਤੈਨੂੰ ਪਤਾ ਮੈਂ 5 ਸਾਲ ਇੰਡੀਆ ਰਹੀ ਹਾਂ। ਮੇਰਾ ਝੱਟ ਉਹਦੇ ਨਾਲ ਰਿਸ਼ਤਾ ਗੰਢ ਹੋ ਗਿਆ। ਤੂੰ ਇੰਡੀਆ ਕਿਥੇ ਦੀ ਰਹਿਣ ਵਾਲੀ ਆਂ? ਉਸ ਨੇ ਮੈਥੋਂ ਇਸ ਤਰਾਂ ਪੁੱਛਿਆ ਜਿਵੇਂ ਉਹ ਸਾਰੇ ਇੰਡੀਆ ਨੂੰ ਜਾਣਦੀ ਹੋਵੇ। ਮੈਂ ਉਸ ਨੂੰ ਕਿਹਾ ਮੈਂ ਪੰਜਾਬ ਦੀ ਹਾਂ। ਮੈਂ ਜਲੰਧਰ ਦਾ ਨਾਂ ਲੈ ਕੇ ਕਿਹਾ ਕਿ ਮੈਂ ਉਹਦੇ ਨੇੜੇ ਫਗਵਾੜੇ ਦੀ ਹਾਂ। ਉਹਨੇ ਮੇਰੇ ਵੱਲ ਦੇਖ ਕੇ ਕਿਹਾ, ਮੈਂ 1984 ਦਾ ਸਾਰਾ ਦੌਰ ਦੇਖਿਆ ਹੈ। ਮੈਂ ਉਨਾਂ ਦਿਨਾਂ ਵਿੱਚ ਪੰਜਾਬ ਹੀ ਸੀ ਤੇ ਮੇਰਾ ਘਰਵਾਲਾ ਜਰਮਨੀ ਦਾ ਪੱਤਰਕਾਰ ਸੀ।

ਮੈਂ ਆਪਣੀ ਗੱਲ ਕਰਾਂ ਤਾਂ ਮੈਂ 84 ਦੇ ਦੌਰ ਵਿੱਚ ਅੱਠਵੀਂ ਦੇ ਪੇਪਰ ਦਿੱਤੇ ਸਨ ਅਤੇ ਜੂਨ ਮਹੀਨੇ ਦੀਆਂ ਛੁੱਟੀਆਂ ਸਨ। ਮੇਰੇ ਸਾਹਮਣੇ ਉਹ ਸਾਰਾ ਵਰਤਾਰਾ ਆ ਗਿਆ ਜੋ ਉਸ ਵੇਲੇ ਪੰਜਾਬ ਝੱਲ ਰਿਹਾ ਸੀ। ਉਸ ਨੇ ਮੇਰਾ ਹੱਥ ਫੜਿਆ ਤੇ ਮੇਰੇ ਲਾਗੇ ਹੋ ਕੇ ਕਹਿੰਦੀ। ਮੈਂ ਹੁਣ ਵੀ ਜਦ ਉਹ ਸਮਾਂ ਯਾਦ ਕਰਦੀ ਹਾਂ ਮੇਰੇ ਸਰੀਰ ਦੇ ਰੌਂਗਟੇ ਖੜੇ ਹੋ ਜਾਂਦੇ ਹਨ। ਮੇਰਾ ਘਰ ਵਾਲਾ ਪੱਤਰਕਾਰ ਹੋਣ ਦੇ ਨਾਤੇ ਹਰ ਖਬਰ ਜਰਮਨੀ ਨੂੰ ਦੇ ਰਿਹਾ ਸੀ। ਅਸੀਂ ਦੇਖਿਆ ਕਿਸ ਤਰਾਂ ਸਿੱਖਾਂ ਦਾ ਕਤਲ ਕੀਤਾ। ਉਹ ਲਗਾਤਾਰ ਦੱਸਦੀ ਜਾ ਰਹੀ ਸੀ ਤੇ ਮੈਂ ਚੁੱਪ ਚਾਪ ਖੜੀ ਉਸ ਜਰਮਨ ਔਰਤ ਦੀ ਜੁਬਾਨੀ ਪੁਰਾਣੇ ਦਰਦ ਦੀ ਦਾਸਤਾਨ ਸੁਣ ਰਹੀ ਸੀ। ਉਸ ਨੇ ਮੇਰੇ ਕੋਲ ਹਿੰਦੂਆਂ ਦੀ ਰੱਜ ਕੇ ਬਦਖੋਹੀ ਕੀਤੀ ਤੇ ਕਰਨ ਮਗਰੋਂ ਮੈਨੂੰ ਕਹਿੰਦੀ, "ਤੂੰ ਤੇ ਹਿੰਦੂ ਨਹੀਂ ਹੈ ਨਾ?" ਮੈਂ ਆਪਣਾ ਸਿਰ ਨਾਂਹ ਵਿੱਚ ਹਿਲਾ ਦਿੱਤਾ ਤੇ ਦਿਲ ਵਿਚ ਕਿਹਾ ਕਿ ਕਾਸ਼! ਨਾ ਹੁੰਦੀ। ਉਸ ਨੇ ਹੱਸ ਕੇ ਆਪਣੇ ਦਿਲ 'ਤੇ ਹੱਥ ਰੱਖਦੀ ਨੇ ਕਿਹਾ, "ਮੈਂ ਸੋਚਿਆ ਕਿਤੇ ਤੂੰ ਹਿੰਦੂ ਨਾ ਹੋਵੇ।" ਮੈਂ ਉਸ ਨੂੰ ਕਿਹਾ, ਕਿ 84 ਦਾ ਦੁੱਖ ਪੰਜਾਬ ਦੇ ਹਰ ਹਿੰਦੂ ਤੇ ਸਿੱਖ ਨੂੰ ਹੈ ਅਤੇ ਸਭ ਇਸ ਦੀ ਲਪੇਟ ਵਿੱਚ ਆਏ ਸਨ। ਕਿਉਂਕਿ ਹਰਿਮੰਦਰ ਸਾਹਿਬ ਸਾਡਾ ਸਭ ਦਾ ਸਾਂਝਾ ਹੈ। ਉਸ ਦੀ ਬੇਅਦਬੀ ਹਰ ਹਿੰਦੂ, ਹਰ ਸਿੱਖ ਦੀ ਬੇਅਦਬੀ ਹੈ।

**-ਅੰਜੂਜੀਤ ਸ਼ਰਮਾ ਜਰਮਨੀ**

## ਅਮਿਤ ਸ਼ਾਹ ਦੀ ਹਿੰਦੀ ਵਿਰੋਧੀ ਭਾਸ਼ਾਵਾਂ ਬਾਰੇ ਫਾਸ਼ੀਵਾਦੀ ਨੀਤੀ

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਹਿੰਦੀ ਨੂੰ ਹੁਲਾਰਾ ਦੇਣ ਬਾਰੇ ਹਾਲੀਆ ਬਿਆਨਾਂ ਨੇ ਹਿੰਦੀ ਬਨਾਮ ਗ਼ੈਰ-ਹਿੰਦੀ ਭਾਸ਼ਾਵਾਂ ਦੇ ਪੁਰਾਣੇ ਤਣਾਵਾਂ ਨੂੰ ਮੁੜ ਭਖ਼ਾ ਦਿੱਤਾ ਹੈ। ਭਾਰਤੀ ਸ਼ਾਸਨ-ਪ੍ਰਣਾਲੀ ਵਿਚ ਗ਼ੈਰ-ਹਿੰਦੀ ਭਾਸ਼ਾਵਾਂ ਦੇ ਮੁਕਾਬਲੇ ਹਿੰਦੀ ਨੂੰ ਅਹਿਮੀਅਤ ਦਿੱਤੇ ਜਾਣ ਬਾਰੇ ਵਿਵਾਦ ਦਾ ਬੜਾ ਲੰਮਾ ਇਤਿਹਾਸ ਹੈ। ਇਸ ਲਈ ਮੌਜੂਦਾ ਵਿਵਾਦ ਨਾਲ ਜੁੜੇ ਸਾਰੇ ਪੱਖਾਂ ਨੂੰ ਪੂਰੀ ਤਰ੍ਹਾਂ ਸਮਝਣ ਲਈ ਇਸ ਦੀ ਇਤਿਹਾਸਕਤਾ ਨੂੰ ਸਮਝਣਾ ਜ਼ਰੂਰੀ ਹੈ। ਭਾਰਤੀ ਸੰਵਿਧਾਨ ਦੀ ਧਾਰਾ 343 ਕਹਿੰਦੀ ਹੈ ਕਿ 'ਸੰਘ (ਭਾਰਤ) ਦੀ ਸਰਕਾਰੀ ਭਾਸ਼ਾ ਦੇਵਨਾਗਰੀ ਲਿਪੀ ਵਿਚ ਹਿੰਦੀ ਹੋਵੇਗੀ।' ਨਾਲ ਹੀ ਧਾਰਾ 351 ਵਿਚ ਕਿਹਾ ਗਿਆ ਹੈ ਕਿ 'ਸੰਘ ਦਾ ਫ਼ਰਜ਼ ਹੋਵੇਗਾ ਕਿ ਹਿੰਦੀ ਭਾਸ਼ਾ ਦਾ ਪਸਾਰ ਵਧਾਵੇ, ਇਸ ਦਾ ਵਿਕਾਸ ਕਰੇ ਜਿਥੇ ਜ਼ਰੂਰੀ ਜਾਂ ਲੋੜੀਂਦਾ ਹੋਵੇ, ਉਸ ਦੇ ਸ਼ਬਦ-ਭੰਡਾਰ ਲਈ ਖ਼ਾਸ ਕਰ ਕੇ ਸੰਸਕ੍ਰਿਤ ਅਤੇ ਆਮ ਕਰ ਕੇ ਹੋਰ ਭਾਸ਼ਾਵਾਂ ਤੋਂ ਸ਼ਬਦ ਲੈ ਕੇ ਇਸ ਦੀ ਤਰੱਕੀ ਯਕੀਨੀ ਬਣਾਵੇ।'

ਹਿੰਦੀ ਭਾਸ਼ਾ, ਖ਼ਾਸਕਰ ਦੇਵਨਾਗਰੀ ਲਿਪੀ ਤੇ ਸੰਸਕ੍ਰਿਤ ਭਾਸ਼ਾ ਨੂੰ ਸੰਵਿਧਾਨ 'ਚ ਦਿੱਤੀ ਅਹਿਮੀਅਤ ਤੋਂ ਸੰਵਿਧਾਨ ਦੇ ਘਾੜਿਆਂ ਦੇ ਇਕ ਵਰਗ ਦੇ ਖ਼ਾਸ ਢੰਗ ਨਾਲ ਸੋਚਣ ਦੇ ਤਰੀਕੇ ਦਾ ਪਤਾ ਲੱਗਦਾ ਹੈ। ਹਿੰਦੀ ਨੂੰ ਦਿੱਤੇ ਵਿਸ਼ੇਸ਼ ਦਰਜੇ ਦਾ ਉਤਰੀ ਭਾਰਤ ਦੇ ਗ਼ੈਰ-ਹਿੰਦੀ ਖ਼ਿੱਤਿਆਂ ਤੇ ਗ਼ੈਰ-ਹਿੰਦੀ ਭਾਸ਼ਾਈ ਸਮੂਹਾਂ ਵੱਲੋਂ ਜ਼ੋਰਦਾਰ ਵਿਰੋਧ ਕੀਤਾ ਗਿਆ ਸੀ। ਵਿਰੋਧੀ ਰੁਝਾਨਾਂ ਵਿਚਲੀ ਇਸ ਕਸ਼ਮਕਸ਼ ਦੌਰਾਨ ਗਾਂਧੀ ਅਤੇ ਨਹਿਰੂ - ਜੋ ਦੋ ਸਭ ਤੋਂ ਵੱਡੇ ਕਾਂਗਰਸੀ ਤੇ ਕੌਮੀ ਆਗੂ ਸਨ - ਵੱਲੋਂ ਲਏ ਗਏ ਵਿਰੋਧੀ ਸਟੈਂਡਾਂ ਤੋਂ ਭਾਰਤ ਵਿਚ ਭਾਸ਼ਾਈ ਮੁੱਦੇ 'ਤੇ ਵਿਚਾਰਾਂ ਦੇ ਵੱਡੇ ਪਾੜੇ ਅਤੇ ਅੰਤਰ ਦਾ ਪਤਾ ਲੱਗਦਾ ਹੈ।

ਗਾਂਧੀ ਨੇ ਕੌਮੀ ਭਾਸ਼ਾ ਵਜੋਂ ਹਿੰਦੀ ਜਾਂ ਹਿੰਦੋਸਤਾਨੀ ਦੀ ਹਮਾਇਤ ਕੀਤੀ ਤਾਂ ਕਿ ਇਹ ਭਾਸ਼ਾ ਭਾਰਤ ਦੇ ਵੱਖ ਵੱਖ ਭਾਸ਼ਾਈ ਪਿਛੋਕੜਾਂ ਵਾਲੇ ਲੋਕਾਂ ਦਰਮਿਆਨ ਸੰਪਰਕ ਲਈ ਅੰਗਰੇਜ਼ੀ ਦੀ ਥਾਂ ਲੈ ਸਕੇ। ਇਸ ਸੋਚ ਤਹਿਤ ਉਨ੍ਹਾਂ ਦੱਖਣੀ ਭਾਰਤ ਵਿਚ ਹਿੰਦੀ ਦੇ ਹੱਕ ਵਿਚ ਮੁਹਿੰਮ ਚਲਾਈ ਜਿਸ ਲਈ ਉਨ੍ਹਾਂ ਸੰਨ 1927 ਵਿਚ 'ਹਿੰਦੀ ਪ੍ਰਚਾਰ ਸਭਾ' ਜਥੇਬੰਦ ਕੀਤੀ ਤਾਂ ਕਿ ਤਾਮਿਲ, ਤੈਲਗੂ, ਕੰਨੜ, ਮਲਿਆਲਮ ਬੋਲਣ ਵਾਲੇ ਦੱਖਣੀ ਭਾਰਤੀਆਂ ਵਿਚ ਹਿੰਦੀ ਦਾ ਪ੍ਰਚਾਰ ਕੀਤਾ ਜਾ ਸਕੇ। ਤਾਮਿਲਨਾਡੂ ਵਿਚ ਸੰਸਕ੍ਰਿਤ ਵਿਰੋਧੀ ਭਾਵਨਾਵਾਂ ਨੂੰ ਨਜ਼ਰਅੰਦਾਜ਼ ਕਰਦਿਆਂ ਗਾਂਧੀ ਨੇ ਸਾਰੀਆਂ ਭਾਸ਼ਾਵਾਂ ਲਈ ਸੰਸਕ੍ਰਿਤ ਆਧਾਰਤ ਸ਼ਬਦ-ਭੰਡਾਰ ਅਪਣਾਉਣ 'ਤੇ ਜ਼ੋਰ ਦਿੱਤਾ।

ਇੰਨਾ ਹੀ ਨਹੀਂ, ਉਸ ਨੇ ਇਸ ਤੋਂ ਵੀ ਅਗਾਂਹ ਜਾਂਦਿਆਂ ਸਾਰੀਆਂ ਭਾਰਤੀ ਭਾਸ਼ਾਵਾਂ ਲਈ ਸਾਂਝੇ ਤੌਰ 'ਤੇ ਦੇਵਨਾਗਰੀ ਲਿਪੀ ਅਪਣਾਉਣ ਦੀ ਵੀ ਵਕਾਲਤ ਕੀਤੀ। ਹਿੰਦੀ, ਸੰਸਕ੍ਰਿਤ ਅਤੇ ਦੇਵਨਾਗਰੀ ਦੀ ਇਸ ਵਕਾਲਤ ਦੇ ਨਾਲ ਹੀ ਗਾਂਧੀ ਤੇ ਨਹਿਰੂ ਨੇ ਉਰਦੂ ਅਤੇ ਸੰਸਕ੍ਰਿਤ ਦੇ ਅਸਰ ਤੋਂ ਮੁਕਤ ਹਿੰਦੀ ਪ੍ਰਤੀ ਦੋਸਤਾਨਾ ਰਵੱਈਏ ਦਾ ਮੁਜ਼ਾਹਰਾ ਕੀਤਾ। ਨਹਿਰੂ ਖ਼ਾਸ ਤੌਰ 'ਤੇ ਉਰਦੂ ਪ੍ਰਤੀ ਹਮਦਰਦੀ ਰੱਖਦਾ ਸੀ ਅਤੇ ਇਸ ਭਾਸ਼ਾ ਤੇ ਇਸ ਦੀ ਲਿਪੀ ਨਾਲ ਭਾਵਨਾਤਕ ਸਾਂਝ ਮਹਿਸੂਸ ਕਰਦਾ ਸੀ। ਦੋਵੇਂ ਗਾਂਧੀ ਤੇ ਨਹਿਰੂ ਵਾਜਬ ਤੌਰ 'ਤੇ ਹਿੰਦੀ ਇੰਤਹਾਪਸੰਦੀ ਦੇ ਭਾਰਤ ਦੀ ਏਕਤਾ ਲਈ ਨਿਕਲਣ ਵਾਲੇ ਮਾੜੇ ਸਿੱਟਿਆਂ ਨੂੰ ਲੈ ਕੇ ਫ਼ਿਕਰਮੰਦ ਸਨ। ਇਸ ਦੇ ਬਾਵਜੂਦ, ਇਨ੍ਹਾਂ ਦੋਵਾਂ ਨੇਤਾਵਾਂ ਨੂੰ ਆਖ਼ਰ ਮੁਲਕ ਵਿਚਲੀਆਂ ਹਿੰਦੀ-ਪੱਖੀ ਤਾਕਤਾਂ ਸਾਹਮਣੇ ਝੁਕਣਾ ਪਿਆ। ਨਹਿਰੂ ਨੇ ਹਿੰਦੀ ਲਾਬੀ ਦੇ ਹਮਲੇ ਤੋਂ ਉਰਦੂ ਨੂੰ ਬਚਾ ਸਕਣ 'ਚ ਆਪਣੀ ਬੇਵੱਸੀ ਜ਼ਾਹਰ ਕੀਤੀ। ਦੂਜੇ ਪਾਸੇ ਗਾਂਧੀ ਦੇ ਵੱਖ-ਵੱਖ ਸਿਆਸੀ ਸਟੈਂਡਾਂ ਵਿਚਲਾ ਪਰਸਪਰ-ਵਿਰੋਧ ਤੇ ਦੁਵਿਧਾਪੂਰਨ ਰਵੱਈਆ ਉਸ ਦੇ ਹਿੰਦੀ ਤੇ ਦੇਵਨਾਗਰੀ ਲਿਪੀ ਸਬੰਧੀ ਸਟੈਂਡ ਦੇ ਮਾਮਲੇ ਵਿਚ ਵੀ ਜਾਰੀ ਰਿਹਾ। ਇਕ ਪਾਸੇ ਜਿਥੇ ਉਸ ਨੂੰ ਡਰ ਸੀ ਕਿ ਦੇਵਨਾਗਰੀ ਲਿਪੀ ਨਾਲ ਹਿੰਦੀ ਨੂੰ ਜਬਰੀ ਠੋਸੇ ਜਾਣ 'ਤੇ ਕੌਮੀ ਏਕਤਾ ਨੂੰ ਸੱਟ ਵੱਜੇਗੀ, ਦੂਜੇ ਪਾਸੇ ਉਸ ਦਾ ਖ਼ਿਆਲ ਸੀ ਕਿ ਦੇਵਨਾਗਰੀ ਲਿਪੀ ਇਕਮੁੱਠ ਭਾਰਤੀ ਰਾਸ਼ਟਰਵਾਦ ਦੇ ਹਿੱਤ ਵਿਚ ਹੋਵੇਗੀ। ਇਸ ਤਰ੍ਹਾਂ ਆਖ਼ਰ ਉਹ ਜ਼ਿਆਦਾ ਦੇਵਨਾਗਰੀ ਦਾ ਹੱਕ ਹੀ ਪੂਰਦਾ ਜਾਪਿਆ।

ਹਿੰਦੀ/ਸੰਸਕ੍ਰਿਤ/ਦੇਵਨਾਗਰੀ ਲਾਬੀ ਦੀ ਤਾਕਤ ਦਾ ਅੰਦਾਜ਼ਾ ਇਸ ਹਕੀਕਤ ਤੋਂ ਲਾਇਆ ਜਾ ਸਕਦਾ ਹੈ ਕਿ ਸੰਸਕ੍ਰਿਤ ਜਿਸ ਦੇ ਕੁਝ ਸੈਂਕੜੇ ਲੋਕਾਂ ਦੀ ਮਾਤ-ਭਾਸ਼ਾ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ, ਨੂੰ ਸੰਵਿਧਾਨ ਦੀ 8ਵੀਂ ਪੱਟੀ ਵਿਚ ਸ਼ਾਮਲ ਕੀਤਾ ਗਿਆ ਜਿਸ ਵਿਚ ਭਾਰਤ ਦੀਆਂ ਸਾਰੀਆਂ ਮਾਨਤਾ ਪ੍ਰਾਪਤ ਭਾਸ਼ਾਵਾਂ ਨੂੰ ਦਰਜ ਕੀਤਾ ਗਿਆ ਹੈ ਪਰ ਇਨ੍ਹਾਂ ਵਿਚ ਕੋਈ ਵੀ ਕਬਾਇਲੀ ਮਾਤ-ਭਾਸ਼ਾ ਜਿਵੇਂ ਸੰਥਾਲੀ (ਬੋਲਣ ਵਾਲੇ 36 ਲੱਖ), ਭੀਲੀ (12.50 ਲੱਖ), ਲਾਮੀ (12 ਲੱਖ) ਸ਼ਾਮਲ ਨਹੀਂ ਕੀਤੀ ਗਈ। ਸਾਧਨਾ ਸਕਸੈਨਾ ਨੇ 1996 ਵਿਚ ਛਪੇ ਆਪਣੇ ਦਮਦਾਰ ਪਰਚੇ 'ਲੈਂਗੁਏਜ ਐਂਡ ਦਿ ਨੈਸ਼ਨੈਲਿਟੀ ਕੁਐਸ਼ਚਨ' (ਭਾਸ਼ਾ ਤੇ ਕੌਮੀਅਤ ਦਾ ਸਵਾਲ) ਵਿਚ ਦੱਸਿਆ ਹੈ ਕਿ 1981 ਦੀ ਮਰਦਮਸ਼ੁਮਾਰੀ ਵਿਚ ਹਿੰਦੀ ਬੋਲਣ ਵਾਲਿਆਂ ਦਾ ਅਧਿਕਾਰਤ ਅੰਕੜਾ 26 ਕਰੋੜ ਬਣਦਾ ਹੈ ਪਰ ਹਕੀਕਤ ਇਹ ਹੈ ਕਿ ਇਹ ਅੰਕੜਾ ਵੱਡੇ ਪੱਧਰ 'ਤੇ ਬੋਲੀਆਂ ਜਾਣ ਵਾਲੀਆਂ ਵੱਖ ਵੱਖ ਕਬਾਇਲੀ ਭਾਸ਼ਾਵਾਂ ਨੂੰ ਹਿੰਦੀ ਬੋਲਣ ਵਾਲਿਆਂ ਵਿਚ ਸ਼ਾਮਲ ਕਰ ਕੇ ਬਣਾਇਆ ਗਿਆ ਹੈ।

ਇਥੇ ਇਹ ਵੀ ਗ਼ੌਰਤਲਬ ਹੈ ਕਿ ਨਾ ਸਿਰਫ਼ ਕਬਾਇਲੀ ਭਾਸ਼ਾਵਾਂ, ਸਗੋਂ ਬ੍ਰਿਜ, ਅਵਧੀ ਆਦਿ ਭਾਸ਼ਾਵਾਂ ਨੂੰ ਵੀ ਹਿੰਦੀ ਵਿਚ ਹੀ ਲੈ ਲਿਆ ਗਿਆ ਹੈ। ਬ੍ਰਿਜ, ਅਵਧੀ, ਪਹਾੜੀ, ਰਾਜਸਥਾਨੀ, ਛੱਤੀਸਗੜ੍ਹੀ ਆਦਿ ਭਾਸ਼ਾਵਾਂ ਦੀਆਂ ਆਪਣੀਆਂ ਨਿਵੇਕਲੀਆਂ ਖ਼ਾਸੀਅਤਾਂ ਹਨ ਪਰ ਇਨ੍ਹਾਂ ਦਾ ਰੁਤਬਾ ਘਟਾ ਕੇ ਇਨ੍ਹਾਂ ਨੂੰ ਮਹਿਜ਼ ਹਿੰਦੀ ਦੀਆਂ ਉਪ-ਬੋਲੀਆਂ ਬਣਾ ਦਿੱਤਾ ਗਿਆ ਹੈ ਅਤੇ ਅਧਿਕਾਰਤ ਹਿੰਦੀ ਭਾਸ਼ਾ ਦਾ ਖ਼ਾਸ ਰੁਤਬਾ 'ਖੜੀ ਬੋਲੀ' ਨੂੰ ਦੇ ਦਿੱਤਾ ਗਿਆ। ਕਿੰਨੇ ਦੁਖ ਦੀ ਗੱਲ ਹੈ ਕਿ ਬ੍ਰਿਜ ਜੋ ਭਾਸ਼ਾ ਸੀ, ਨੂੰ ਮਹਿਜ਼ ਖੜੀ ਬੋਲੀ ਦੀ ਉਪ-ਭਾਸ਼ਾ ਬਣਾ ਕੇ ਰੱਖ ਦਿੱਤਾ ਗਿਆ। ਇਸ ਕਾਰਨ ਬਹੁਤ ਸਾਰੇ ਭਾਸ਼ਾਈ ਸਮੂਹਾਂ ਨੂੰ ਨਾਵਾਜਬ ਢੰਗ ਨਾਲ ਭਾਸ਼ਾ ਦਾ ਦਰਜਾ ਦੇਣ ਤੋਂ ਇਨਕਾਰ ਕੀਤੇ ਜਾਣ ਖ਼ਿਲਾਫ਼ ਉੱਤਰੀ ਭਾਰਤ, ਜਿਸ ਨੂੰ ਹਿੰਦੀ ਖੇਤਰ ਵਜੋਂ ਦਿਖਾਇਆ ਜਾਂਦਾ ਹੈ, ਵਿਚ ਵਿਰੋਧ ਦੇ ਤਿੱਖੇ ਸੁਰ ਉੱਭਰ ਰਹੇ ਹਨ।

ਸ਼ਾਇਦ, ਉੱਤਰੀ ਭਾਰਤ ਦੀ ਭਾਸ਼ਾਈ ਵੰਨ-ਸਵੰਨਤਾ ਨੂੰ ਅਸਵੀਕਾਰ ਕੀਤੇ ਜਾਣ ਦਾ ਮਕਸਦ ਉੱਤਰ ਭਾਰਤ ਦੇ ਹਿੰਦੂਆਂ ਦੀ ਇਕਸਾਰ ਭਾਸ਼ਾਈ ਪਛਾਣ ਨੂੰ ਹੁਲਾਰਾ ਦੇਣਾ ਹੋਵੇ। ਅਮਰੀਕੀ ਵਿਦਵਾਨ ਪੌਲ ਬ੍ਰਾਸ ਨੇ ਆਪਣੀ ਪ੍ਰਸਿੱਧ ਕਿਤਾਬ 'ਲੈਂਗੁਏਜ, ਰਿਲਿਜਨ ਐਂਡ ਪੌਲਿਟਕਸ ਇਨ ਨੌਰਥ ਇੰਡੀਆ' (ਉੱਤਰ ਭਾਰਤ ਵਿਚ ਭਾਸ਼ਾ, ਧਰਮ ਅਤੇ ਸਿਆਸਤ, 1974) ਵਿਚ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਕਿਸ ਤਰ੍ਹਾਂ ਮੈਥਿਲੀ ਭਾਸ਼ੀ ਲੋਕਾਂ ਵੱਲੋਂ ਆਪਣੀ ਭਾਸ਼ਾ ਨੂੰ ਸੰਵਿਧਾਨਿਕ ਰੁਤਬਾ ਦਿਵਾਉਣ ਲਈ ਕੀਤੇ ਗਏ ਸੰਘਰਸ਼ ਦਾ ਹਿੰਦੀ ਰਾਸ਼ਟਰਵਾਦੀਆਂ ਨੇ ਵਿਰੋਧ ਕੀਤਾ। ਉਨ੍ਹਾਂ ਲਿਖਿਆ ਹੈ ਕਿ ਕੁਝ ਮੈਥਿਲੀ ਭਾਸ਼ੀਆਂ ਨੇ ਹਿੰਦੀ ਰਾਸ਼ਟਰਵਾਦੀਆਂ ਨੂੰ ਨਿੰਦਣ ਲਈ 'ਹਿੰਦੀ ਸਾਮਰਜਵਾਦ' ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਸੀ। ਉਨ੍ਹਾਂ ਮੁਤਾਬਕ, ਮੈਥਿਲੀ ਦੇ ਇਕ ਉਪਾਸ਼ਕ ਦਾ ਕਹਿਣਾ ਸੀ, 'ਹਿੰਦੀ ਸਮੁੱਚੇ ਉੱਤਰੀ ਬਿਹਾਰ ਦੀ ਭਾਸ਼ਾ ਨੂੰ ਹਜ਼ਮ ਕਰ ਜਾਣਾ ਚਾਹੁੰਦੀ ਹੈ'। ਬ੍ਰਾਸ ਨੇ ਭੋਜਪੁਰੀ ਤੇ ਮਗਧੀ ਭਾਸ਼ਾਵਾਂ ਨੂੰ ਸੰਵਿਧਾਨਿਕ ਰੁਤਬੇ ਤੋਂ ਮਹਿਰੂਮ ਰੱਖੇ ਜਾਣ ਵਿਚ ਵੀ ਹਿੰਦੀ ਅੰਦੋਲਨ ਦੀ ਭੂਮਿਕਾ ਦਾ ਜ਼ਿਕਰ ਕੀਤਾ ਹੈ।

ਹਿੰਦੀ ਭਾਸ਼ਾ ਦੀ ਹਮਾਇਤ ਕਰਨ ਵਾਲੇ ਕੁਝ ਕੱਟੜਪੰਥੀਆਂ ਦੇ ਭਾਰਤ ਦੀਆਂ ਬਾਕੀ ਸਾਰੀਆਂ ਹੀ ਗ਼ੈਰ-ਹਿੰਦੀ ਭਾਸ਼ਾਵਾਂ ਦੇ ਵਿਰੋਧ ਦੀ ਇਹ ਉੱਘੜਵੀਂ ਮਿਸਾਲ ਹੈ ਕਿ ਅਜਿਹੇ ਭਗਤ ਅਤੇ ਸੰਵਿਧਾਨ ਸਭਾ ਦੇ ਮੈਂਬਰ ਰਵੀ ਸ਼ੰਕਰ ਸ਼ੁਕਲਾ ਨੇ ਕਿਸੇ ਵੀ ਗ਼ੈਰ-ਹਿੰਦੀ ਭਾਸ਼ਾ ਨੂੰ ਸੰਵਿਧਾਨਿਕ ਰੁਤਬਾ ਨਾ ਦਿੱਤੇ ਜਾਣ ਲਈ ਬਹੁਤ ਜ਼ੋਰ ਲਾਇਆ ਸੀ। ਇਹੋ ਉਹ ਰਵੱਈਆ ਸੀ ਜਿਸ ਨੇ ਸੰਵਿਧਾਨ ਸਭਾ ਦੇ ਕੁਝ ਗ਼ੈਰ-ਹਿੰਦੀ ਮੈਂਬਰਾਂ ਜਿਵੇਂ ਟੀਟੀ ਕ੍ਰਿਸ਼ਨਾਮਾਚਾਰੀ, ਸ੍ਰੀਮਤੀ ਦੁਰਗਾਬਾਈ/ਦੁਰਗਾਬਾਈ ਦੇਸ਼ਮੁਖ ਆਦਿ ਨੂੰ ਗ਼ੈਰ-ਹਿੰਦੀ ਭਾਸ਼ਾਵਾਂ ਨੂੰ ਸੰਵਿਧਾਨਿਕ ਮਾਨਤਾ ਦਿੱਤੇ ਜਾਣ ਲਈ ਅੜਨ ਵਾਸਤੇ ਮਜਬੂਰ ਕੀਤਾ। ਅਜਿਹੇ ਗ਼ੈਰ-ਹਿੰਦੀ ਭਾਸ਼ਾਈ ਗਰੁੱਪ ਭਾਵੇਂ ਆਪਣੀਆਂ ਭਾਸ਼ਾਵਾਂ ਨੂੰ ਸੰਵਿਧਾਨਿਕ ਰੁਤਬਾ ਦਿਵਾਉਣ ਵਿਚ ਤਾਂ ਕਾਮਯਾਬ ਹੋ ਗਏ ਪਰ ਉਹ ਹਿੰਦੀ ਨੂੰ 'ਸੰਘ ਦੀ ਸਰਕਾਰੀ ਭਾਸ਼ਾ' ਵਜੋਂ ਵਿਸ਼ੇਸ਼ ਰੁਤਬਾ ਮਿਲਣ ਤੋਂ ਨਾ ਰੋਕ ਸਕੇ।

ਗ੍ਰੈਨਵਾਈਲ ਆਸਟਿਨ ਨੇ ਭਾਰਤੀ ਸੰਵਿਧਾਨ ਬਾਰੇ ਆਪਣੇ ਉੱਤਮ ਦਰਜੇ ਦੇ ਅਧਿਐਨ ਵਿਚ ਇਸ ਸਾਰੇ ਮਾਮਲੇ ਦਾ ਬੜਾ ਵਧੀਆ ਸਾਰ ਇੰਜ ਪੇਸ਼ ਕੀਤਾ ਹੈ: ਭਾਰਤੀ ਇਤਿਹਾਸ ਦਾ ਇਹ ਇਕ ਅਫ਼ਸੋਸਨਾਕ ਇਤਫ਼ਾਕ ਸੀ ਕਿ ਹਿੰਦੋਸਤਾਨੀ ਉੱਤਰ ਭਾਰਤੀ ਭਾਸ਼ਾ ਸੀ ਅਤੇ ਇਸ ਨੂੰ ਉੱਤਰੀ ਭਾਰਤੀਆਂ ਜਿਵੇਂ ਨਹਿਰੂ, ਪ੍ਰਸਾਦ ਤੇ ਆਜ਼ਾਦ ਅਤੇ ਉੱਤਰ-ਮੁਖੀ ਗੁਜਰਾਤੀਆਂ ਜਿਵੇਂ ਗਾਂਧੀ ਤੇ ਪਟੇਲ ਵੱਲੋਂ ਬੜਾ ਖ਼ਾਸ ਰੁਤਬਾ ਦਿੱਤਾ ਗਿਆ ਸੀ।

ਦੱਸਣਯੋਗ ਹੈ ਕਿ ਹਿੰਦੀ, ਗ਼ੈਰ-ਹਿੰਦੀ ਟਕਰਾਅ ਆਮ ਕਰ ਕੇ ਉੱਤਰੀ ਅਤੇ ਦੱਖਣੀ ਭਾਰਤ ਵਿਚਕਾਰ ਦਿਖਾਇਆ ਜਾਂਦਾ ਹੈ। ਇਹ ਯਕੀਨਨ ਇਸ ਮੁੱਦੇ ਦਾ ਸਭ ਤੋਂ ਅਹਿਮ ਪਹਿਲੂ ਹੈ ਪਰ ਸਾਡੀ ਵਿਆਖਿਆ ਜ਼ਾਹਰ ਕਰਦੀ ਹੈ ਕਿ ਉੱਤਰੀ ਭਾਰਤ ਵਿਚ ਵੀ ਭਾਸ਼ਾ ਦੇ ਪੱਖੋਂ ਭਾਰੀ ਵੰਨ-ਸਵੰਨਤਾ ਹੈ। ਧਿਆਨ ਦੇਣ ਵਾਲੀ ਗੱਲ ਹੈ ਕਿ ਜੇ ਹਿੰਦੀ-ਪੱਖੀ ਪ੍ਰਚਾਰ ਤੇ ਵਕਾਲਤ ਵਿਚ ਨਰਮਾਈ ਨਾ ਆਈ, ਤਾਂ ਉੱਤਰ ਭਾਰਤ ਦੇ ਵੰਨ-ਸਵੰਨੀਆਂ ਭਾਸ਼ਾਵਾਂ ਬੋਲਣ ਵਾਲੇ ਖ਼ਿੱਤੇ ਵਿਚ ਹੋ ਰਿਹਾ ਵਿੱਦਿਆ ਦਾ ਪਸਾਰ ਅਤੇ ਬੁੱਧੀਜੀਵੀ ਵਰਗ ਦਾ ਉਭਾਰ ਅਜਿਹੀ ਸਮਰੱਥਾ ਰੱਖਦਾ ਹੈ ਕਿ ਇਹ ਦੇਸ਼ ਦੇ ਭਾਸ਼ਾਈ ਮੁੱਦੇ ਉਤੇ ਨਵੀਆਂ ਤੇ ਸੰਭਵ ਤੌਰ 'ਤੇ ਜ਼ਿਆਦਾ ਤਾਕਤਵਰ ਦੋਫਾੜਾਂ ਤੇ ਤਰੇੜਾਂ ਪੈਦਾ ਕਰ ਸਕਦਾ ਹੈ।

**-ਪ੍ਰੋ. ਪ੍ਰੀਤਮ ਸਿੰਘ**



# “ਆਤਮ-ਘਾਤ”

**ਅੰਮ੍ਰਿਤਪਾਲ ਸਿੰਘ ਧੁੰਨ**
(+91 88476-34854)

ਆਪਣੇ ਆਪ ਨੂੰ ਖਤਮ ਕਰਨ ਲਈ ਕੀਤਾ ਗਿਆ ਕੋਈ ਵੀ ਕੰਮ, ਜੋ ਇਰਾਦਤਨ ਕੀਤਾ ਗਿਆ ਹੋਵੇ ਅਤੇ ਉਹ ਕੰਮ ਕਰਨ ਵਾਲੀ ਧਿਰ ਉਸ ਕੰਮ ਦੇ ਸੰਭਵ ਪਰਿਣਾਮ ਜਾਣਦੀ ਹੋਵੇ, ਤਾਂ ਉਹ ਕੰਮ ਆਤਮਹੱਤਿਆ ਦੀ ਕੋਟੀ ਵਿਚ ਆਵੇਗਾ। ਖ਼ੁਦਕੁਸ਼ੀ ਜਾਂ ਆਤਮ-ਹੱਤਿਆ ਜਾਂ ਸਵੈ-ਘਾਤ ਜਾਣਬੁੱਝ ਕੇ ਆਪਣੇ-ਆਪ ਦੀ ਮੌਤ ਨੂੰ ਅੰਜਾਮ ਦੇਣਾ ਹੁੰਦਾ ਹੈ। ਭਾਵੇਂ ਮਨੁੱਖ ਦੀ ਬੁਨਿਆਦੀ ਫਿਤਰਤ ਜ਼ਿੰਦਾ ਰਹਿਣ ਦੀ ਹੈ, ਪਰ ਫਿਰ ਵੀ ਕੁੱਝ ਹਾਲਾਤ ਦੌਰਾਨ ਆਤਮਘਾਤ ਵੱਲ ਜਾਣਾ ਅੱਜ ਦੇ ਸਮੇਂ ਆਮ ਹੈ। ਮੇਰੇ ਲਿਖਣ ਦਾ ਵਿਸ਼ਾ ਭਾਵੇਂ ਨਾਕਾਰਤਮਕ ਹੈ, ਪਰ ਇਸ ਨੂੰ ਜਾਨਣਾ ਵੀ ਜਰੂਰੀ ਹੈ, ਤਾਂ ਕਿ ਅਸੀਂ ਸਮਾਜ ਦੀਆਂ ਭਾਵਨਾਵਾਂ ਸਮਝ ਸਕੀਏ। ਕਿਉਂਕਿ ਇੱਕ ਸਮੇਂ ਮੈਂ ਖੁਦ ਵੀ ਇਸ ਦੌਰ ਵਿਚੋਂ ਗੁਜਰ ਚੁੱਕਾ ਹਾਂ, ਜਿਸ ਦੀ ਦਾਸਤਾਂ “ਮੇਰੀ ਆਤਮਹੱਤਿਆ ਦੀ ਨਾਕਾਮ ਕੋਸ਼ਿਸ਼” ਜਜ਼ਬਾਤੀ ਵੇਗ ਕਹਾਣੀ ਵਿਚ ਪਾਠਕਾਂ ਨਾਲ ਜਰੂਰ ਸਾਂਝੀ ਕਰਾਂਗਾ। ਉਸ ਤੋਂ ਪਹਿਲਾਂ ਆਤਮਹੱਤਿਆ ਨਾਲ ਸਬੰਧਿਤ ਕੁੱਝ ਤੱਥਾਂ ‘ਤੇ ਪੜਚੋਲ ਕਰ ਲਿਖਣ ਦੀ ਕੋਸ਼ਿਸ਼ ਕੀਤੀ। ਪਾਠਕਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅੱਜ ਮੈ ਆਪਣੀ ਜਿੰਦਗੀ ਤੋਂ ਬਹੁਤ ਖੁਸ਼ ਹਾਂ।

“ਕੀ ਪਤਾ ਅਸੀਂ ਕਿਸੇ ਨੂੰ ਆਤਮਹੱਤਿਆ ਵਰਗੇ ਕੰਮ ਤੋਂ ਬਚਾ ਸਕੀਏ। ਪਿਛਲੇ 50 ਸਾਲਾਂ ‘ਚ ਤਕਰੀਬਨ ਆਤਮਹੱਤਿਆ ਦੀ ਦਰ 60% ਵੱਧ ਚੁੱਕੀ ਹੈ। ਆਖਰ ਇਵੇਂ ਕਿਉ ਕੀਤਾ ਜਾਂਦਾ ਹੈ, ਲੋਕ ਆਪਣੇ ਆਪ ਨੂੰ ਮਾਰਨ ਦੀ ਕਿਉਂ ਸੋਚ ਰਹੇ ਹਨ। ਆਤਮਹੱਤਿਆ ਕਰਨ ਦੀ ਕੋਸ਼ਿਸ਼, ਪਰੇਸ਼ਾਨੀ ਜਾਂ ਸਮੱਸਿਆਵਾਂ ਨੂੰ ਖਤਮ ਕਰਨ ਦਾ ਜਰੀਆ ਹੈ, ਉਹ ਸਮੱਸਿਆ ਜਿਸ ਵਿੱਚੋਂ ਅਸੀਂ ਨਿਕਲਣ ਦੀ ਉਮੀਦ ਖੋ ਦੇਂਦੇ ਹਾਂ। ਅਜਿਹੀ ਸਮੱਸਿਆ ਜੋ ਸਾਨੂੰ ਅੰਦਰੋ ਅੰਦਰ ਖਤਮ ਕਰਦੀ ਹੈ। ਵੈਸੇ ਹਰ ਸਮੱਸਿਆ ਦਾ ਹੱਲ ਜਰੂਰ ਹੁੰਦਾ ਹੈ, ਹਰ ਮਨੁੱਖ ਕਦੇ ਨਾ ਕਦੇ ਅਜਿਹੇ ਹਾਲਾਤ ‘ਚੋਂ ਜਰੂਰ ਗੁਜ਼ਰਦਾ ਹੈ। ਪਰ ਜਿਆਦਾਤਰ ਲੋਕ ਉਸ ‘ਚੋਂ ਛੇਤੀ ਹੀ ਉੱਭਰ ਜਾਂਦੇ ਹਨ ।ਆਤਮਹੱਤਿਆ ਦੀ ਕੋਸ਼ਿਸ਼ ਉਹ ਲੋਕ ਕਰਦੇ ਹਨ ਜੋ ਇਸ ਹਨੇਰੀ ਸੋਚ ਜਾਂ ਉਨ੍ਹਾਂ ਅਜੀਬ ਖਿਆਲਾਂ ‘ਚ ਘਿਰੇ ਰਹਿੰਦੇ ਹਨ ਤੇ ਨਿਕਲ ਨਹੀਂ ਪਾਉਂਦੇ। ਆਤਮਹੱਤਿਆ ਦਾ ਮੁੱਖ ਕਾਰਨ ਜਜ਼ਬਾਤੀ ਪੀੜਾ ਹੈ ਭਾਵ ਜਦ ਸਾਡੀਆਂ ਭਾਵਨਾਵਾਂ ਦਰਦ ਨਾਲ ਭਰ ਜਾਦੀਆਂ ਹਨ। ਹੁਣ ਇਸ ਜਜ਼ਬਾਤੀ ਪੀੜਾ ਦੀ ਵਜ੍ਹਾ ਕੀ ਹੈ, ਉਹ ਹਰ ਮਨੁੱਖ ਤੇ ਅਲੱਗ-ਅਲੱਗ ਨਿਰਭਰ ਹਨ। ਤਣਾਅ ਆਤਮਹੱਤਿਆ ਦਾ ਸਭ ਤੋਂ ਵੱਡਾ ਕਾਰਨ ਹੈ ਜੋ ਲੋਕ ਤਣਾਅਪੂਰਨ ਰਹਿੰਦੇ ਹਨ, ਉਨ੍ਹਾਂ ਚ ਆਤਮਹੱਤਿਆ ਦੇ ਲੱਛਣ 32 ਫੀਸਦੀ ਵੱਧ ਜਾਂਦੇ ਹਨ। ਆਤਮਹੱਤਿਆ ਦੀ ਇੱਕ ਹੋਰ ਵਜ੍ਹਾ ਹੈ, ਸਾਡਾ ਸਮਾਜ। ਸਾਡੇ ਲੋਕ ਸਾਡੀਆਂ ਸਮੱਸਿਆਵਾਂ ਦੌਰਾਨ ਸਾਡਾ ਸਾਥ ਨਹੀ ਦਿੰਦੇ ਉਲਟ ਸਾਡੀਆਂ ਸਮਸਿਆਵਾਂ ਵਧਾਉਣ ਵਿੱਚ ਲੱਗ ਜਾਂਦੇ ਹਨ।ਹੈਰਾਨੀਜਨਕ ਗੱਲ ਹੈ ਕਿ ਮਰਦਾਂ ਵਿੱਚ ਔਰਤਾਂ ਨਾਲੋਂ ਆਤਮਹੱਤਿਆ ਕਰਨ ਦੇ ਜਿਆਦਾ ਵਿਚਾਰ ਪੈਂਦਾ ਹੁੰਦੇ ਹਨ, ਜਿਸ ਦਾ ਕਾਰਨ ਕਿ ਔਰਤਾਂ ਆਪਣੀ ਸਮੱਸਿਆਵਾਂ ਨੂੰ ਆਪਣੇ ਨਜ਼ਦੀਕੀਆਂ ਨਾਲ ਸਾਂਝਾ ਕਰ ਰੋ ਲੈਦੀਆਂ ਹਨ ਜਿਸ ਨਾਲ ਤਣਾਅ ਘੱਟਦਾ ਹੈ, ਪਰ ਮਰਦ ਰੋਣ ਵਿੱਚ ਔਰਤਾਂ ਨਾਲੋਂ ਪਿੱਛੇ ਹਨ। ਆਤਮਹੱਤਿਆ ਤੋਂ ਦੂਰ ਰਹਿਣ ਲਈ ਆਪਣੀਆਂ ਸਮੱਸਿਆਵਾਂ ਨੂੰ ਸਮਾਜਿਕ ਪ੍ਰਾਣੀਆਂ ਨਾਲ ਜਰੂਰ ਸਾਂਝਾ ਕਰੋ ਤਾਂ ਜੋ ਤੁਹਾਡੇ ਤਣਾਅ ਦਾ ਭਾਰ ਹਲਕਾ ਹੋ ਸਕੇ। ਆਤਮਹੱਤਿਆ ਬਹੁਤ ਵੱਡਾ ਵਿਸ਼ਾ ਹੈ, ਵਿਸਵ ਸਿਹਤ ਸੰਗਠਨ ਦਾ ਮੰਨਣਾ ਹੈ ਕਿ ਸੰਨ ੨੦੨੦ ਤੀਕਰ ਆਤਮਹੱਤਿਆ ਨਾਮਕ ਬਿਮਾਰੀ ਸੰਸਾਰ ਦੀ ਦੂਜੀ ਸਭ ਤੋਂ ਵੱਡੀ ਬਿਮਾਰੀ ਹੋਵੇਗੀ, ਜਿਸ ਨਾਲ ਮਨੁੱਖ ਮੌਤ ਦਰ ਵਧੇਗੀ। ਵਿਗਿਆਨ ਦਾ ਕਹਿਣਾ ਹੈ ਕਿ ਜਦ ਮਨੁੱਖ ਕਿਸੇ ਤਣਾਅ ਨੂੰ ਮਹਿਸੂਸ ਕਰਦਾ ਹੈ ਤਾਂ ਉਸ ਨੂੰ ਆਪਣੇ ਤਣਾਅ ਨਾਲ ਸਬੰਧਿਤ ਦੁੱਖ ਆਪਣੇ ਨਜ਼ਦੀਕੀਆਂ ਨਾਲ ਜਰੂਰ ਸਾਂਝਾ ਕਰਨਾ ਚਾਹੀਦਾ, ਜਿਸ ਨਾਲ ਆਤਮਹੱਤਿਆ ਵਰਗੀ ਬਿਮਾਰੀ ਤੋਂ ਬਚਾਅ ਹੋ ਸਕਦਾ ਹੈ। ਆਪਣੇ ਤਣਾਅ ਨੂੰ ਸਾਂਝਾ ਕਰਨ ਉਪਰੰਤ ਮਨੁੱਖ ਨਜ਼ਦੀਕੀ ਤੋਂ ਮਦਦ ਦੀ ਉਮੀਦ ਵੀ ਕਰਦਾ ਹੈ। ਆਤਮਹੱਤਿਆ ਨੂੰ ਅਸੀਂ ਹਰ ਤਰੀਕੇ ਨਾਲ ਰੋਕ ਸਕਦੇ ਹਾਂ, ਭਾਵ ਅਸੀਂ ਆਤਮਹੱਤਿਆ ਦਾ ਗ੍ਰਾਫ ਜੀਰੋ ਵੀ ਕਰ ਸਕਦੇ ਹਾਂ ਜੇਕਰ ਅਸੀਂ ਲੱਛਣਾਂ ਨੂੰ ਪਹਿਚਾਣੀਏ। ਮਨੁੱਖ ਦੀਆਂ ਭਾਵਨਾਵਾਂ ਨੂੰ ਸਮਝੋ, ਉਸ ਨੂੰ ਸਮਾਂ ਦੇਵੋ, ਉਸ ਨੂੰ ਹਰ ਹਾਲ ਇਹ ਸਮਝਾਓ ਕਿ ਉਹ ਇਕੱਲਾ ਨਹੀ ਹੈ, ਇਕੱਲਾਪਣ ਮਹਿਸੂਸ ਨਾ ਹੋਣ ਦੇਓ। ਉਸ ਮਨੁੱਖ ਨੂੰ ਜਦ ਇਨ੍ਹਾਂ ਦਾ ਅਹਿਸਾਸ ਹੋਵੇਗਾ ਤਾਂ ਉਹ ਤੁਹਾਡੇ ਨਾਲ ਹੋਰ ਵੀ ਸਮੱਸਿਆਵਾਂ ਨੂੰ ਸਾਂਝਾ ਕਰੇਗਾ। ਜਦ ਉਹ ਹੋਰ ਸਮੱਸਿਆਵਾਂ ਸਾਂਝਾ ਕਰੇਗਾ ਤਾਂ ਬਹੁਤ ਸਾਰੇ ਰਸਤੇ ਹਨ ਜਿਨ੍ਹਾਂ ਨਾਲ ਅਸੀਂ ਆਤਮਹੱਤਿਆ ‘ਤੇ ਕਾਬੂ ਕਰ ਸਕਦੇ ਹਾਂ। ਜਦ ਅਸੀਂ ਕਿਸੇ ਮਨੁੱਖ ਦਾ ਤਣਾਅ ਦੂਰ ਕਰਨ ਵਿਚ ਕਾਮਯਾਬ ਹੋਵਾਂਗੇ ਤਾਂ ਕਿਤੇ ਨਾ ਕਿਤੇ ਇਹ ਗੱਲ ਜਰੂਰ ਸਾਹਮਣੇ ਆਵੇਗੀ ਕਿ ਅਸੀਂ ਕਿਸੇ ਮਨੁੱਖ ਨੂੰ ਆਤਮਹੱਤਿਆ ਕਰਨ ਤੋਂ ਬਚਾਇਆ ਹੈ। ਜਦ ਸਮਾਜ ਜਾਂ ਸਾਡੀ ਜਿੰਦਗੀ ਵਿੱਚ ਕੋਈ ਮਾੜਾ ਵਖਤ ਹੋਵੇ ਤਾਂ ਮਰਨ ਨੂੰ ਜੀਅ ਕਰਦਾ ਪਰ ਜੇਕਰ ਕੱਲ੍ਹ ਕੁੱਝ ਸਮੇਂ ਬਾਅਦ ਸਭ ਕੁੱਝ ਸਮਾਨਅੰਤਰ ਹੋਵੇ ਤਾਂ ਇਸ ਦਾ ਮਤਲਬ ਕਿ ਸਾਡਾ ਫਿਰ ਤੋਂ ਜਿੰਦਗੀ ਮਾਨਣ ਦਾ ਵਖਤ ਹੈ, ਇਸ ਦੌਰਾਨ ਮਨੁੱਖ ਨੂੰ ਇਹ ਗੱਲ ਜਰੂਰ ਸਮਝਣੀ ਚਹੀਦੀ ਹੈ ਕਿ ਕੁਦਰਤ ਨੇ ਮਨੁੱਖ ਨੂੰ ਸਿਰਫ ਸੁੱਖ ਪ੍ਰਾਪਤ ਕਰਨ ਜਾਂ ਸਮਾਨਅੰਤਰ ਸਮਾਜ ਲਈ ਨਹੀਂ ਬਣਾਇਆ । ਮਨੁੱਖ ਨੂੰ ਕੁਦਰਤ ਨੇ ਦੁੱਖ ਸੁੱਖ ਤੇ ਉਤਾਅ ਚੜਾਅ ਦੋਨਾਂ ਲਈ ਹੀ ਪੈਦਾ ਕੀਤਾ ਹੈ। ਸੰਘਰਸ਼ ਜੋ ਹਰ ਮਨੁੱਖ ਦੀ ਜਿੰਦਗੀ ਦਾ ਪਹਿਲੂ ਹੈ, ਸੋ ਮਨੁੱਖ ਨੂੰ ਸੰਘਰਸ਼ ਕਰ ਆਪਣੀਆਂ ਸਮੱਸਿਆਵਾਂ ਦੂਰ ਕਰਨੀਆਂ ਚਾਹੀਦੀਆਂ ਹਨ, ਨਾ ਕਿ ਆਤਮਹੱਤਿਆ ਕਰ। ਕਾਇਰਤਾ ਦਿਖਾਉਂਦੇ ਹੋਏ ਜੀਵਨ ਲੀਲਾ ਸਮਾਪਤ ਕਰਨਾ ਕੁਦਰਤ ਤੇ ਸਮਾਜ ਦੇ ਨਿਯਮਾਂ ਦੇ ਖਿਲਾਫ ਹੈ।

# ਔਰਤ ਦੇ ਬਲੀਦਾਨ ਦੀ ਕਹਾਣੀ ਹੈ ਫਿਲਮ ‘ਆਸਰਾ’



4 ਅਕਤੂਬਰ ਨੂੰ ਰਿਲੀਜ਼ ਹੋ ਰਹੀ ਫਿਲਮ ‘ਆਸਰਾ’ ਔਰਤ ਦੀਆਂ ਭਾਵਨਾਵਾਂ, ਸੰਜਮ, ਸਹਿਣਸ਼ੀਲਤਾ ਅਤੇ ਪਿਆਰ ਦੀ ਗੱਲ ਕਰਦੀ ਸਮਾਜਿਕ ਰਿਸ਼ਤਿਆਂ ਨਾਲ ਜੁੜੀ ਇੱਕ ਖੂਬਸੂਰਤ ਫ਼ਿਲਮ ਹੈ ਜਿਸ ਨੂੰ ਦਿੱਵਿਆ ਜੋਤੀ ਮੂਵੀਜ਼ ਇੰਟਰਟੇਨਮੈਂਟਸ ਦੇ ਬੈਨਰ ਨਾਲ ਨਿਰਮਾਤਾ ਰਾਜ ਕੁਮਾਰ ਵਲੋਂ ਬਣਾਇਆ ਗਿਆ ਹੈ। ਬਲਕਾਰ ਸਿੰਘ ਇਸ ਫ਼ਿਲਮ ਦਾ ਲੇਖਕ ਅਤੇ ਨਿਰਦੇਸ਼ਕ ਵੀ ਹੈ।

ਇਸ ਫ਼ਿਲਮ ਵਿਚ ਗੁੱਗੂ ਗਿੱਲ ਨੇ ਮੁੱਖ ਭੂਮਿਕਾ ਨਿਭਾਈ ਹੈ ਜਿਸ ਨਾਲ ਟੀ.ਵੀ.ਸ਼ੋਅ ‘ਖ਼ਤਰੋਂ ਕਾ ਖਿਲਾੜੀ’ ਫੇਮ ਰਾਣੀ ਚੈਟਰਜੀ ਪਹਿਲੀ ਵਾਰ ਪੰਜਾਬੀ ਪਰਦੇ ‘ਨਜ਼ਰ ਆਵੇਗੀ। ਇਸ ਤੋਂ ਇਲਾਵਾ ਟੀਨੂੰ ਵਰਮਾ, ਰਾਜਕੁਮਾਰ, ਹਰਮੀਤ ਸਾਂਘੀ,ਗੁਰਪਾਲ ਸਿੰਘ, ਸ਼ੁਭਮ ਕਸ਼ਯਪ, ਪੁਨੀਤ ਚੰਦ,ਸੀਮਾ ਸ਼ਰਮਾ,ਅਸ਼ੋਕ ਮਲਹੋਤਰਾ,ਅਮਰੀਕ ਰੰਧਾਵਾ,ਬਾਲ ਕਲਾਕਾਰਾਂ ਨੇ ਵੀ ਸ਼ਾਨਦਾਰ ਅਭਿਨੈ ਕੀਤਾ ਹੈ। ਇਸ ਫ਼ਿਲਮ ਦੀ ਫੋਟੋਗ੍ਰਾਫ਼ੀ ਦੇਵੀ ਸ਼ਰਮਾ ਨੇ ਕੀਤੀ ਹੈ। ਫਿਲਮ ਦਾ ਐਕਸ਼ਨ ਬਾਲੀਵੱਡ ਦੇ ਨਾਮੀਂ ਮਾਸਟਰ ਟੀਨੂੰ ਵਰਮਾ ਨੇ ਦਿੱਤਾ ਹੈ।

ਸੰਗੀਤਕਾਰ ਡੀ. ਐਚ ਹਾਰਮੋਨੀ ,ਮਿਊਜ਼ਿਕ ਬੁਆਏ ,ਪੈਰੀ ਦੀਪ ਅਤੇ ਜਗਜੀਤ ਸੰਧੂ ਦੇ ਨਿਰਦੇਸ਼ਨ ਹੇਠ ਇਸ ਫ਼ਿਲਮ ਦੇ ਗੀਤ ਗਾਏ ਹਨ ਮਾਸਟਰ ਸਲੀਮ, ਲਹਿੰਬਰ ਹੁਸੈਨਪੁਰੀ, ਰਾਜਨ ਬਾਲੀ ,ਰੁਪਾਲੀ ਜੱਗਾ ਅਤੇ ਟਾਇਟਲ ਗੀਤ “ਸ਼ੁਕਰਾਨਾ” ਨੂੰ ਗਾਇਆ ਹੈ ਗਾਇਕਾ ਜਸਪਿੰਦਰ ਨਰੂਲਾ ਨੇ।ਇਸ ਟਾਈਟਲ ਗੀਤ ਦੇ ਬੋਲ ਲਿਖੇ ਹਨ ਦਲਜੀਤ ਅਰੋੜਾ ਨੇ ਅਤੇ ਸੰਗੀਤ ਡੀ.ਐੱਚ ਹਰੋਮਨੀ ਦਾ ਹੈ।

ਫਿਲਮ ਦੇ ਨਿਰਮਾਤਾ ਰਾਜ ਕੁਮਾਰ ਪਿਛਲੇ ਕਈ ਸਾਲਾਂ ਤੋਂ ਪੰਜਾਬੀ ਰੰਗਮੰਚ ਅਤੇ ਫਿਲਮ ਸਰਗਰਮੀਆਂ ਨਾਲ ਜੁੜੇ ਹੋਏ ਹਨ। ‘ਆਸਰਾ’ ਫਿਲਮ ਬਾਰੇ ਉਨ੍ਹਾਂ ਕਿਹਾ ਕਿ ਮੇਰੀ ਬਹੁਤ ਚਿਰਾਂ ਤੋਂ ਕੋਸ਼ਿਸ਼ ਸੀ ਕਿ ਕੋਈ ਚੰਗੀ ਫਿਲਮ ਬਣਾਵਾਂ ਜੋ ਸਮਾਜ ਲਈ ਇੱਕ ਚੰਗਾ ਸੁਨੇਹਾ ਵੀ ਹੋਵੇ। ਮੈਨੂੰ ਆਸ ਹੈ ਕਿ ਦਰਸ਼ਕ ਮੇਰੀ ਇਸ ਕੋਸ਼ਿਸ਼ ਨੂੰ ਜਰੂਰ ਪਿਆਰ ਦੇਣਗੇ। ਇਸ ਫਿਲਮ ਨੂੰ ਬੇਹਤਰ ਬਣਾਉਣ ਲਈ ਸਾਡੀ ਟੀਮ ਨੇ ਹਰ ਸੰਭਵ ਕੋਸ਼ਿਸ ਕੀਤੀ ਹੈ। ਇਹ ਫਿਲਮ ਬੱਚਿਆਂ ਸਮੇਤ ਪੂਰੇ ਪਰਿਵਾਰ ਦੇ ਵੇਖਣ ਵਾਲੀ ਹੈ ਜੋ ਇੱਕ ਚੰਗੀ ਕਹਾਣੀ ਰਾਹੀਂ ਵਧੀਆ ਸੁਨੇਹਾ ਦੇਵੇਗੀ। ਇਹ ਫਿਲਮ ਔਰਤ ਦੀ ਭਾਵਨਾਵਾਂ, ਬਲੀਦਾਨ ਅਤੇ ਸੰਜਮ ਦੀ ਇੱਕ ਸੱਚੀ ਦਾਸਤਾਂ ਹੈ।

**- ਸੁਰਜੀਤ ਜੱਸਲ** 9814607737

# ਜੇ ਹੱਥ-ਪੈਰ ਕੰਬਦੇ ਤਾਂ ਹੋ ਜਾਓ ਸਾਵਧਾਨ ! ਹੋ ਸਕਦੀ ਗੰਭੀਰ ਬਿਮਾਰੀ

**ਚੰਡੀਗੜ੍ਹ/ਏਟੀ ਨਿਊਜ਼ :** ਕਈ ਲੋਕਾਂ ਨੂੰ ਹੱਥ-ਪੈਰ ਕੰਬਣ ਦੀ ਸਮੱਸਿਆ ਹੁੰਦੀ ਹੈ। ਬਹੁਤੇ ਲੋਕ ਤਾਂ ਇਸ ਨੂੰ ਨਜ਼ਰਅੰਦਾਜ਼ ਕਰਦੇ ਹਨ। ਪਰ ਇਹ ਕਰਨਾ ਠੀਕ ਨਹੀਂ, ਕਿਉਂਕਿ ਹੱਥਾਂ-ਪੈਰਾਂ ਦਾ ਕੰਬਣਾ ਇੱਕ ਗੰਭੀਰ ਸਮੱਸਿਆ ਹੋ ਸਕਦੀ ਹੈ।

**ਸ਼ੂਗਰ-** ਜੇ ਹੱਥ-ਪੈਰ ਕੰਬਦੇ ਹਨ ਤਾਂ ਇਹ ਸ਼ੂਗਰ ਦੀ ਸਮੱਸਿਆ ਹੋ ਸਕਦੀ ਹੈ। ਘੱਟ ਬਲੱਡ ਪਰੈਸ਼ਰ ਦੀ ਵਜ੍ਹਾ ਕਰਕੇ ਵੀ ਹੱਥਾਂ-ਪੈਰਾਂ ਵਿੱਚ ਕੰਪਨ ਹੋਣ ਲੱਗਦਾ ਹੈ। ਬਲੱਡ ਸ਼ੂਗਰ ਘੱਟ ਹੋਣ ਕਰਕੇ ਸਰੀਰ ਦਾ ਦਬਾਅ ਪੱਧਰ ਵਧਣ ਨਾਲ ਅਜਿਹਾ ਹੁੰਦਾ ਹੈ।

**ਹਾਈ ਵਲੱਡ ਪਰੈਸ਼ਰ-** ਹਾਈ ਬਲੱਡ ਪਰੈਸ਼ਰ ਰੋਗੀਆਂ ਦਾ ਬਲੱਡ ਸਰਕੂਲੇਸ਼ਨ ਵਧ ਜਾਂਦਾ



ਹੈ। ਇਸ ਵਜ੍ਹਾ ਨਾਲ ਹੱਥ-ਪੈਰ ਕੰਬਣ ਲੱਗਦੇ ਹਨ। ਇਸ ਸਥਿਤੀ ਵਿੱਚ ਬਲੱਡ ਪਰੈਸ਼ਰ ਚੈੱਕ ਕਰਵਾਉਣਾ ਚਾਹੀਦਾ ਹੈ।

**ਟਿਊਮਰ-** ਜੇ ਤੁਹਾਡੇ ਹੱਥ-ਪੈਰ ਕੰਬਦੇ ਹਨ ਤਾਂ ਇੱਕ ਵਾਰ ਟੈਸਟ ਜ਼ਰੂਰ ਕਰਵਾ ਲਓ ਕਿਉਂਕਿ ਦਿਮਾ.ਗ ਵਿੱਚ ਨਿਊਰੋਟਰਾਂਸਮੀਟਰ ਕੈਮੀਕਲ ਲੀਕ ਹੋਣ ਕਰਕੇ ਵੀ ਹੱਥ-ਪੈਰ ਕੰਬਣ ਲੱਗਦੇ ਹਨ।

**ਸਟ੍ਰੋਕ** -ਸਟ੍ਰੋਕ ਦੀ ਸਮੱਸਿਆ ਕਰਕੇ ਬਲੱਡ ਸਰਕੂਲੇਸ਼ਨ ਵਿਗੜ ਜਾਂਦਾ ਹੈ, ਇਸ ਵਜ੍ਹਾ ਕਰਕੇ ਵੀ ਹੱਥ-ਪੈਰ ਕੰਬਣ ਦੀ ਸਮੱਸਿਆ ਹੋ ਜਾਂਦੀ ਹੈ।

**ਅਨੀਮੀਆ-** ਜਿਨ੍ਹਾਂ ਲੋਕਾਂ ਦੇ ਹੱਥਾਂ-ਪੈਰਾਂ ਵਿੱਚ ਕੰਪਨ ਹੁੰਦੀ ਹੈ, ਉਨ੍ਹਾਂ ਨੂੰ ਅਨੀਮੀਆ ਦੀ ਵੀ ਸ਼ਿਕਾਇਤ ਹੋ ਸਕਦੀ ਹੈ। ਅਨੀਮੀਆ ਰੋਗੀਆਂ ਦੇ ਸਰੀਰ ਵਿੱਚ ਖ਼ੂਨ ਦੀ ਕਮੀ ਕਰਕੇ ਕਮਜ਼ੋਰੀ ਹੋਣ ਲੱਗਦੀ ਹੈ। ਇਸ ਲਈ ਹੱਥ-ਪੈਰ ਕੰਬਣ ਲੱਗਦੇ ਹਨ।

# ‘ਗਰਮ ਨਿੰਬੂ ਪਾਣੀ’ ਸਿਹਤ ਲਈ ਗੁਣਕਾਰੀ

ਸਭ ਤੋਂ ਪਹਿਲਾਂ ਸਵੇਰ ਦੇ ਸਮੇਂ ਜ਼ਿਆਦਾਤਰ ਲੋਕ ਆਪਣੇ ਦਿਨ ਦੀ ਸ਼ੁਰੂਆਤ ਕੌਫੀ ਜਾਂ ਚਾਹ ਨਾਲ ਕਰਦੇ ਹਨ ਪਰ ਕੀ ਤੁਸੀਂ ਜਾਣਦੇ ਹੋ ਕਿ ਸਵੇਰੇ ਉੱਠ ਕੇ ਗਰਮ ਨਿੰਬੂ ਪਾਣੀ ਨਾਲ ਵੀ ਤੁਹਾਡੇ ਸਰੀਰ ਨੂੰ ਬੇਹੱਦ ਫਾਇਦੇ ਪਹੁੰਚਦੇ ਹਨ। ਤੁਸੀਂ ਗਰਮ ਪਾਣੀ ਵਿਚ ਨਿੰਬੂ ਦੀ ਕੁਝ ਬੂੰਦਾਂ ਪਾ ਕੇ ਇਸ ਹੈਲਦੀ ਡਰਿੰਕ ਨੂੰ ਆਪਣੇ ਦਿਨ ਦਾ ਹਿੱਸਾ ਬਣਾ ਸਕਦੇ ਹੋ। ਗਰਮ ਪਾਣੀ ਵਿਚ ਨਿੰਬੂ ਮਿਲਾ ਕੇ ਪੀਣ ਨਾਲ ਹੋਣ ਵਾਲੇ ਫਾਇਦੇ ਤੁਹਾਨੂੰ ਚਾਹ ਅਤੇ ਕੌਫੀ ਤੋਂ ਦੂਰੀ ਬਣਾਉਣ ਲਈ ਮਜਬੂਰ ਕਰ ਦੇਣਗੇ। ਸਵੇਰੇ ਉੱਠ ਕੇ ਗੁਣਗੁਣੇ ਪਾਣੀ ਵਿਚ ਨਿੰਬੂ ਦੇ ਰਸ ਦੀ ਕੁਝ ਬੂੰਦਾਂ ਮਿਲਾ ਕੇ ਪੀਣਾ ਬਹੁਤ ਫਾਇਦੇਮੰਦ ਹੈ। ਦੱਸਣਯੋਗ ਹੈ ਕਿ ਨੈਸ਼ਨਲ ਇੰਸਟੀਚਿਊਟ ਆਫ ਨਿਊਟਰੀਸ਼ਨ ਦੀ ਰਿਪੋਰਟ ਮੁਤਾਬਕ 31 ਫੀਸਦੀ ਪੁਰਸ਼ ਅਤੇ 26 ਫੀਸਦੀ ਔਰਤਾਂ ਹਾਈਪਰਟੈਨਸ਼ਨ ਦਾ ਸ਼ਿਕਾਰ ਹੁੰਦੀਆਂ ਹਨ। ਇਸ ’ਤੇ ਕਾਬੂ ਕਰਨ ਲਈ ਇਕ ਸੁਪਰਫੂਡ ਨਿੰਬੂ ਹੈ। ਇਹ ਨਾ ਸਿਰਫ ਬਲੱਡ ਪ੍ਰੈਸ਼ਰ ਨੂੰ ਘੱਟ ਕਰਦਾ ਹੈ ਸਗੋਂ ਬਲੱਡ ਨਾੜੀਆਂ ਨੂੰ ਮੁਲਾਇਮ ਅਤੇ ਲਚਕੀਲਾ ਬਣਾਉਂਦਾ ਹੈ।



**ਗਰਮ ਨਿੰਬੂ ਪਾਣੀ ਪੀਣ ਨਾਲ ਹੋਣ ਵਾਲੇ ਫਾਇਦੇ :** ਪਾਚਨ ਵਿਚ ਮਦਦਗਾਰ: ਅਸੀਂ ਜੋ ਖਾਣਾ ਖਾਂਦੇ ਹਾਂ, ਉਹ ਫੂਡ ਪਾਈਪ ਦੇ ਜ਼ਰੀਏ ਪਾਸ ਹੁੰਦਾ ਹੈ। ਜਦੋਂ ਅਸੀਂ ਚੰਗੀ ਨੀਂਦ ਲੈ ਕੇ ਉੱਠਦੇ ਹਾਂ ਤਾਂ ਖਾਣੇ ਦੀ ਰਹਿੰਦ-ਖੂਹੰਦ ਫੂਡ ਪਾਈਪ ਵਿਚ ਫਸੇ ਰਹਿ ਜਾਂਦੀ ਹੈ ਅਤੇ ਗਰਮ ਨਿੰਬੂ ਪਾਣੀ ਪੀਣ ਨਾਲ ਰਹਿੰਦ-ਖੂਹੰਦ ਬਾਹਰ ਨਿਕਲ ਜਾਂਦੀ ਹੈ।

**ਭਾਰ ਘਟਾਉਣ ਵਿਚ ਮਦਦ:** ਗਰਮ ਨਿੰਬੂ ਪਾਣੀ ਮੈਟਾਬਲੀਜ਼ਮ ਵੀ ਵਧਾਉਂਦਾ ਹੈ ਅਤੇ ਫੈਟ ਬਰਨ ਹੁੰਦਾ ਹੈ, ਜਿਸ ਦੇ ਨਾਲ ਭਾਰ ਕੰਟਰੋਲ ਕਰਨ ਵਿਚ ਮਦਦ ਮਿਲਦੀ ਹੈ। ਜਦਕਿ ਸਵੇਰੇ ਉੱਠ ਕੇ ਚਾਹ ਜਾਂ ਕੌਫੀ ਪੀਣ ਨਾਲ ਸਰੀਰ ਵਿਚ ਕੋਲੈਸਟਰੋਲ ਦੀ ਮਾਤਰਾ ਤਾਂ ਵੱਧਦੀ ਹੈ ਹੀ, ਨਾਲ ਹੀ ਸ਼ੂਗਰ ਦੇ ਪੱਧਰ ’ਤੇ ਵੀ ਅਸਰ ਪੈਂਦਾ ਹੈ।

**ਖੂਬਸੂਰਤ ਸਕਿਨ:** ਨਿੰਬੂ ਵਿਚ ਵਿਟਾਮਿਨ-ਸੀ ਪਾਇਆ ਜਾਂਦਾ ਹੈ, ਇਸ ਨਾਲ ਤੁਹਾਡੀ ਸਕਿਨ ਹੈਲਦੀ ਹੁੰਦੀ ਹੈ। ਸਕਿਨ ਕੇਅਰ ਵਿਚ ਹਾਈਡਰੇਸ਼ਨ ਵੀ ਬਹੁਤ ਅਹਿਮ ਹੈ। ਸਵੇਰੇ ਗਰਮ ਨਿੰਬੂ ਪਾਣੀ ਪੀਣ ਨਾਲ ਜ਼ਹਿਰੀਲੇ ਪਦਾਰਥ ਬਾਹਰ ਨਿਕਲ ਜਾਂਦੇ ਹਨ ਅਤੇ ਸਕਿਨ ਵਿਚ ਨਿਖਾਰ ਆਉਂਦਾ ਹੈ।

**ਲੀਵਰ ਦੀ ਸਿਹਤ:** ਲੀਵਰ ਦੀ ਸਿਹਤ ਮੈਟਾਬਲੀਜ਼ਮ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੈ ਅਤੇ ਗਰਮ ਨਿੰਬੂ ਪਾਣੀ ਪੀਣ ਨਾਲ ਲੀਵਰ ਸਾਫ ਹੁੰਦਾ ਹੈ। ਲੀਵਰ ਪੂਰੀ ਰਾਤ ਸਰਗਰਮ ਰਹਿੰਦਾ ਹੈ ਅਤੇ ਸਵੇਰੇ ਗਰਮ ਨਿੰਬੂ ਪਾਣੀ ਪੀਣ ਨਾਲ ਲੀਵਰ ਦੀ ਐਨਰਜੀ ਰੀਸਟੋਰ ਹੁੰਦੀ ਹੈ।

# ਗੁਰੂ ਗ੍ਰੰਥ ਅਤੇ ਪੰਥ ਨੂੰ ਸਮਰਪਿਤ ਸਖਸ਼ੀਅਤ ਪ੍ਰਿੰ. ਸੁਰਿੰਦਰ ਸਿੰਘ

**ਇਕਵਾਕ ਸਿੰਘ ਪੱਟੀ**

ਕੁਦਰਤ ਦਾ ਇੱਕ ਸਿਧਾਂਤ ਹੈ ਕਿ ਕਿਤੇ ਵੀ ਦੋ ਵਿਅਕਤੀ ਇੰਨ ਬਿੰਨ ਇੱਕੋ ਜਿਹੇ ਨਹੀਂ ਹੋ ਸਕਦੇ ਅਤੇ ਇਹ ਕਹਾਵਤ ਵੀ ਪ੍ਰਚੱਲਿਤ ਹੈ ਕਿ, 'ਇੱਕੋ ਮਾਂ ਦੇ ਢਿੱਡੋਂ ਜਾਇਆਂ ਦੇ ਸੁਭਾਅ ਵੀ ਆਪਸ ਵਿੱਚ ਕਦੇ ਮੇਲ ਨਹੀਂ ਖਾਂਦੇ, ਇਸੇ ਗੱਲ ਦੀ ਪ੍ਰੋੜਤਾ ਗੁਰਬਾਣੀ ਅੰਦਰ ਵੀ ਕੀਤੀ ਗਈ ਹੈ ਜੇਹਾ ਕਿ ਗੁਰੂ ਫੁਰਮਾਣ ਹੈ: ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥ ਕੋਇ ਨ ਕਿਸ ਹੀ ਜੇਹਾ ਉਪਾਇਆ॥(ਮਾਰੂ ਮਹਲਾ 3, 1056)। ਅਜਿਹੀ ਹੀ ਸਿੱਖ ਸਖਸ਼ੀਅਤ ਦਾ ਜ਼ਿਕਰ ਕਰਨ ਜਾ ਰਿਹਾ ਹਾਂ, ਜਿਨ੍ਹਾਂ ਦਾ ਨਾਮ ਹੈ ਪ੍ਰਿੰ. ਸੁਰਿੰਦਰ ਸਿੰਘ। ਆਪ ਜੀ ਦਾ ਜਨਮ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਸ੍. ਅਜੀਤ ਸਿੰਘ ਦੇ ਗ੍ਰਹਿ ਵਿਖੇ ਮਿਤੀ 15 ਅਪ੍ਰੈਲ 1956 ਨੂੰ ਹੋਇਆ। ਗੁਰਮਤਿ ਦੀ ਗੁੜ੍ਹਤੀ ਆਪਣੇ ਨਾਨਕੇ-ਦਾਦਕੇ ਪਰਿਵਾਰ ਵਿੱਚੋਂ ਹੀ ਪ੍ਰਾਪਤ ਹੋਈ। ਅਰੰਭਿਕ ਸਕੂਲੀ ਸਿੱਖਿਆ ਆਪ ਜੀ ਨੇ ਐੱਸ. ਜੀ.ਐੱਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਗ੍ਰੈਜੂਏਸ਼ਨ ਦੀ ਡਿਗਰੀ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਤੋਂ ਪ੍ਰਾਪਤ ਕੀਤੀ। ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਤੋਂ ਆਪ ਜੀ ਨੇ ਦੋ-ਸਾਲਾ ਪੱਤਰ ਵਿਹਾਰ ਕੋਰਸ ਪਹਿਲੇ ਦਰਜੇ ਵਿੱਚ ਰਹਿ ਕੇ ਪੂਰਾ ਕੀਤਾ। ਸਿੱਖ ਵਿਦਵਾਨ ਪ੍ਰਿੰ. ਹਰਭਜਨ ਸਿੰਘ, ਸ੍. ਮਹਿੰਦਰ ਸਿੰਘ ਜੋਸ਼ ਅਤੇ ਹੋਰ ਬੁੱਧੀਜੀਵੀਆਂ ਦਾ ਆਪ ਜੀ ਦੇ ਜੀਵਨ ਤੇ ਖਾਸਾ ਪ੍ਰਭਾਵ ਪਿਆ ਅਤੇ ਆਪ ਜੀ ਨੇ ਮਨੁੱਖਤਾ ਨੂੰ ਕਰਮਕਾਂਡਾਂ, ਅੰਧਵਿਸ਼ਵਾਸ਼ਾਂ, ਜਾਦੂ-ਟੂਣਿਆਂ, ਵਹਿਮਾਂ-ਭਰਮਾਂ, ਧਰਮ ਦੇ ਨਾਂ ਤੇ ਕੀਤੇ ਜਾ ਰਹੇ ਅਡੰਬਰਾਂ ਵਿਰੁੱਧ ਜਾਗਰੂਕ ਕਰਨਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਆਪਣੇ ਜੀਵਨ ਦਾ ਮਕਸਦ ਬਣਾ ਲਿਆ। ਆਪ ਜੀ ਨੇ ਗੁਰਮਤਿ ਦੇ ਜਿਹੜੇ ਸਿਧਾਂਤਾਂ ਦਾ ਪ੍ਰਚਾਰ ਪ੍ਰਸਾਰ ਕਰਨ ਲਈ ਜੀਵਨ ਲਗਾਇਆ, ਉਹਨਾਂ ਨੂੰ ਆਪਣੇ ਜੀਵਨ ਅਤੇ ਆਪਣੇ ਪਰਿਵਾਰ ਪੁਰ ਲਾਗੂ ਵੀ ਕੀਤਾ।



ਇੱਕ ਸਫਲ ਬੁਲਾਰੇ ਵੱਜੋਂ ਆਪ ਜੀ ਨੇ ਵਿਸ਼ੇਸ਼ ਪਹਿਚਾਣ ਬਣਾਈ। ਧਰਮ ਪ੍ਰਚਾਰ ਖੇਤਰ ਦੀ ਗੱਲ ਕਰੀਏ ਜਾਂ ਉਨਾਂ ਦੇ ਅਧਿਆਪਨ ਦੇ ਖਿੱਤੇ ਦੀ ਹਰ ਖੇਤਰ ਵਿੱਚ ਉਨ੍ਹਾਂ ਨੇ ਸਫਲਤਾ ਦੇ ਝੰਡੇ ਗੱਡੇ ਹਨ। ਬਤੌਰ ਪ੍ਰਬੰਧਕ ਆਪ ਜੀ ਕੁਸ਼ਲਤਾ ਅੱਗੇ ਟਿੱਕ ਪਾਉਣਾ ਬਹੁਤ ਮੁਸ਼ਕਲ ਹੈ। ਅਕਾਲ ਗੁਰਮਤਿ ਸੰਗੀਤ ਅਕੈਡਮੀ ਅਤੇ ਨੇਤਰਹੀਣ ਸੰਗੀਤ ਵਿਦਿਆਲਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪ ਜੀ ਨੇ ਬਤੌਰ ਪ੍ਰਿੰਸੀਪਲ ਸੇਵਾਵਾਂ ਦਿੱਤੀਆਂ। ਸਾਲ 1995 ਵਿੱਚ ਸਿੱਖ ਮਿਸ਼ਨਰੀ ਕਾਲਜ, ਅਨੰਦਪੁਰ ਸਾਹਿਬ ਦੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਬਤੌਰ ਪ੍ਰਿੰਸੀਪਲ ਆਪਣੀਆਂ ਸੇਵਾਵਾਂ ਦੇ ਰਹੇ ਹਨ। ਕੇਵਲ ਧਾਰਮਿਕ ਖੇਤਰ ਵਿੱਚ ਹੀ ਨਹੀਂ, ਸਮਾਜਕ ਖੇਤਰ ਵਿੱਚ ਵੀ ਆਪ ਜੀ ਭਰਪੂਰ ਯੋਗਦਾਨ ਰਿਹਾ। ਇਹੀ ਕਾਰਣ ਸੀ ਕਿ ਚੋਣਾਂ ਭਾਵੇਂ ਕੌਂਸਲਰ ਦੀਆਂ ਸਨ ਜਾਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ, ਆਪ ਨੇ ਰਿਕਾਰਡ ਤੋੜ ਜਿੱਤਾਂ ਦਰਜ ਕੀਤੀਆਂ। ਸਾਲ 2011 ਤੋਂ ਆਪ ਸਿੱਖ ਪੰਥ ਦੀ ਸਿਰਮੌਰ ਸੰਸਥਾ 'ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੇ ਬਤੌਰ ਮੈਂਬਰ ਸੇਵਾਵਾਂ ਦਿੰਦੇ ਆ ਰਹੇ ਹਨ।

ਜ਼ਿੰਦਗੀ ਵਿੱਚਲੇ ਉਤਰਾਅ-ਚੜਾਅ, ਸਰੀਰਿਕ ਸਮੱਸਿਆਵਾਂ ਅਤੇ ਗੰਭੀਰ ਸਰੀਰਿਕ ਰੋਗਾਂ ਦੇ ਬਾਵਜੂਦ ਆਪ ਜੀ ਹਮੇਸ਼ਾਂ ਪੰਥ ਅਤੇ ਪੰਥ ਦੀ ਭਲਾਈ ਦੇ ਕਾਰਜਾਂ ਲਈ ਕਿਵੇਂ ਚੜ੍ਹਦੀ ਕਲਾ ਵਿੱਚ ਰਹਿੰਦੇ ਹੋਏ ਯਤਸ਼ੀਲ ਰਿਹਾ ਜਾ ਸਕਦਾ ਹੈ, ਸਾਡੇ ਸਾਰਿਆਂ ਲਈ ਪ੍ਰੇਰਣਾ ਸ੍ਰੋਤ ਹੈ।

ਆਪ ਜੀ ਨੇ ਹਰ ਦੁੱਖ-ਸੁੱਖ ਦੌਰਾਨ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਅਤੇ ਮਿਸਾਲੀ ਜੀਵਨ ਜੀਵਿਆ ਹੈ। ਆਪਣੇ ਵਿਦਿਆਰਥੀਆਂ ਲਈ ਆਪ ਹਮੇਸ਼ਾਂ ਹੀ ਰੋਲ ਮਾਡਲ ਬਣੇ ਰਹੇ ਹਨ।

# ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ।।

**ਮਾਸਟਰ ਨਿਰਮਲ ਸਿੰਘ ਲਾਲੀ**

ਇਸ ਸੰਕਲਪ ਨੂੰ ਸਦੀਆਂ ਹੀ ਬੀਤ ਗਈਆਂ ਪਰ ਕੌਮ ਇਸ ਸੰਕਲਪ ਨੂੰ ਪੂਰਾ ਕਰਨ ਲਈ ਇਕ ਕਦਮ ਵੀ ਨਹੀਂ ਤੁਰੀ, ਭਾਵ ਇਸ ਸੰਕਲਪ ਨੂੰ ਪ੍ਰਾਪਤ ਕਰਨ ਲਈ ਧਿਆਨ ਵੀ ਨਹੀਂ ਗਿਆ। ਇਸ ਸੰਕਲਪ ਨੂੰ ਪ੍ਰਾਪਤ ਕਰਨ ਲਈ ਸਭ ਤੋਂ ਪਹਿਲਾਂ ਗੁਰੂ ਸਾਹਿਬਾਨ ਜੀ ਦੀਆਂ ਸਿੱਖਿਆਵਾਂ 'ਤੇ ਚੱਲਣਾ ਹੋਵੇਗਾ, ਭਾਵ ਸਿੱਖ ਦਾ ਜੀਵਨ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਨੁਸਾਰ ਹੋਣਾ ਚਾਹੀਦਾ ਹੈ ਪਰ ਸਿੱਖ ਤਾਂ ਗੁਰਦੁਆਰਿਆਂ ਦੀਆਂ ਸਿੱਖਿਆਵਾਂ ਤੇ ਉਪਦੇਸ਼ਾਂ ਤੋਂ ਕੋਹਾਂ ਦੂਰ ਹੈ। ਸਿੱਖ ਧਰਮ ਵਿਚ ਸਿੱਖਣ ਦੀ ਬਹੁਤ ਮਹਾਨਤਾ ਹੈ। ਸਿੱਖ ਦਾ ਜੀਵਨ ਹੀ ਸਿੱਖਣ ਤੋਂ ਆਰੰਭ ਹੁੰਦਾ ਹੈ। ਪਰ ਅਸੀਂ ਸਿੱਖਣਾ ਕੁਝ ਚਾਹੁੰਦੇ ਹੀ ਨਹੀਂ। ਗੁਰੂ ਜੀ ਨੇ ਸਿੱਖ ਨੂੰ ਪਹਿਲੀ ਸਿੱਖਿਆ ਰਹਿਣੀ ਦੀ ਦਿੱਤੀ ਹੈ, ਭਾਵ ਸਿੱਖ ਕੇਸ ਦਾੜ੍ਹੀ ਰੱਖੇ ਅਤੇ ਅੰਮ੍ਰਿਤ ਛਕੇ। ਪਰ ਜੇ ਅੰਮ੍ਰਿਤ ਛਕ ਕੇ ਅਤੇ ਕੇਸ ਦਾੜ੍ਹੀ ਰੱਖ ਕੇ ਮਨੁੱਖ ਦੇ ਕੰਮ ਚੰਗੇ ਨਹੀਂ ਤਾਂ ਅੰਮ੍ਰਿਤ ਛਕਣ ਤੇ ਕੇਸ ਦਾੜ੍ਹੀ ਰੱਖਣ ਦਾ ਕੀ ਲਾਭ?

ਸਭ ਤੋਂ ਪਹਿਲਾਂ ਮਨੁੱਖ ਦੇ ਕੰਮ ਚੰਗੇ ਹੋਣੇ ਚਾਹੀਦੇ ਹਨ। ਭਾਵ ਮਨੁੱਖ ਮਾਨਵਵਾਦੀ ਤੇ ਪਰਉਪਕਾਰੀ ਹੋਣਾ ਚਾਹੀਦਾ ਹੈ। ਸਿੱਖੀ ਦਾ ਪਹਿਲਾ ਕਰਤਵ ਨਿਰਮਲ ਕਰਮ ਅਤੇ ਪ੍ਰਮਾਤਮਾ ਨੂੰ ਯਾਦ ਕਰਨਾ ਹੈ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਾਜ਼ੀਆਂ ਨੇ ਪੁੱਛਿਆ ਕਿ ਹਿੰਦੂ ਚੰਗਾ ਕਿ ਮੁਸਲਮਾਨ ਤਾਂ ਗੁਰੂ ਜੀ ਦਾ ਉਤਰ ਸੀ, ਕਿ ਸ਼ੁਭ ਅਮਲਾਂ ਤੋਂ ਬਿਨਾ ਦੋਵੇਂ ਹੀ ਠੀਕ ਨਹੀਂ ਹਨ।

ਸਿੱਖ ਕੌਮ ਲਈ ਸਿੱਖਣ ਵਾਲੀ ਪਹਿਲੀ ਗੱਲ ਇਹ ਹੈ ਕਿ ਕੌਮ ਵਿਚ ਏਕਤਾ ਹੋਵੇ। ਕੌਮ ਵਿਚ ਕਿਸੇ ਵੀ ਸੰਕਲਪ ਜਾਂ ਨਿਸ਼ਾਨੇ ਦੀ ਪ੍ਰਾਪਤੀ ਲਈ ਏਕਤਾ ਬਹੁਤ ਜ਼ਰੂਰੀ ਹੈ, ਜਿਹੜੀ ਕਿ ਸਿੱਖ ਕੌਮ ਵਿਚ ਨਹੀਂ, ਜਿਵੇਂ ਗੁਰੂ ਜੀ ਫਰਮਾਉਂਦੇ ਹਨ।

ਕੌਮ ਲਈ ਦੂਜੀ ਗੱਲ ਜਿਹੜੀ ਸਿੱਖਣ ਵਾਲੀ ਹੈ, ਉਹ ਇਹ ਹੈ ਕਿ ਨਾਮ ਜਪਣਾ, ਕਿਰਤ ਕਰਨੀ, ਵੰਡ ਛਕਣਾ। ਇਹ ਸਿੱਖ ਧਰਮ ਦਾ ਮੁਢਲਾ ਸਿਧਾਂਤ ਹੈ। ਇਸ ਵਿਚ ਕੋਈ ਸ਼ੱਕ ਨਹੀਂ, ਕੌਮ ਵਿਚ ਇਸ ਸਿਧਾਂਤ ਤੇ ਬਹੁਤ ਕੰਮ ਹੋ ਰਿਹਾ ਹੈ ਪਰ ਅਜੇ ਹੋਰ ਕਰਨ ਦੀ ਲੋੜ ਹੈ।

ਕੌਮ ਵਿਚ ਤੀਜੀ ਗੱਲ ਜਿਹੜੀ ਕਰਨ ਵਾਲੀ ਹੈ, ਉਹ ਇਹ ਹੈ ਕਿ ਸਿੱਖ ਦੀ ਕਹਿਣੀ ਤੇ ਕਰਨੀ ਇਕ ਹੋਣੀ ਚਾਹੀਦੀ ਹੈ ਜਿਸ ਦੀ ਕੌਮ ਵਿਚ ਬਹੁਤ ਵੱਡੀ ਘਾਟ ਹੈ। ਬਹੁਤੇ ਲੋਕਾਂ ਦੀ ਕਹਿਣੀ ਕਰਨੀ ਇਕ ਨਹੀਂ ਹੁੰਦੀ ਭਾਵ "ਸ਼ਕਲ ਮੋਮਨਾ ਕਰਤੂਤਿ ਕਾਫਰਾਂ" ਦੀ ਹੁੰਦੀ ਹੈ। ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਹ ਕੰਮ ਮਨੁੱਖ ਕਿਵੇਂ ਕਰੇ? ਇਨ੍ਹਾਂ ਕੰਮਾਂ ਦੀ ਪ੍ਰਾਪਤੀ ਲਈ ਇਹ ਜਰੂਰੀ ਹੈ ਕਿ ਮਨੁੱਖ ਪਹਿਲਾਂ ਮਨੁੱਖ ਬਣੇ। ਦੇਖਣ ਨੂੰ ਤਾਂ ਮਨੁੱਖ ਲਗਦਾ ਹੈ ਪਰ ਇਸ ਦੇ ਕੰਮ ਪਸ਼ੂਆਂ ਨਾਲੋਂ ਵੀ ਭੈੜੇ ਹਨ। ਮਨੁੱਖ ਨੂੰ ਮਨੁੱਖ ਬਣਨ ਲਈ ਆਪਣੇ ਆਪ ਨੂੰ ਸੁਆਰਨ ਦੀ ਲੋੜ ਹੈ, ਭਾਵ ਮਨੁੱਖ ਨੂੰ ਚਾਹੀਦਾ ਹੈ ਕਿ ਆਪਣੇ ਆਪ ਦੀ ਪੜਚੋਲ ਕਰਕੇ, ਆਪਣੇ ਔਗੁਣਾਂ ਤੇ ਗੁਣਾਂ ਦੀ ਪਰਖ ਕਰੇ, ਆਪਣੇ ਔਗੁਣਾਂ ਨੂੰ ਦੂਰ ਕਰਕੇ ਆਪਣੇ ਵਿਚ ਗੁਣ ਪੈਦਾ ਕਰੇ। ਇਹ ਗੁਣ ਕਿਵੇਂ ਪੈਦਾ ਕੀਤੇ ਜਾਣ? ਇਹ ਤਰੀਕਾ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਪ੍ਰਮਾਤਮਾ ਦਾ ਸਿਮਰਨ ਕਰਕੇ ਭਾਵ ਨਾਮ ਜਪ ਕੇ, ਕਿਉਂਕਿ ਨਾਮ ਜਪਣ ਨਾਲ ਮਨ ਸ਼ੁੱਧ ਹੋ ਜਾਂਦਾ ਹੈ, ਭਾਵ ਵਿਵੇਕ ਬੁੱਧੀ ਪ੍ਰਾਪਤ ਹੋ ਜਾਂਦੀ ਹੈ।

ਦੂਜਾ ਤਰੀਕਾ ਮਨੁੱਖ ਲਈ ਆਪਣੇ ਆਪ ਨੂੰ ਸੰਵਾਰਨ ਦਾ ਇਹ ਹੈ ਕਿ ਔਗੁਣਾਂ ਨੂੰ ਸਮਾਪਤ ਕਰਕੇ ਮਨੁੱਖੀ ਗੁਣਾਂ ਨੂੰ ਘੋਟਾ ਲਾ ਕੇ ਯਾਦ ਕੀਤਾ ਜਾਵੇ ਅਤੇ ਉਨ੍ਹਾਂ ਗੁਣਾਂ ਦੀ ਰੋਜ਼ਾਨਾ ਜੀਵਨ ਵਿਚ ਵਰਤੋਂ ਕੀਤੀ ਜਾਵੇ ਜਿਵੇਂ ਕੁਝ ਵਿਦਿਆਰਥੀ ਬੁੱਧੀਮਾਨ ਹੁੰਦੇ ਹਨ ਅਤੇ ਉਹ ਪੜ੍ਹਾਈ ਦਿਮਾਗ ਨਾਲ ਕਰਦੇ ਹਨ ਪਰ ਕੁਝ ਵਿਦਿਆਰਥੀ ਬੁੱਧੀਮਾਨ ਨਹੀਂ ਹੁੰਦੇ ਅਤੇ ਉਹ ਘੋਟਾ ਲਾ ਕੇ ਪੜ੍ਹਾਈ ਯਾਦ ਕਰ ਲੈਂਦੇ ਹਨ। ਕੁਝ ਯਾਦ ਰੱਖਣ ਯੋਗ ਗੱਲਾਂ : ਕਾਮ, ਕਰੋਧ, ਲੋਭ, ਅਹੰਕਾਰ ਤੇ ਈਰਖਾ ਤੋਂ ਬਚਣਾ, ਸਿਮਰਨ, ਸਹਿਣਸ਼ੀਲਤਾ, ਹਮਦਰਦੀ, ਦਇਆ, ਪਿਆਰ, ਸਤਿਕਾਰ ਦੇ ਧਾਰਨੀ ਬਣਨਾ। better alone than in a bad company. ਭੈੜੀ ਸੰਗਤ ਤੋਂ ਬਚਣਾ, ਗਲਤ ਕੰਮ ਨਾ ਕਰਨਾ। ਕਿਸੇ ਦਾ ਦਿਲ ਨਾ ਦੁਖਾਓ, ਕਿਸੇ ਨਾਲ ਧੋਖਾ ਨਾ ਕਰੋ। ਕਿਸੇ ਦਾ ਹੱਕ ਨਾ ਖਾਓ। ਪਰ ਇਨ੍ਹਾਂ ਵਿਚਾਰਾਂ 'ਤੇ ਪਹਿਰਾ ਦੇਣਾ ਸੌਖਾ ਨਹੀਂ, ਭਾਵ ਪੂਰਨ ਮਨੁੱਖ ਬਣਨਾ ਸੌਖਾ ਨਹੀਂ।

ਫਰਿਸ਼ਤੋਂ ਸੇ ਬਿਹਤਰ ਹੈ ਇਨਸਾਨ ਬਨਣਾ,<br>
ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ।

ਸਿੱਖ ਧਰਮ ਵਿਚ ਭਗਤੀ ਤੇ ਸ਼ਕਤੀ ਨੂੰ ਇਕੱਠਿਆਂ ਕੀਤਾ ਹੈ। ਇਸ ਲਈ ਰਾਜਨੀਤੀ ਨੂੰ ਧਰਮ ਦੇ ਅਨੁਸਾਰ ਚਲਾਇਆ ਜਾਵੇ। ਸਿੱਖ ਧਰਮ ਵਿਚ ਚਰਿੱਤਰ ਨੂੰ ਮਹਾਨਤਾ ਬਹੁਤ ਦਿੱਤੀ ਹੈ। Be a man, honest, humble, helpfull, respectfull, kind, diligent, responsible & sympathetic.

**ਗੁਰਪੁਰਬ ਤੇ ਗੁਰਗੱਦੀ ਦਿਵਸ ਵਿਸ਼ੇਸ਼**

# ਗੁਰੂ ਰਾਮਦਾਸ ਜੀ

## (ਸਤੰਬਰ 1574-1581)

**ਪ੍ਰਮਿੰਦਰ ਸਿੰਘ ਪ੍ਰਵਾਨਾ**

(510-781-0487)

ਗੁਰੂ ਰਾਮਦਾਸ ਜੀ ਦਾ ਸਮਾਂ ਸੰਨ 1534-1581 ਤੱਕ ਦਾ ਹੈ। ਹੰਮਾਯੂ ਸੰਨ 1530 ਵਿਚ ਮੁਗਲ ਬਾਦਸ਼ਾਹ ਬਣਿਆ। ਉਸ ਵੇਲੇ ਪੰਜਾਬ ਵਿਚ ਰਾਜਨੀਤਕ ਅਰਾਜਕਤਾ ਸੀ। ਅਕਬਰ ਅਕਤੂਬਰ 1556 ਵਿਚ ਮੁਗਲ ਬਾਦਸ਼ਾਹ ਬਣਿਆ, ਤਦ ਵੀ ਹਾਲਾਤ ਸੁਖਾਵੇਂ ਨਹੀਂ ਸਨ। ਗੁਰੂ ਰਾਮਦਾਸ ਜੀ ਉਸ ਸਮੇਂ ਗੁਰੂ ਅਮਰਦਾਸ ਜੀ ਦੀ ਸਰਪ੍ਰਸਤੀ ਹੇਠ ਗੋਇੰਦਵਾਲ ਵਿਖੇ ਸਿੱਖ ਪੰਥ ਦੀ ਸੇਵਾ ਕਰ ਰਹੇ ਸਨ। ਮੁਗਲ ਹਕੂਮਤ ਅਤੇ ਧਰਮਾਂ ਦੀ ਪੂਜਾ ਵਿਚ ਵੈਰ ਵਿਰੋਧ ਸੀ। ਸਾਰੇ ਧਰਮਾਂ ਵਿਚ ਵੰਡੀਆਂ ਪਈਆਂ ਸਨ। ਜਾਤ ਪਾਤ, ਧੜੇਬੰਦੀ, ਲੁੱਟ ਖਸੁੱਟ ਜ਼ੋਰਾਂ 'ਤੇ ਸੀ। ਗਿਆਨ ਵਿਹੂਣੇ ਲੋਕ ਭਟਕ ਰਹੇ ਸਨ। ਪਰ ਬਾਦਸ਼ਾਹ ਆਪ ਖੁਸ਼ਦਿਲੀ ਦਾ ਮਾਲਕ ਸੀ। ਸਿੱਖ ਧਰਮ ਲਈ ਸ਼ਾਂਤੀ ਅਤੇ ਵਿਕਾਸ ਦਾ ਸਮਾਂ ਸੀ। ਅਜਿਹੇ ਸਮੇਂ ਵਿਚ ਗੁਰੂ ਰਾਮਦਾਸ ਜੀ ਨੇ ਸੇਵਾ ਭਾਵਨਾ ਦੀ ਮਿਸਾਲ ਬਣ ਕੇ ਗੁਰਗੱਦੀ ਪ੍ਰਾਪਤ ਕੀਤੀ। ਪ੍ਰਚਲਤ ਝੂਠੇ ਕਰਮ-ਕਾਂਡਾਂ, ਰੀਤਾਂ ਰਸਮਾਂ ਦਾ ਵਿਰੋਧ ਕਰਕੇ ਇਕ ਸਾਂਝੇ ਸਮਾਜ ਦੀ ਉਸਾਰੀ ਲਈ ਹੰਭਲਾ ਮਾਰਿਆ।

ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ 24 ਸਤੰਬਰ 1534 ਨੂੰ ਪਿਤਾ ਹਰਿਦਾਸ ਤੇ ਮਾਤਾ ਅਨੂਪ ਦੇਵੀ/ਦਯਾ ਕੌਰ ਦੀ ਕੁੱਖੋਂ ਪਲੇਠੇ ਪੁੱਤਰ ਦੇ ਰੂਪ ਵਿਚ ਹੋਇਆ। ਉਨ੍ਹਾਂ ਦੇ ਪਿਤਾ ਚੂਨਾ ਮੰਡੀ ਲਾਹੌਰ ਵਿਚ ਇਕ ਸਧਾਰਨ ਦੁਕਾਨਦਾਰ ਸਨ। ਪਲੇਠਾ ਪੁੱਤਰ ਹੋਣ ਕਰਕੇ ਉਨ੍ਹਾਂ ਦਾ ਨਾਂ ਜੇਠਾ ਪ੍ਰਸਿੱਧ ਹੋਇਆ। ਆਪ ਸ਼ਰਧਾ, ਭਗਤੀ, ਸ਼ਾਂਤ, ਦਾਨੀ ਸੁਭਾਅ, ਸੁੰਦਰ ਸਰੂਪ ਅਤੇ ਤੀਖਣ ਬੁੱਧੀ ਦੇ ਮਾਲਕ ਸਨ। ਨਿੱਕੀ ਉਮਰੇ ਹੀ ਆਪ ਜੀ ਦੇ ਮਾਤਾ ਪਿਤਾ ਚਲਾਣਾ ਕਰ ਗਏ। ਆਪ ਜੀ ਦੀ ਨਾਨੀ ਉਨ੍ਹਾਂ ਨੂੰ ਪਿੰਡ ਬਾਸਰਕੇ ਲੈ ਆਈ ਜਿੱਥੇ ਆਪ ਘੁੰਙਣੀਆਂ ਵੇਚ ਕੇ ਪਰਿਵਾਰ ਦਾ ਗੁਜ਼ਾਰਾ ਚਲਾਉਂਦੇ। ਰੱਬ ਸਬੱਬੀਂ ਗੁਰੂ ਅਮਰਦਾਸ ਜੀ ਵੀ ਬਾਸਰਕੇ ਦੇ ਰਹਿਣ ਵਾਲੇ ਸਨ। ਭਾਈ ਜੇਠਾ ਜੀ ਦੀ ਪਹਿਲੀ ਮਿਲਣੀ ਗੁਰੂ ਅਮਰਦਾਸ ਜੀ ਨਾਲ ਬਾਸਰਕੇ ਹੀ ਹੋਈ। ਫਿਰ ਗੁਰੂ ਅਮਰਦਾਸ ਜੀ ਕੋਲ ਗੋਇੰਦਵਾਲ ਆ ਗਏ। ਗੁਜ਼ਾਰੇ ਲਈ ਘੁੰਙਣੀਆਂ ਹੀ ਵੇਚਦੇ ਰਹੇ। ਆਪਣਾ ਕੰਮ ਸ਼ਾਂਤ ਚਿੱਤ, ਮਿਹਨਤ, ਇਮਾਨਦਾਰੀ ਨਾਲ ਕਰਦੇ ਸਨ। ਲੋੜਵੰਦਾਂ ਨੂੰ ਮੁਫ਼ਤ ਹੀ ਵੰਡ ਦਿੰਦੇ ਸਨ। ਕਾਰ ਵਿਹਾਰ ਦੇ ਨਾਲ-ਨਾਲ ਗੁਰੂਘਰ ਵਿਚ ਸੇਵਾ ਸਿਮਰਨ ਤੇ ਸਤਿਸੰਗ ਵੀ ਕਰਦੇ। ਉਹ ਆਪਣੇ ਮਿੱਠੇ ਅਤੇ ਨਿਮਰਤਾ ਵਾਲੇ ਸੁਭਾਅ ਕਰਕੇ ਸੰਗਤਾਂ ਵਿਚ ਹਰਮਨ-ਪਿਆਰੇ ਹੋ ਗਏ। ਗੁਰੂ ਅਮਰਦਾਸ ਜੀ ਦੀ ਕ੍ਰਿਪਾ ਨਾਲ ਗੁਰੂਘਰ ਦੇ ਲੰਗਰਾਂ ਦੀ ਸੇਵਾ ਅਤੇ ਸੰਗਤਾਂ ਦੀ ਸੇਵਾ ਦੀ ਰੁਚੀ ਵਧਦੀ ਗਈ। ਉਹ ਮਧੁਰ ਸੁਰ ਵਿਚ ਗਾਉਂਦੇ ਅਤੇ ਤੰਤੀ ਸਾਜ਼ ਵੀ ਵਜਾਉਂਦੇ। ਇਸ ਤੋਂ ਇਲਾਵਾ ਉਹ 20 ਸਾਲ ਦੀ ਉਮਰ ਵਿਚ ਰਿਸ਼ਟ ਪੁਸ਼ਟ ਹੋ ਚੁੱਕੇ ਸਨ। ਗੁਰੂ ਅਮਰਦਾਸ ਜੀ ਭਾਈ ਜੇਠਾ ਜੀ ਦੇ ਸੁਭਾਅ, ਰਹਿਣੀ ਬਹਿਣੀ, ਬੋਲ ਚਾਲ, ਸੇਵਾ ਸਿਮਰਨ ਤੋਂ ਏਨੇ ਪ੍ਰਭਾਵਿਤ ਹੋਏ ਕਿ ਆਪਣੀ ਛੋਟੀ ਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ 18 ਫਰਵਰੀ 1554 ਨੂੰ ਉਨ੍ਹਾਂ ਨਾਲ ਕੀਤਾ। ਪਿਤਰੀ ਸਨੇਹ ਕਰਕੇ ਦੰਪਤੀ ਨੂੰ ਆਪਣੇ ਪਰਿਵਾਰ ਵਿਚ ਹੀ ਰੱਖ ਲਿਆ। ਆਪ ਜੀ ਦੇ ਤਿੰਨ ਸਾਹਿਬਜ਼ਾਦੇ ਪ੍ਰਿਥੀ ਚੰਦ, ਮਹਾਦੇਵ, ਅਤੇ ਅਰਜਨ (ਗੁਰੂ) ਜੀ ਸਨ। ਆਪ ਗੁਰੂਘਰ ਦੀ ਸੇਵਾ ਵਿਚ ਜੁਟੇ ਰਹੇ। ਉਨ੍ਹਾਂ ਨੇ ਗੁਰਸਿੱਖ ਜੀਵਨ ਨੂੰ ਸਮਝ ਲਿਆ ਸੀ। ਜਦੋਂ ਗੁਰੂ ਅਮਰਦਾਸ ਜੀ ਨੇ ਬਾਉਲੀ ਦਾ ਕੰਮ ਸ਼ੁਰੂ ਕੀਤਾ ਤਾਂ ਭਾਈ ਜੇਠਾ ਜੀ ਨੇ ਸਾਰਾ ਪ੍ਰਬੰਧ ਸੰਭਾਲ ਲਿਆ। ਆਪ ਕਾਰ ਸੇਵਾ ਕਰਦੇ, ਟੋਕਰੀ ਢੋਇਆ ਕਰਦੇ ਸਨ। ਲੋਕਾਚਾਰੀ ਅਤੇ ਰਿਸ਼ਤੇਦਾਰੀ ਤੋਂ ਉਪਰ ਉਠ ਕੇ ਸੇਵਾ ਕਰਦੇ ਰਹੇ, ਜਿਸ ਨਾਲ ਉਨ੍ਹਾਂ ਨੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਮੁਕਤੀ ਦਾ ਮਾਰਗ ਲੱਭਿਆ। ਗੁਰੂ ਅਮਰਦਾਸ ਜੀ ਉਨ੍ਹਾਂ ਦੀ ਨਿਸ਼ਕਾਮ, ਅਣਥੱਕ ਸੇਵਾ ਭਾਵਨਾ ਵੇਖ ਕੇ ਪ੍ਰਸੰਨ ਹੋਏ। ਇਸ ਤਰ੍ਹਾਂ ਭਾਈ ਜੇਠਾ ਜੀ ਗੁਰੂ ਅਮਰਦਾਸ ਜੀ ਦੀ ਕ੍ਰਿਪਾ ਅਤੇ ਵਿਸ਼ਵਾਸ਼ ਦੇ ਪਾਤਰ ਬਣ ਗਏ। ਜਦੋਂ ਅਕਬਰ ਦੇ ਦਰਬਾਰ ਵਿਚ ਹੋਰ ਜਾਤਿ ਅਭਿਮਾਨੀਆਂ ਨੇ ਗੁਰੂ ਅਮਰਦਾਸ ਜੀ ਦੀ ਸ਼ਿਕਾਇਤ ਕੀਤੀ ਤਾਂ ਅਕਬਰ ਨੇ ਗੁਰੂ ਸਾਹਿਬ ਜੀ ਨੂੰ ਤਲਬ ਕਰਨ ਦਾ ਹੁਕਮ ਦਿੱਤਾ। ਉਨ੍ਹਾਂ ਨੇ ਭਾਈ ਜੇਠਾ ਜੀ ਨੂੰ ਪੱਖ ਰੱਖਣ ਲਈ ਭੇਜਿਆ। ਭਾਈ ਜੇਠਾ ਜੀ ਨੇ ਪਹਿਲੇ ਤਿੰਨ ਗੁਰੂਆਂ ਦੀ ਬਾਣੀ ਘੋਖ ਕੀਤੀ ਹੋਈ ਸੀ। ਤਦ ਹੀ ਉਨ੍ਹਾਂ ਬੜੀ ਗੰਭੀਰਤਾ ਨਾਲ ਆਪਣੇ ਪੱਖ ਨੂੰ ਸ਼ਾਂਤੀ ਪੂਰਵਕ ਪੇਸ਼ ਕੀਤਾ ਕਿ ਸਾਡਾ ਮਨੋਰਥ ਲੋਕ ਭਲਾਈ ਦਾ ਹੈ। ਅਕਬਰ ਬਾਦਸ਼ਾਹ ਦੇ ਸਾਰੇ ਸ਼ੰਕੇ ਦੂਰ ਹੋ ਗਏ। ਸਾਰੇ ਦੋਸ਼ ਖਾਰਜ ਹੋ ਗਏ।

ਸੇਵਾ, ਭਗਤੀ, ਪ੍ਰੇਮ ਅਤੇ ਨਿਮਰਤਾ ਵਾਲੇ ਗੁਣ ਵੇਖ ਕੇ ਉਨ੍ਹਾਂ ਦੀ ਘਾਲਣਾ ਵੇਖ ਕੇ ਗੁਰੂ ਅਮਰਦਾਸ ਜੀ ਨੇ ਅਨੁਭਵ ਕਰ ਲਿਆ ਕਿ ਭਾਈ ਜੇਠਾ ਜੀ ਹੁਣ ਦੀਨ ਦੁਨੀਆ ਦਾ ਦਰਦ ਦੂਰ ਕਰਨ ਦੇ ਯੋਗ ਹਨ। ਤਦ 1 ਸਤੰਬਰ 1574 ਨੂੰ ਭਾਈ ਜੇਠਾ ਜੀ ਨੂੰ ਗੁਰੂ ਰਾਮਦਾਸ ਦਾ ਨਾਉਂ ਦੇ ਕੇ ਗੁਰਗੱਦੀ 'ਤੇ ਬਿਠਾਇਆ।

ਆਪ ਜੀ ਨੇ ਗੁਰਬਾਣੀ ਰਚਨਾ ਦੇ ਖੇਤਰ ਵਿਚ ਪਹਿਲੇ ਤਿੰਨ ਗੁਰੂਆਂ ਦੀ ਇਕੱਤਰ ਬਾਣੀ ਦਾ ਅਧਿਐਨ ਕੀਤਾ। ਆਪ ਗੁਰਬਾਣੀ ਦੇ ਉਤਾਰੇ ਤਿਆਰ ਕਰਦੇ ਰਹੇ, ਜਿਸ ਨਾਲ ਉਨ੍ਹਾਂ ਨੂੰ ਡੂੰਘੀ ਜਾਣਕਾਰੀ ਪ੍ਰਾਪਤ ਹੋਈ। ਉਨ੍ਹਾਂ ਨੇ ਆਪਣੇ ਆਪ ਨੂੰ ਸਿੱਖੀ ਜੀਵਨ ਵਿਚ ਢਾਲ ਲਿਆ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਵਿਚ ਉਨ੍ਹਾਂ ਦੇ 638 ਪਦੇ, 30 ਸੰਗੀਤਕ ਰਾਗਨੀਆਂ ਵਿਚ ਦਰਜ ਹਨ। ਜਿਵੇਂ, ਅਸ਼ਟਪਦੀਆਂ, ਛੰਤ, ਵਣਜਾਰਾ, ਕਰਹਲੇ, ਘੋੜੀਆਂ, ਲਾਵਾਂ, ਵਾਰਾਂ ਤੇ ਸੋਹਿਲੇ ਕਾਵਿਕ ਵੰਨਗੀਆਂ ਹਨ। ਉਨ੍ਹਾਂ ਦੇ 31 ਸਲੋਕ ਵਾਰਾਂ ਅਤੇ ਵਧੀਕ ਵਿਚ ਹਨ। ਆਪ ਜੀ ਦੀ ਰਚੀ ਗੁਰਬਾਣੀ ਰਾਜਨੀਤਕ ਕੁਰੀਤੀਆਂ ਦਾ ਸੰਕੇਤ ਦੇਂਦੀ ਹੈ, ਸਵੈ ਮਾਣ ਦਾ ਜੀਵਨ ਜਿਊਣ ਦੀ ਪ੍ਰੇਰਨਾ ਦਿੰਦੀ ਹੈ। ਮਨੁੱਖ ਆਪਣੇ ਕਰਮਾਂ ਕਰਕੇ ਜਾਣਿਆ ਜਾਂਦਾ ਹੈ ਨਾ ਕਿ ਜਾਤ ਨਾਲ। ਹਉਮੈ ਦਾ ਤਿਆਗ ਕਰਕੇ ਪ੍ਰਮਾਤਮਾ ਅਤੇ ਆਤਮ ਸਮਰਪਣ ਕਰਨਾ ਹੈ। ਗੁਰਮਤਿ ਦੀ ਸੋਝੀ ਨਾਲ ਮਨ ਦੀ ਮੈਲ ਦੂਰ ਹੁੰਦੀ ਹੈ। ਨਾਮੁ ਦਾਨ ਇਸ਼ਨਾਨ ਤੇ ਸੁੱਚੀ ਕਿਰਤ, ਵੰਡ ਕੇ ਛਕਣਾ ਸਿੱਖੀ ਦੇ ਮੀਰੀ ਗੁਣ ਹਨ। ਅਜਿਹੀ ਰਹਿਤ ਲਾਗੂ ਕੀਤੀ ਕਿ ਅੰਮ੍ਰਿਤ ਵੇਲੇ ਦਾ ਇਸ਼ਨਾਨ ਅਤੇ ਨਾਮੁ ਜਪਦੇ ਰਹਿਣਾ ਹੀ ਸਿੱਖ ਦਾ ਉੱਤਮ ਕਰਮ ਹੈ। ਜੋ ਨਾਮ ਜਪਦਾ ਹੈ ਉਹ ਧੰਨਤਾ ਦੇ ਯੋਗ ਹੈ। ਸੱਚ 'ਤੇ ਪਹਿਰਾ ਦੇਣ ਦਾ ਉਪਦੇਸ਼ ਹੈ। ਝੂਠੇ ਕਰਮ ਕਾਂਡਾਂ ਨੂੰ ਨਹੀਂ ਮੰਨਣਾ। ਸੇਵਾ ਦਾ ਮਾਰਗ ਮੁਕਤੀ ਦਾ ਮਾਰਗ ਪ੍ਰਮਾਤਮਾ ਨਾਲ ਮੇਲ ਦਾ ਰਸਤਾ ਹੈ।

ਗੁਰੂ ਅਮਰਦਾਸ ਜੀ ਨੇ ਸੰਨ 1570 ਭਾਈ ਜੇਠਾ ਜੀ ਅਤੇ ਬਾਬਾ ਬੁੱਢਾ ਜੀ ਨੂੰ ਉਸ ਅਸਥਾਨ 'ਤੇ ਭੇਜਿਆ, ਜਿਥੇ ਹੁਣ ਅੰਮ੍ਰਿਤਸਰ ਵਸਿਆ ਹੈ ਕਿ ਉਥੇ ਸਰੋਵਰ ਅਤੇ ਨਗਰ ਵਸਾਓ। ਆਪ ਜੀ ਨੇ ਪਹਿਲਾਂ ਸੰਤੋਖਸਰ ਦੀ ਖੁਦਾਈ ਕੀਤੀ। ਜਿਸ ਟਾਹਲੀ ਹੇਠ ਉਹ ਬੈਠਦੇ ਸਨ, ਉਥੇ ਗੁਰਦੁਆਰਾ ਟਾਹਲੀ ਸਾਹਿਬ ਬਣਿਆ ਹੈ।

ਗੁਰਗੱਦੀ ਤੋਂ ਕੁਝ ਚਿਰ ਪਹਿਲਾਂ ਗੁਰੂ ਰਾਮਦਾਸ ਜੀ ਨੇ ਸੰਨ 1574 ਵਿਚ ਪਿੰਡ 'ਗੁਰੂ ਕਾ ਚੱਕ' ਦੀ ਨੀਂਹ ਰੱਖੀ, ਜਿਸ ਦਾ ਨਾਉਂ ਰਾਮਦਾਸਪੁਰ ਜਾਂ ਚੱਕ ਰਾਮਦਾਸਪੁਰ ਹੋ ਗਿਆ। ਸੰਨ 1557 ਵਿਚ ਜਿਸ ਥਾਂ 'ਤੇ ਦਰਬਾਰ ਸਾਹਿਬ ਹੈ, ਨਗਰ ਵਸਾਉਣਾ ਸ਼ੁਰੂ ਕੀਤਾ। ਗੁਰੂ ਰਾਮਦਾਸ ਜੀ ਇਸ ਨਗਰੀ ਨੂੰ ਆਦਰਸ਼ਕ ਬਣਾਉਣਾ ਚਾਹੁੰਦੇ ਸਨ। ਵਸਨੀਕ ਸਿਰਫ਼ ਧਾਰਮਿਕ ਹੀ ਨਾ ਰਹਿ ਕੇ ਸਮਾਜਿਕ ਅਤੇ ਆਰਥਿਕ ਪੱਖੋਂ, ਰੁਜ਼ਗਾਰ ਪੱਖੋਂ ਖੁਸ਼ਹਾਲ ਹੋਣ। ਉਨ੍ਹਾਂ ਦੀ ਕ੍ਰਿਤ ਕਮਾਈ ਵਿਚ ਕੋਈ ਥੁੜ ਨਾ ਹੋਵੇ। ਆਪਸੀ ਮਿਲਵਰਤਨ, ਪ੍ਰੇਮ ਪਿਆਰ ਅਤੇ ਸਾਂਝੇ ਭਾਈਚਾਰਕ ਲੋਕ ਵਸਣ। ਉਨ੍ਹਾਂ ਵੱਖ-ਵੱਖ ਜਾਤਾਂ, ਫਿਰਕਿਆਂ ਦੇ ਵੱਖ-ਵੱਖ ਹੁਨਰ ਦੇ ਨਿਪੁੰਨ ਦਸਤਕਾਰਾਂ, ਕ੍ਰਿਤੀਆਂ ਨੂੰ ਵਸਾਇਆ ਜਿਨ੍ਹਾਂ ਨੇ ਸਮੂਹਕ ਤੌਰ 'ਤੇ ਇਕ ਬਾਜ਼ਾਰ ਦੇ ਰੂਪ ਵਿਚ ਵਪਾਰ ਨੂੰ ਵਧਾਇਆ। ਅੱਜ ਦਾ ਗੁਰੂ ਬਾਜ਼ਾਰ ਬਣਾਇਆ। ਸੰਨ 1577 ਵਿਚ ਗੁਰੂ ਰਾਮਦਾਸ ਜੀ ਨੇ ਦੁੱਖ ਭੰਜਨੀ ਬੇਰੀ ਦੀ ਥਾਂ 'ਤੇ ਅੰਮ੍ਰਿਤ ਸਰੋਵਰ ਦੀ ਖੁਦਵਾਈ ਆਰੰਭੀ। ਇਸ ਨੂੰ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ, ਜਿਸ ਦਾ ਨਾਉਂ ਅੰਮ੍ਰਿਤਸਰ ਨਗਰ ਪੈ ਗਿਆ। ਆਪ ਜੀ ਨੇ ਆਪਣੇ ਲਈ ਇਕ ਮਕਾਨ ਵੀ ਬਣਵਾਇਆ ਜਿਸ ਦਾ ਨਾਉਂ 'ਗੁਰੂ ਕੇ ਮਹਿਲ' ਪੈ ਗਿਆ।

ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਕਰਤਾਰਪੁਰ ਸਾਹਿਬ ਦੇ ਲੰਗਰਾਂ ਦੀ ਪ੍ਰਥਾ ਨੂੰ ਅੰਮ੍ਰਿਤਸਰ ਵਿਖੇ ਵੀ ਤਿਵੇਂ ਹੀ ਜਾਰੀ ਰੱਖਿਆ। ਸਰੋਵਰ ਦੇ ਵਿਚਕਾਰ ਹਰਿਮੰਦਰ ਬਣਾਉਣ ਦੀ ਯੋਜਨਾ ਬਣੀ। ਸ਼ਹਿਰ ਦੇ ਵਸੇਬੇ ਲਈ ਉਸਾਰੀ ਦੇ ਕੰਮ ਜਾਰੀ ਸਨ। ਇਨ੍ਹਾਂ ਖਰਚਿਆਂ ਨੂੰ ਪੂਰਾ ਕਰਨ ਲਈ ਮਾਇਆ ਦੀ ਲੋੜ ਸੀ। ਮਾਇਆ ਇਕੱਠੀ ਕਰਨ ਲਈ ਮਸੰਦ ਨਿਯੁਕਤ ਕੀਤੇ। ਜੋ ਮਾਇਆ ਇਕੱਠੀ ਕਰਦੇ ਤੇ ਕੇਂਦਰੀ ਖਜ਼ਾਨੇ ਵਿਚ ਜਮ੍ਹਾਂ ਕਰਵਾਉਂਦੇ। ਅੱਗੇ ਮਾਇਆ ਧਾਰਮਿਕ ਅਤੇ ਸਮਾਜਿਕ ਕਾਰਜਾਂ ਲਈ ਖਰਚ ਹੁੰਦੀ। ਧਰਮ ਪ੍ਰਚਾਰ ਦੀ ਜਿੰਮੇਵਾਰੀ ਵੀ ਮਸੰਦਾਂ ਕੋਲ ਸੀ, ਜੋ ਗੁਰੂ ਦਾ ਸੰਦੇਸ਼ ਸੰਗਤਾਂ ਤੱਕ ਪਹੁੰਚਾਉਂਦੇ।

ਸੱਚਖੰਡ ਵਾਪਸੀ ਦਾ ਸਮਾਂ ਜਾਣ ਕੇ ਗੁਰੂ ਰਾਮਦਾਸ ਜੀ ਨੇ ਗੁਰਗੱਦੀ ਦੀ ਚੋਣ ਆਪਣੇ ਤਿੰਨ ਸਾਹਿਬਜ਼ਾਦਿਆਂ ਵਿਚੋਂ ਕਰਨੀ ਸੀ। ਉਹ ਪਰਿਵਾਰ ਸਮੇਤ ਗੋਇੰਦਵਾਲ ਚਲੇ ਗਏ, ਕਿਉਂਕਿ ਪ੍ਰਿਥੀ ਚੰਦ ਦਾ ਗੁਰਗੱਦੀ ਦੇ ਹੱਕ ਵਿਚ ਵਿਰੋਧ ਜਾਰੀ ਸੀ। ਆਪ ਜੀ 1 ਸਤੰਬਰ, 1581 ਨੂੰ ਗੁਰਗੱਦੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਕੇ ਜੋਤੀ ਜੋਤ ਸਮਾ ਗਏ।

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ

**ਜਸਵਿੰਦਰ ਸਿੰਘ**

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਉ॥ (ਪੰਨਾ 1408)। ਭੱਟ ਮਥੁਰਾ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਵਿਦਮਾਨ ਇਸ ਪਾਵਨ ਪੰਗਤੀ ਵਿਚ ਬਿਆਨ ਕਰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਖੁਦ ਉਸ ਹਰਿ (ਅਕਾਲ ਪੁਰਖ) ਦੇ ਜੋਤਿ ਰੂਪ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਆਪ ਉਸ 'ਹਰਿ ਜੋਤਿ' ਦੇ ਸੰਪੂਰਨ ਰੂਪ ਸਨ। ਇਹ ਬਖਸ਼ਿਸ਼ ਉਨ੍ਹਾਂ ਨੂੰ ਧੁਰ ਤੋਂ ਹੀ ਪ੍ਰਾਪਤ ਹੋਈ ਸੀ। ਗੁਰੂ, ਸਰੀਰ ਜਾਂ ਕਾਇਆਂ ਨਹੀਂ ਬਲਕਿ ਅੰਦਰ ਵਰਤ ਰਹੀ ਪ੍ਰਮਾਤਮਾ ਦੀ ਜੋਤਿ ਹੀ ਗੁਰੂ ਹੈ। ਵਾਹਿਗੁਰੂ ਦੀ ਜੋਤਿ ਸਾਰੇ ਖੰਡਾਂ-ਬ੍ਰਹਿਮੰਡਾਂ ਵਿੱਚ ਜਗਮਗਾ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਪਾਵਨ ਗੁਰਬਾਣੀ ਅੰਦਰ ਇਸ ਸਬੰਧੀ ਇਸ ਤਰ੍ਹਾਂ ਫ਼ੁਰਮਾਨ ਕਰਦੇ ਹਨ:

ਸਭ ਮਹਿ ਜੋਤਿ ਜੋਤਿ ਹੈ ਸੋਇ।।॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ।। (ਪੰਨਾ 663)।

ਇਹ ਜੋਤਿ ਗੁਰੂ ਸਾਹਿਬਾਨ ਅੰਦਰ ਦਸ ਜਾਮਿਆਂ ਰਾਹੀਂ 1469 ਈਸਵੀ ਤੋਂ 1708 ਈਸਵੀ ਤਕ ਰੂਪਮਾਨ ਹੁੰਦੀ ਰਹੀ। ਸਿਰਫ ਸਰੀਰ ਜਾਂ ਕਾਇਆਂ ਹੀ ਬਦਲਦੀ ਰਹੀ, ਰੂਪ ਹੀ ਵਟਦਾ ਰਿਹਾ ਪਰ ਸਭ ਪਾਤਸ਼ਾਹੀਆਂ ਵਿਚ ਅਕਾਲ ਪੁਰਖ ਦੀ ਬਖਸ਼ਿਸ਼ 'ਗੁਰੂ ਜੋਤਿ' ਹੀ ਨਿਰੰਤਰ ਵਰਤਦੀ ਰਹੀ। ਇਸ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਸਰੂਪ ਹੋਏ। ਇਸ ਬਾਰੇ ਭਾਈ ਗੁਰਦਾਸ ਜੀ ਵਰਨਣ ਕਰਦੇ ਹਨ-

ਮਾਰਿਆ ਸਿਕਾ ਜਗਤਿ ਵਿਚਿ
ਨਾਨਕ ਨਿਰਮਲ ਪੰਥੁ ਚਲਾਇਆ।
ਥਾਪਿਆ ਲਹਿਣਾ ਜੀਂਵਦੇ ਗੁਰਿਆਈ
ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇ ਕੈ
ਸਤਿਗੁਰ ਨਾਨਕਿ ਰੂਪੁ ਵਟਾਇਆ। (ਵਾਰ 1:45)।

ਇਸ 'ਗੁਰੂ ਜੋਤਿ' ਦੀ ਜੁਗਤ ਦੇ ਵਰਤਾਅ ਬਾਰੇ ਭਾਈ ਨੰਦ ਲਾਲ ਜੀ ਗੋਯਾ ਆਪਣੀ ਫ਼ਾਰਸੀ ਦੀ ਪ੍ਰਸਿੱਧ ਰਚਨਾ 'ਜੋਤਿ ਬਿਗਾਸ' ਵਿਚ ਇਸ ਤਰ੍ਹਾਂ ਜ਼ਿਕਰ ਕਰਦੇ ਹਨ-

ਹਮੂ ਨਾਨਕ ਅਸਤੋ ਹਮੂ ਅੰਗਦ ਅਸਤ॥
ਹਮੂ ਅਮਰਦਾਸ ਅਫਜ਼ਲੋ ਅਮਜਦ ਅਸਤ ॥ 23॥

ਭਾਵ- ਸ੍ਰੀ ਗੁਰੂ ਨਾਨਕ ਦੇਵ ਜੀ ਵੀ ਓਹੀ ਹਨ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਵੀ ਓਹੀ ਹਨ, ਬਖਸ਼ਿਸ਼ ਅਤੇ ਵੱਡੀ ਵਡਿਆਈ ਦੇ ਮਾਲਕ ਸ੍ਰੀ ਗੁਰੂ ਅਮਰਦਾਸ ਜੀ ਵੀ ਓਹੀ ਆਪ ਹੀ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਦਮਾਨ ਭਾਈ ਸਤਾ ਜੀ ਤੇ ਭਾਈ ਬਲਵੰਡ ਜੀ ਦੀ ਪਾਵਨ ਵਾਰ ਅੰਦਰ ਵੀ ਇਸ ਸਿਧਾਂਤ ਦੀ ਪੁਸ਼ਟੀ ਮਿਲਦੀ ਹੈ:

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ।।॥
ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ ॥।। (ਪੰਨਾ 968)।

ਪ੍ਰਭੂ-ਸਿਮਰਨ ਨਾਲ ਜੋੜਦੇ ਹੋਏ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਿਆਰੇ ਗੁਰੂ-ਖਾਲਸੇ ਨੂੰ ਸੰਸਾਰ ਦੇ ਹੋਰ ਫੋਕਟ ਕਰਮਕਾਂਡਾਂ ਨੂੰ ਛੱਡ ਕੇ 'ਜਾਗਤ ਜੋਤਿ' ਅਕਾਲ ਪੁਰਖ ਨਾਲ ਜੁੜਨ ਦਾ ਉਪਦੇਸ਼ ਕਰਦੇ ਹਨ:

ਜਾਗਤਿ ਜੋਤਿ ਜਪੈ ਨਿਸਿ ਬਾਸੁਰ
ਏਕੁ ਬਿਨਾ ਮਨਿ ਨੈਕ ਨ ਆਨੈ।
ਪੂਰਨ ਪ੍ਰੇਮ ਪ੍ਰਤੀਤਿ ਸਜੈ,
ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ।
(ਅਸਫੋਟਕ ਕਬਿੱਤ)।

ਇਸ ਜੋਤਿ ਦੇ ਸੰਕਲਪ ਅਧੀਨ ਸਤਿਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਚਲਾਈ ਗਈ ਰੀਤ ਦਸ ਪੀੜ੍ਹੀਆਂ ਵਿਚ ਚੱਲੀ। ਦਸਾਂ ਪਾਤਸ਼ਾਹੀਆਂ ਵਿੱਚ ਓਹੋ ਸਤਿਗੁਰੂ ਨਾਨਕ ਪਾਤਸ਼ਾਹ ਜੀ ਵਾਲੀ 'ਜੋਤਿ ਅਤੇ ਜੁਗਤਿ' ਪ੍ਰਗਟ ਹੁੰਦੀ ਰਹੀ:

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ
ਫੇਰਿ ਪਲਟੀਐ ॥।। (ਪੰਨਾ 966)।

ਸ੍ਰੀ ਗੁਰੂ ਅੰਗਦ ਦੇਵ ਜੀ, ਭਾਈ ਲਹਿਣਾ ਜੀ ਦੇ ਰੂਪ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਆਏ। ਆਪ ਨੇ ਗੁਰੂ ਪਾਤਸ਼ਾਹ ਜੀ ਦੀ ਤਨੋਂ, ਮਨੋਂ ਐਸੀ ਸੇਵਾ ਕਮਾਈ ਕਿ ਆਪ ਗੁਰੂ ਜੀ ਦਾ ਹੀ ਰੂਪ ਹੋ ਗਏ। ਭਾਈ ਲਹਿਣਾ ਜੀ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਰੂਪ 'ਚ ਪ੍ਰਕਾਸ਼ਮਾਨ ਹੋਏ। ਸ੍ਰੀ ਗੁਰੂ ਅੰਗਦ ਦੇਵ ਜੀ ਬਾਰੇ ਐਸੀ ਭਾਵਨਾ ਦ੍ਰਿੜ੍ਹ ਕਰਨ ਉਪਰੰਤ ਹੀ ਉਨ੍ਹਾਂ ਦੀ ਮਹਾਨਤਾ ਸਮਝੀ ਜਾ ਸਕਦੀ ਹੈ।

ਭਾਈ ਲਹਿਣਾ ਜੀ ਦਾ ਜਨਮ 31 ਮਾਰਚ 1504 ਈਸਵੀ ਨੂੰ ਪਿਤਾ ਫੇਰੂ ਮੱਲ ਜੀ ਦੇ ਘਰ ਮਾਤਾ ਦਇਆ ਕੌਰ ਜੀ ਦੀ ਕੁੱਖੋਂ ਪਿੰਡ ਮੱਤੇ ਦੀ ਸਰਾਂ (ਅਜੋਕੇ ਜ਼ਿਲ੍ਹਾ ਮੁਕਤਸਰ ਸਾਹਿਬ) ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਚੰਗੇ ਧਨਾਢ ਤੇ ਉੱਘੇ ਪੁਰਸ਼ ਸਨ। ਉਹ ਦੁਕਾਨਦਾਰੀ ਕਰਦੇ ਸਨ। ਇਲਾਕੇ ਦੇ ਚੌਧਰੀ ਤਖ਼ਤ ਮੱਲ ਨੇ ਬਾਬਾ ਫੇਰੂ ਮੱਲ ਜੀ ਨੂੰ ਆਪਣਾ ਮੁਨਸ਼ੀ ਨੀਯਤ ਕਰ ਲਿਆ। ਫਿਰੋਜ਼ਪੁਰ ਦੇ ਮੁਸਲਮਾਨ ਹਾਕਮ ਨੇ ਵੀ ਆਪ ਜੀ ਨੂੰ ਲੇਖੇ-ਪੱਤੇ ਦੀ ਸੰਭਾਲ ਲਈ ਖਜ਼ਾਨਚੀ ਰੱਖ ਲਿਆ। ਬਾਬਾ ਫੇਰੂ ਮੱਲ ਜੀ ਸੁਭਾਅ ਤੇ ਵਤੀਰੇ ਕਰਕੇ ਚੌਧਰੀ ਤੇ ਹਾਕਮ ਦੇ ਕਾਰ-ਵਿਹਾਰ ਨੂੰ ਪੂਰੀ ਯੋਗਤਾ ਤੇ ਈਮਾਨਦਾਰੀ ਨਾਲ ਨਿਭਾਉਂਦੇ ਸਨ। ਸਮੇਂ ਦੇ ਹਾਲਾਤ ਕਾਰਨ ਬਾਬਾ ਫੇਰੂ ਮੱਲ ਜੀ ਨੇ ਇਥੋਂ ਆਪਣਾ ਟਿਕਾਣਾ ਪਿੰਡ ਹਰੀਕੇ ਪੱਤਣ ਕਰ ਲਿਆ। ਇਥੇ ਵੀ ਆਪ ਨੇ ਆਪਣੀ ਦੁਕਾਨਦਾਰੀ ਦੀ ਕਾਰ ਸ਼ੁਰੂ ਕੀਤੀ। ਇਸ ਸਮੇਂ ਆਪਣੇ ਪਿਤਾ ਜੀ ਨਾਲ ਭਾਈ ਲਹਿਣਾ ਜੀ ਵੀ ਕਾਰ-ਵਿਹਾਰ ਵਿਚ ਹੱਥ ਵਟਾਉਣ ਲੱਗ ਪਏ ਸਨ।

ਬਾਬਾ ਫੇਰੂ ਮੱਲ ਜੀ ਦੀ ਭੈਣ ਸ੍ਰੀ ਸਭਰਾਈ ਜੀ ਖਡੂਰ ਸਾਹਿਬ (ਅੰਮ੍ਰਿਤਸਰ ਸਾਹਿਬ) ਵਿਖੇ ਵਿਆਹੀ ਹੋਈ ਸੀ। ਖਡੂਰ ਸਾਹਿਬ ਨੇੜੇ ਹੀ ਪਿੰਡ ਸੰਘਰ ਸੀ। ਉਥੇ ਹੀ ਭਾਈ ਲਹਿਣਾ ਜੀ ਦਾ ਵਿਆਹ ਭਾਈ ਦੇਵੀ ਚੰਦ ਦੀ ਲੜਕੀ ਬੀਬੀ ਖੀਵੀ ਜੀ ਨਾਲ ਹੋ ਗਿਆ। ਆਪਣੇ ਪਿਤਾ ਬਾਬਾ ਫੇਰੂ ਮੱਲ ਜੀ ਦੇ ਦੇਹਾਂਤ ਤੋਂ ਬਾਅਦ ਉਨ੍ਹਾਂ ਵਾਂਗ ਹੀ ਹਰ ਸਾਲ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਜਾਂਦੇ। ਖਡੂਰ ਸਾਹਿਬ ਵਿਖੇ ਜਿਥੇ ਭਾਈ ਲਹਿਣਾ ਜੀ ਕਾਰ-ਵਿਹਾਰ ਕਰਦੇ ਸਨ, ਉਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਸਿੱਖ ਭਾਈ ਜੋਧ ਜੀ ਰਹਿੰਦਾ ਸੀ। ਦੋਹਾਂ ਦਾ ਅਕਸਰ ਆਪਸ ਵਿੱਚ ਮੇਲ-ਮਿਲਾਪ ਹੁੰਦਾ ਰਹਿੰਦਾ ਸੀ। ਉਸ ਪਾਸੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰਨ ਕੀਤੇ ਪਾਵਨ ਗੁਰਬਾਣੀ ਦੇ ਸ਼ਬਦ ਸਰਵਣ ਕਰਿਆ ਕਰਦੇ ਸਨ।



ਭਾਈ ਜੋਧ ਜੀ ਤੋਂ ਸਰਵਣ ਕੀਤੇ ਗੁਰੂ ਸ਼ਬਦਾਂ ਨੇ ਭਾਈ ਲਹਿਣਾ ਜੀ ਦੇ ਮਨ ਅੰਦਰ ਅਜਿਹੀ ਧੂਹ ਪਾਈ ਕਿ ਆਪ ਜੀ ਦੇਵੀ ਦੇ ਦਰਸ਼ਨ ਕਰਨ ਜਾਂਦੇ ਹੋਏ, ਰਸਤੇ ਵਿਚ ਪੈਂਦੇ ਕਰਤਾਰਪੁਰ (ਰਾਵੀ) ਜਾ ਠਹਿਰੇ। ਆਪ ਅਜਿਹੇ ਠਹਿਰੇ ਕਿ ਫਿਰ ਉਥੇ ਹੀ ਠਹਿਰ ਗਏ ਅਤੇ ਅੱਗੇ ਜਾਣ ਦੀ ਲਾਲਸਾ ਹੀ ਖ਼ਤਮ ਹੋ ਗਈ। ਦਿਲਾਂ ਦੀ ਖਿੱਚ ਨੇ ਇਕ-ਦੂਜੇ ਦੇ ਹੋਰ ਨੇੜੇ ਲੈ ਆਂਦਾ।

ਜਾਪਦਾ ਸੀ ਕਿ 'ਗੁਰੂ ਜੋਤਿ' ਦੀ ਇਲਾਹੀ ਦਾਤ ਨੂੰ ਲੈਣ ਵਾਲੇ ਨਾਲੋਂ ਦੇਣ ਵਾਲਾ ਜ਼ਿਆਦਾ ਕਾਹਲਾ ਸੀ। ਇਸ ਲਈ ਗੁਰੂ ਜੋਤਿ ਦੇ ਟਿਕਾਊ ਲਈ ਪਹਿਲਾਂ ਉਸ ਦੀ ਤਿਆਰੀ ਦੀ ਜ਼ਰੂਰਤ ਸੀ, ਭਾਵ ਕਾਇਆਂ ਨੂੰ ਅੰਦਰੋਂ-ਬਾਹਰੋਂ ਹਰ ਕਿਸੇ ਫੋਕਟ ਕਰਮਾਂ ਤੇ ਵਿਕਾਰਾਂ ਤੋਂ ਬਚਾ ਕੇ ਨਿਰਮਲ ਕਰਨਾ ਸੀ। ਇਸੇ ਕਰਕੇ ਗੁਰੂ ਪਾਤਸ਼ਾਹ ਜੀ ਨੇ ਭਾਈ ਲਹਿਣਾ ਜੀ ਦੇ ਕੁਝ ਐਸੇ ਇਮਤਿਹਾਨ ਲਏ ਜਿਵੇਂ -ਨਦੀਨ ਦੀ ਪੰਡ ਚੁੱਕਣੀ, ਚਿੱਕੜ ਵਿੱਚੋਂ ਕਟੋਰਾ ਕੱਢਣਾ, ਮੁਰਦਾਰ ਖਾਣ ਲਈ ਕਹਿਣਾ, ਸਿਆਲ਼ ਦੀ ਠੰਢੀ ਰਾਤ ਸਮੇਂ ਡਿੱਗੀ ਕੰਧ ਬਣਾਉਣੀ ਤੇ ਅੱਧੀ ਰਾਤੀਂ ਦਰਿਆ ਦੇ ਬਰਫਾਨੀ ਪਾਣੀ ਨਾਲ ਕੱਪੜੇ ਧੋਣ ਜਾਣਾ ਆਦਿ।

ਇਹ ਸਭ ਘਟਨਾਵਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਗੁਰਗੱਦੀ 'ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਉਨ੍ਹਾਂ ਦੇ ਹਿਰਦੇ ਅੰਦਰ ਗਰੀਬ ਲੋਕਾਂ ਲਈ ਪਿਆਰ, ਹੁਕਮ ਮੰਨਣਾ, ਰਜ਼ਾ ਵਿੱਚ ਰਾਜ਼ੀ ਰਹਿਣਾ ਤੇ ਨਿਮਰਤਾ ਆਦਿ ਜੈਸੇ ਗੁਣ ਪੈਦਾ ਹੋ ਜਾਣ। ਭਾਈ ਲਹਿਣਾ ਜੀ ਅੰਦਰ ਇਹ ਸਭ ਗੁਣ ਗੁਰੂ ਪਾਤਸ਼ਾਹ ਜੀ ਦੀ ਸੰਗਤ ਸਦਕਾ ਹੌਲੀ-ਹੌਲੀ ਪ੍ਰਵੇਸ਼ ਕਰ ਚੁੱਕੇ ਸਨ। ਇਨ੍ਹਾਂ ਸਭ ਗੁਣਾਂ ਕਰਕੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਖਿਆ- ਤੂੰ ਮੇਰਾ ਆਪਾ ਹੈਂ, ਤੂੰ ਮੇਰਾ ਅੰਗ ਹੈਂ, ਅੱਜ ਤੋਂ ਤੂੰ ਅੰਗਦ ਹੈਂ। ਅੱਜ ਤੋਂ ਤੇਰਾ ਨਾਮ ਤਬਦੀਲ, ਤੇਰਾ ਜੀਵਨ ਤਬਦੀਲ ਅਤੇ ਤੇਰਾ ਕਾਰਜ ਖੇਤਰ ਵੀ ਤਬਦੀਲ। ਇਸ ਸਬੰਧੀ ਭਾਈ ਗੁਰਦਾਸ ਜੀ ਬਿਆਨ ਕਰਦੇ ਹਨ-

ਗੁਰੁ ਅੰਗਦੁ ਗੁਰੁ ਅੰਗੁ ਤੇ ਗੁਰੁ ਚੇਲਾ ਚੇਲਾ ਗੁਰੁ ਭਾਇਆ।। (ਵਾਰ 26:34)।
ਗੁਰੁ ਅੰਗਦੁ ਗੁਰੁ ਅੰਗ ਤੇ ਗੰਗਹੁ ਜਾਣੁ ਤਰੰਗ ਉਠਾਇਆ।
(ਵਾਰ 24:25)।

ਇਸ ਤਰ੍ਹਾਂ ਜਦ ਪਰਖ ਪੂਰੀ ਹੋਈ ਤੇ ਸੋਨਾ ਕਸਵੱਟੀ 'ਤੇ ਖਰਾ ਸਿੱਧ ਹੋਇਆ ਤਾਂ ਉਹ ਗੁਰਤਾਗੱਦੀ ਦੇ ਵਾਰਸ ਬਣ ਗਏ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਸ੍ਰੀ ਗੁਰੂ ਅੰਗਦ ਸਾਹਿਬ ਬਣਾਉਣ ਸਮੇਂ ਇਕ ਕ੍ਰਾਂਤੀਕਾਰੀ ਅਮਲ ਕਰ ਵਿਖਾਇਆ। ਸਮੇਂ ਦੀ ਚੱਲ ਰਹੀ ਪ੍ਰੰਪਰਾ ਤੋਂ ਉਲਟ ਕਿਸੇ ਪੰਡਤ ਕੋਲੋਂ ਨਹੀਂ, ਸਗੋਂ ਇਕ ਕਿਰਤੀ ਕਿਸਾਨ ਬਾਬਾ ਬੁੱਢਾ ਜੀ ਪਾਸੋਂ ਭਾਈ ਲਹਿਣਾ ਜੀ ਨੂੰ ਗੁਰਿਆਈ ਦਾ ਤਿਲਕ ਲੁਆਇਆ ਜੋ ਸ੍ਰੀ ਗੁਰੂ ਅੰਗਦ ਦੇਵ ਜੀ ਹੋ ਨਿਬੜੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਸਭ ਤੋਂ ਪਹਿਲਾਂ ਆਪਣੇ ਚੇਲੇ ਅੱਗੇ ਸਿਰ ਨਿਵਾਇਆ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੱਦੀ 'ਤੇ ਬਿਰਾਜਮਾਨ ਹੋਣ ਤੋਂ ਬਾਅਦ ਕੀਰਤਨ ਅਤੇ ਲੰਗਰ ਦਾ ਪ੍ਰਵਾਹ ਜੋ ਪਹਿਲਾਂ ਰਾਵੀ ਦੇ ਕੰਢੇ (ਕਰਤਾਰਪੁਰ) ਚੱਲਦਾ ਸੀ, ਹੁਣ ਉਹ ਬਿਆਸ ਦੇ ਕੰਢੇ (ਖਡੂਰ ਸਾਹਿਬ) ਚੱਲਣ ਲੱਗ ਪਿਆ, ਭਾਵ ਗੁਰੂ ਸਾਹਿਬ ਪੱਕੇ ਤੌਰ 'ਤੇ ਖਡੂਰ ਸਾਹਿਬ ਆ ਗਏ।

"ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ॥ (ਪੰਨਾ 968)।

ਖਡੂਰ ਸਾਹਿਬ ਉਹ ਪਵਿੱਤਰ ਧਰਤੀ ਹੈ, ਜਿਥੋਂ ਦੀ ਨੇਕ ਜਨ ਮਾਤਾ ਖੀਵੀ ਜੀ ਆਪਣੇ ਹੱਥੀਂ ਲੰਗਰ ਵਿਚ ਘਿਆਲੀ ਖੀਰ ਵੰਡਦੀ ਹੁੰਦੀ ਸੀ। ਸਰੀਰਕ ਵਰਜਿਸ਼ਾਂ ਕਰਨ ਵਾਲਿਆਂ ਨੂੰ ਚੰਗੀ ਖੁਰਾਕ ਦੀ ਲੋੜ ਹੁੰਦੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੌਜਵਾਨਾਂ ਨੂੰ ਆਪ ਆਖ ਕੇ ਵਰਜਿਸ਼ ਕਰਵਾਇਆ ਕਰਦੇ ਸਨ, ਗੁਰਦੁਆਰਾ 'ਮੱਲ ਅਖਾੜਾ ਸਾਹਿਬ' ਇਸ ਗੱਲ ਦਾ ਸਬੂਤ ਹੈ। ਲੰਗਰ ਦੀ ਪ੍ਰਥਾ ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਲਾਈ ਸੀ ਪਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਦਾ ਹੋਰ ਵਿਕਾਸ ਕੀਤਾ ਤੇ ਚੰਗਾ ਪ੍ਰਬੰਧ ਚਲਾਇਆ। ਗੁਰੂ ਪਾਤਸ਼ਾਹ ਜੀ ਆਪਣੇ ਘਰ ਦਾ ਖਰਚ ਮੁੰਜ ਵੱਟ ਕੇ, ਵੇਚ ਕੇ ਚਲਾਉਂਦੇ ਸਨ ਅਤੇ ਲੰਗਰ ਦਾ ਪ੍ਰਬੰਧ ਸਿੱਖਾਂ ਵੱਲੋਂ ਭੇਟ ਕੀਤੇ ਦਸਵੰਧ ਨਾਲ ਕੀਤਾ ਜਾਂਦਾ ਸੀ। ਲੰਗਰ ਗਰੀਬਾਂ, ਨਿਆਸਰਿਆਂ ਤੇ ਅਤਿਥੀਆਂ ਵਾਸਤੇ ਸੀ। ਗੁਰੂ ਮਹਾਰਾਜ ਜੀ ਦੇ ਸੁਯੋਗ ਸੁਪਤਨੀ ਮਾਤਾ ਖੀਵੀ ਜੀ ਨੇ ਲੰਗਰ ਪ੍ਰਥਾ ਨੂੰ ਸੁਚੱਜੇ ਢੰਗ ਨਾਲ ਚਲਾਉਣ ਵਿਚ ਭਰਪੂਰ ਯੋਗਦਾਨ ਪਾਇਆ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਲੋਕਾਂ ਦੀ ਮਾਂ-ਬੋਲੀ ਪੰਜਾਬੀ ਨੂੰ ਆਪਣੇ ਪ੍ਰਚਾਰ ਦਾ ਮਾਧਿਅਮ ਬਣਾਇਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿੱਪੀ ਨੂੰ ਨਵਾਂ ਰੂਪ ਦੇਣ ਅਤੇ ਪ੍ਰਚਾਰਨ ਦਾ ਸ਼ਲਾਘਾਯੋਗ ਕੰਮ ਕੀਤਾ। ਇਸ ਲਿੱਪੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਗੁਰੂ ਪਾਤਸ਼ਾਹ ਜੀ ਨੇ ਗੁਰਮੁਖੀ ਪਾਠਸ਼ਾਲਾ ਵੀ ਖੋਲ੍ਹੀ, ਜਿਸ ਵਿਚ ਗੁਰੂ ਜੀ ਆਪ ਵੀ ਪੜ੍ਹਾਇਆ ਕਰਦੇ ਸਨ। ਇਸ ਤਰ੍ਹਾਂ ਮਾਤ-ਬੋਲੀ ਪੰਜਾਬੀ ਵਿਚ ਧਾਰਮਿਕ ਸਾਹਿਤ ਦੀ ਰਚਨਾ ਸੁਚੱਜੇ ਰੂਪ 'ਚ ਸ਼ੁਰੂ ਹੋਈ, ਜਿਸ ਨਾਲ ਸਿੱਖੀ ਦਾ ਹੋਰ ਵਧੇਰੇ ਪ੍ਰਚਾਰ ਸ਼ੁਰੂ ਹੋਇਆ।

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਕ ਹੋਰ ਮਹਾਨ ਕਾਰਜ ਉਹ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਕੁਝ ਭਗਤ ਸਾਹਿਬਾਨ ਦੀ ਉਚਾਰੀ ਹੋਈ ਬਾਣੀ ਜੋ ਇਕ ਖਰੜੇ ਦੇ ਰੂਪ ਵਿਚ ਇਨ੍ਹਾਂ ਨੂੰ ਸੌਂਪ ਗਏ ਸਨ, ਉਸ ਨੂੰ ਇਕ ਪੋਥੀ ਰੂਪ ਵਿਚ ਸੰਕਲਿਤ ਕੀਤਾ। ਇਹ ਪੋਥੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਸਹਾਇਕ ਸਿੱਧ ਹੋਈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਮੁੱਚੀ ਮਨੁੱਖਤਾ ਨੂੰ ਜਾਤ-ਪਾਤ, ਫੋਕਟ ਕਰਮਾਂ ਅਤੇ ਵਹਿਮਾਂ-ਭਰਮਾਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ। ਆਪ ਨੇ ਲੰਗਰ ਦੀ ਪ੍ਰਥਾ ਜਾਰੀ ਰੱਖੀ, ਜਿਥੇ ਹਰ ਕੋਈ ਬਿਨਾਂ ਕਿਸੇ ਜਾਤ-ਪਾਤ ਜਾਂ ਰੁਤਬੇ ਦੇ ਵਿਤਕਰੇ ਤੋਂ ਇਕੱਠੇ ਬੈਠ ਕੇ ਪੰਗਤ ਵਿਚ ਲੰਗਰ ਛਕ ਸਕਦਾ ਹੈ। ਇਸ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਮਨੁੱਖਤਾ ਦੀ ਭਲਾਈ ਦੇ ਕਾਰਜ ਕਰਦੇ 1552 ਈਸਵੀ ਵਿੱਚ ਜੋਤੀ ਜੋਤਿ-ਸਮਾ ਗਏ।

ਸੋ ਐਸੇ ਮਹਾਨ ਸਤਿਗੁਰੂ ਪਾਤਸ਼ਾਹ ਜੀ ਜਿਨ੍ਹਾਂ ਨੇ ਸੇਵਕ ਤੋਂ ਗੁਰਤਾਗੱਦੀ ਤਕ ਦੀ ਮੰਜ਼ਿਲ ਹਾਸਲ ਕੀਤੀ। ਉਸ ਸ਼ਖ਼ਸੀਅਤ ਬਾਰੇ ਭਾਈ ਸੰਤੋਖ ਸਿੰਘ ਇਸ ਤਰ੍ਹਾਂ ਬਿਆਨ ਕਰਦੇ ਹਨ-

ਦੋਹਰਾ:-
ਸ੍ਰੀ ਅੰਗਦ ਕੰਦਨ ਬਿਘਨ ਬਦਨ ਸੁ ਮੰਗਲ ਸਾਲ।
ਪਰਨ ਸ਼ਰਨ ਕਰ ਚਰਨ ਕੋ ਨਮਸਕਾਰ ਧਰਿ ਭਾਲ ॥7॥
(ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਵਾਰਧ, ਅਧਿਆਏ ।।1।।

ਭਾਵ- ਸ੍ਰੀ ਗੁਰੂ ਅੰਗਦ ਦੇਵ ਜੀ ਵਿਘਨਾਂ ਦੇ ਨਾਸ਼ ਕਰਨ ਵਾਲੇ ਹਨ ਅਤੇ ਉਨ੍ਹਾਂ ਦਾ ਮੁਖਾਰਬਿੰਦ ਮੰਗਲਾਂ ਦਾ ਘਰ ਹੈ। ਉਨ੍ਹਾਂ ਦੀ ਸ਼ਰਨ ਦਾ ਆਸਰਾ ਲੈ ਕੇ ਧਰਤੀ ਉੱਤੇ ਮੱਥਾ ਧਰ ਕੇ ਚਰਨਾਂ ਨੂੰ ਨਮਸਕਾਰ ਕਰਦਾ ਹਾਂ।

ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਪਿੰਡ ਬਾਸਰਕੇ, (ਜ਼ਿਲ੍ਹਾ ਅੰਮ੍ਰਿਤਸਰ) ਵਿਚ ਭਾਈ ਤੇਜ ਭਾਨ ਜੀ ਦੇ ਗ੍ਰਹਿ ਵਿਖੇ ਮਾਤਾ ਸੁਲੱਖਣੀ ਜੀ ਦੇ ਉਦਰ ਤੋਂ 1479 ਈਸਵੀ ਨੂੰ ਹੋਇਆ। ਭਾਈ ਸੰਤੋਖ ਸਿੰਘ ਜੀ ਦਾ ਕਥਨ ਹੈ-

ਇਕ ਬਾਸੁਰ ਕੇ ਗ੍ਰਾਮ ਹੈ ਤਹਿਂ ਬਸਹਿ ਨਿਕੇਤੰ।

**ਬਾਕੀ ਸਫ਼ਾ 33 'ਤੇ**

## ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ

**ਡਾ. ਹਰਸ਼ਿੰਦਰ ਕੌਰ, ਐਮ. ਡੀ.,**
ਫੋਨ ਨੰ: 0175-2216783

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਕੀਤਾ ਹੈ ਕਿ ਜੇ ਮਨੁੱਖ ਸਿਰਫ਼ ਰੁੱਖੇ ਹੀ ਬਚਨ ਬੋਲਦਾ ਰਹੇ ਤਾਂ ਉਸ ਦਾ ਤਨ ਤੇ ਮਨ ਦੋਵੇਂ ਰੁੱਖੇ ਹੋ ਜਾਂਦੇ ਹਨ ਤੇ ਅਜਿਹਾ ਮਨੁੱਖ ਰੁੱਖਾ ਹੀ ਮਸ਼ਹੂਰ ਹੋ ਜਾਂਦਾ ਹੈ। ਪ੍ਰੇਮ ਵਿਹੂਣਾ ਅਜਿਹਾ ਮਨੁੱਖ ਯਾਦ ਵੀ ਰੁੱਖੇ ਬਚਨਾਂ ਨਾਲ ਹੀ ਕੀਤਾ ਜਾਂਦਾ ਹੈ। ਦਰਗਾਹ ਤੋਂ ਤਾਂ ਰੱਦ ਹੋ ਹੀ ਜਾਂਦਾ ਹੈ ਪਰ ਇਸ ਤਰ੍ਹਾਂ ਦੇ ਮਨੁੱਖ ਦੇ ਮੂੰਹ ਉੱਤੇ ਵੀ ਥੁੱਕਾਂ ਤੇ ਫਿਟਕਾਰਾਂ ਪੈਂਦੀਆਂ ਹਨ। ਪ੍ਰੇਮ ਹੀਣ ਰੁੱਖੇ ਮਨੁੱਖ ਨੂੰ ਮੂਰਖ ਆਖਣਾ ਚਾਹੀਦਾ ਹੈ ਕਿਉਂਕਿ ਉਸ ਦੀ ਸਦਾ ਹੀ ਬੇਇੱਜ਼ਤੀ ਹੁੰਦੀ ਹੈ ਤੇ ਜੁੱਤੀਆਂ ਦੀ ਮਾਰ ਪੈਂਦੀ ਹੈ।

ਓਹੀਓ ਸਟੇਟ ਯੂਨੀਵਰਸਿਟੀ ਵਿਚ ਜੋਨ ਕੇਸੀਓਪੋ ਨੇ ਖੋਜ ਰਾਹੀਂ ਇਹ ਤੱਥ ਲੱਭੇ ਕਿ ਇਨਸਾਨੀ ਮਨ ਮਾੜਾ ਸੁਣ ਕੇ ਵੱਧ ਖਿੱਚਿਆ ਜਾਂਦਾ ਹੈ। ਇਸੇ ਲਈ ਜਿਹੜੇ ਸਿਆਸਤਦਾਨ ਦੂਜੇ ਨੂੰ ਭੰਡਦੇ ਹੋਣ, ਉਹ ਵੱਧ ਮਕਬੂਲ ਹੁੰਦੇ ਹਨ ਪਰ ਜਿਹੜੇ ਸਿਰਫ਼ ਆਪਣਾ ਚੰਗਾ ਪੱਖ ਉਜਾਗਰ ਕਰਦੇ ਹੋਣ, ਉਹ ਬਹੁਤਾ ਧਿਆਨ ਨਹੀਂ ਖਿੱਚਦੇ। ਕਿਸੇ ਬਾਰੇ ਮਾੜਾ ਸੁਣ ਕੇ, ਬੁਰੀ ਖ਼ਬਰ ਪੜ੍ਹ ਕੇ ਜਾਂ ਮਾੜੀ ਘਟਨਾ ਵੇਖ ਕੇ ਦਿਮਾਗ਼ ਦੀ ਬਿਜਲਈ ਹਰਕਤ ਵਿਚ ਤੂਫ਼ਾਨ ਆ ਜਾਂਦਾ ਹੈ। ਅਜਿਹਾ ਚੰਗੀ ਖ਼ਬਰ ਪੜ੍ਹ ਕੇ ਨਹੀਂ ਹੁੰਦਾ। ਪੱਥਰ ਯੁੱਗ ਸਮੇਂ ਤੋਂ ਹੀ ਖ਼ਤਰਾ ਭਾਂਪ ਕੇ ਨਵੀਂ ਚੀਜ਼ ਈਜਾਦ ਕੀਤੀ ਜਾਂਦੀ ਰਹੀ ਹੈ। ਸਭ ਕੁੱਝ ਚੰਗਾ ਵੇਖ ਸੋਚ ਕੇ ਹੌਲੀ-ਹੌਲੀ ਮਨ ਢਿੱਲਾ ਪੈ ਜਾਂਦਾ ਹੈ। ਵਿਆਹੁਤਾ ਜ਼ਿੰਦਗੀ ਵਿਚ ਵੀ ਨਿੱਘੇ ਰਿਸ਼ਤੇ ਉਹੀ ਹੁੰਦੇ ਹਨ ਜਿਨ੍ਹਾਂ ਵਿਚ ਸਭ ਕੁੱਝ 'ਠੀਕ' ਨਾ ਹੋਵੇ ਬਲਕਿ ਨਿੱਕੀ ਮੋਟੀ 'ਖਟਪਟ' ਚੱਲਦੀ ਰਹੇ। ਇਹ 'ਖਟਪਟ' ਰਿਸ਼ਤਿਆਂ ਦਾ 'ਥਰਮੋਸਟੈਟ' ਸਾਬਤ ਹੋ ਚੁੱਕੀ ਹੈ। ਜੇ ਖਟਪਟ ਲੜਾਈ ਵਿਚ ਜਾਂ ਮੰਦੀ ਸ਼ਬਦਾਵਲੀ ਵਿਚ ਤਬਦੀਲ ਹੋ ਜਾਏ ਤਾਂ ਰਿਸ਼ਤੇ ਵਿਚ ਫਿੱਕ ਪੈ ਜਾਂਦੀ ਹੈ। ਇਸ ਦਾ ਮਤਲਬ ਇਹ ਹੈ ਕਿ ਖਟਪਟ ਨੂੰ ਲੜਾਈ ਵਿਚ ਤਬਦੀਲ ਹੋਣ ਤੋਂ ਪਹਿਲਾਂ ਹੀ ਰੋਕ ਲੈਣਾ ਚਾਹੀਦਾ ਹੈ। ਇਹ ਹੀ ਸਭ ਤੋਂ ਗੁੰਝਲਦਾਰ ਨੁਕਤਾ ਹੈ ਕਿ ਕਿਸ ਗੱਲ ਉੱਤੇ ਰਿਸ਼ਤੇ ਵਿਚ ਫਿੱਕ ਪੈਣ ਤੋਂ ਰੋਕਣ ਦੀ ਲੋੜ ਹੁੰਦੀ ਹੈ।

ਮਨੋਵਿਗਿਆਨੀਆਂ ਅਨੁਸਾਰ ਇਹ 5:1 ਅਨੁਪਾਤ ਨਾਲ ਠੀਕ ਰਹਿੰਦਾ ਹੈ। ਯਾਨੀ 5 ਚੰਗੀਆਂ ਸਾਂਝ ਵਾਲੀਆਂ ਗੱਲਾਂ ਤੇ ਇੱਕ ਅਣਬਣ, ਵਿਅੰਗ ਜਾਂ ਝਗੜੇ ਵਾਲੀ। ਜੇ ਇਹ ਅਨੁਪਾਤ 2:3 ਹੋ ਜਾਏ ਤੇ ਅਣਬਣ ਤਿੰਨ ਤੱਕ ਪਹੁੰਚ ਜਾਏ ਤਾਂ ਰਿਸ਼ਤੇ ਦਾ ਅਗਾਂਹ ਤੁਰਨਾ ਨਾਮੁਮਕਿਨ ਹੋ ਜਾਂਦਾ ਹੈ।

ਲੰਬੇ ਸਮੇਂ ਤਕ ਨਿਭਣ ਵਾਲੀਆਂ ਦੋਸਤੀਆਂ ਵਿਚ ਵੀ ਇਹੀ ਕੁੱਝ ਸਹੀ ਸਾਬਤ ਹੋਇਆ ਹੈ। ਜੇ ਦੋਸਤਾਂ ਵਿਚ ਉੱਕਾ ਹੀ ਅਣਬਣ ਨਾ ਹੋਵੇ ਤਾਂ ਰਿਸ਼ਤਾ ਨਿੱਘਾ ਹੁੰਦਾ ਹੀ ਨਹੀਂ ਕਿਉਂਕਿ ਹਰ ਜਣਾ ਗਲ ਦਿਲ ਵਿਚ ਹੀ ਲੁਕਾਉਂਦਾ ਸਿਰਫ਼ ਆਪਣਾ ਚੰਗਾ ਪੱਖ ਉਜਾਗਰ ਕਰਦਾ ਰਹਿੰਦਾ ਹੈ ਜੋ ਰਿਸ਼ਤੇ ਵਿਚਲੀ ਖਿੱਚ ਖ਼ਤਮ ਕਰ ਦਿੰਦਾ ਹੈ। ਜੇ ਅਨੁਪਾਤ ਵਿਗੜ ਰਿਹਾ ਹੋਵੇ ਤਾਂ ਰਿਸ਼ਤਾ ਟਿਕਾਊ ਕਰਨ ਲਈ ਸਾਰਥਕ ਕਦਮ ਪੁੱਟਣ ਦੀ ਲੋੜ ਹੁੰਦੀ ਹੈ। ਇਸ ਵਾਸਤੇ ਆਪਣੇ ਮਨ ਅੰਦਰ ਭਰੀ ਕੌੜ ਨੂੰ ਕਿਸੇ ਹੋਰ ਢੰਗ ਨਾਲ ਬਾਹਰ ਕੱਢਣ ਤੇ ਦੋਸਤ ਨੂੰ ਨਿੱਘੀ ਜੱਫੀ ਜਾਂ ਕੁੱਝ ਚੰਗੇ ਸੁਨੇਹੇ ਭੇਜਣ ਨਾਲ ਰਿਸ਼ਤੇ ਵਿਚ ਨਿੱਘ ਭਰਿਆ ਜਾ ਸਕਦਾ ਹੈ। ਅਜਿਹਾ ਉਦੋਂ ਤੱਕ ਕਰਦੇ ਰਹਿਣਾ ਚਾਹੀਦਾ ਹੈ ਜਦੋਂ ਤਕ ਅਨੁਪਾਤ 5:1 ਨਾ ਹੋ ਜਾਵੇ।

**ਬਾਕੀ ਸਫ਼ਾ 33 'ਤੇ**

# ਸਿਨਸਿਨਾਟੀ ਦੇ ਦੂਜੇ ਸਲਾਨਾ ਵਿਸ਼ਵ ਧਰਮ ਸੰਮੇਲਨ ਵਿਚ ਸਿੱਖਾਂ ਨੇ ਕੀਤੀ ਸ਼ਮੂਲੀਅਤ

## *ਸਿੱਖ ਸੰਗਤ ਵਲੋਂ ਲਗਾਏ ਗਏ ਲੰਗਰ, ਧਰਮ ਬਾਰੇ ਪ੍ਰਦਰਸ਼ਨੀ, ਮਹਿਮਾਨਾਂ ਦੇ ਸਜਾਈਆਂ ਗਈਆਂ ਦਸਤਾਰਾਂ ਅਤੇ ਦਿਖਾਏ ਗਏ ਗੱਤਕੇ ਦੇ ਜੌਹਰ*








**ਸਿਨਸਿਨਾਟੀ/ਰਾਜ ਗੋਗਨਾ :**
ਅਮਰੀਕਾ ਦੇ ਸੂਬੇ ਓਹਾਈਓ ਦੇ ਸ਼ਹਿਰ ਸਿਨਸਿਨਾਟੀ ਦੀ ਜ਼ੇਵੀਅਰ ਯੂਨੀਵਰਸਿਟੀ ਵਿਖੇ ਦੂਜਾ ਸਲਾਨਾ ਫੈਸਟੀਵਲ ਔਫ ਫੇਥਸ (ਵਿਸ਼ਵ ਧਰਮ ਸੰਮੇਲਨ) ਕਰਾਇਆ ਗਿਆ। ਇਸ ਸੰਮੇਲਨ ਵਿਚ ਬਾਰਾਂ ਪ੍ਰਮੁੱਖ ਵਿਸ਼ਵ ਧਰਮਾਂ ਦੇ ਲੋਕ ਅਤੇ 90 ਤੋਂ ਵੀ ਵੱਧ ਸੰਸਥਾਵਾਂ ਨੇ ਭਾਗ ਲਿਆ। ਇਹ ਸ਼ਹਿਰ ਦੇ ਇਤਿਹਾਸ ਵਿਚ ਇਹ ਦੂਜੀ ਵਾਰ ਸੀ ਕਿ ਵੱਖ-ਵੱਖ ਧਰਮਾਂ ਬਾਰੇ ਸਿੱਖਿਆ ਦੇਣ ਲਈ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋਏ। ਸਿਨਸਿਨਾਟੀ ਅਤੇ ਨੇੜਲੇ ਇਲਾਕੇ ਡੇਟਨ ਦੇ ਸਿੱਖਾਂ ਨੇ ਵੀ ਇਸ ਸਮਾਗਮ ਵਿੱਚ ਹਿੱਸਾ ਲਿਆ। ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਗੁਰਦੁਆਰਾ ਸਾਹਿਬ ਦੀ ਸੰਗਤ ਵਲੋਂ ਵੱਖ-ਵੱਖ ਧਰਮਾਂ ਦੇ ਆਏ ਹੋਏ ਹਜਾਰਾਂ ਮਹਿਮਾਨਾਂ ਲਈ ਲੰਗਰ ਦੀ ਸੇਵਾ ਕੀਤੀ ਗਈ। ਹਾਜ਼ਰੀਨ ਨੂੰ ਸਿੱਖ ਧਰਮ ਵਿਚ ਲੰਗਰ ਅਤੇ ਸੇਵਾ ਦੀ ਮਹੱਤਤਾ ਬਾਰੇ ਜਾਣ ਕੇ ਬਹੁਤ ਖੁਸ਼ੀ ਹੋਈ ਤੇ ਉਹਨਾਂ ਨੇ ਸਿੱਖਾਂ ਦਾ ਧੰਨਵਾਦ ਕੀਤਾ। ਫੈਸਟੀਵਲ ਦਾ ਉਦਘਾਟਨ ਵੱਖ-ਵੱਖ ਧਰਮਾਂ ਦੀ ਅਰਦਾਸ ਨਾਲ ਹੋਇਆ। ਵੱਖ-ਵੱਖ ਧਰਮਾਂ ਦੇ ਨੁਮਾਇੰਦਿਆਂ ਨੇ ਆਪਣੇ ਧਰਮ ਦੇ ਅਕੀਦੇ ਮੁਤਾਬਕ ਪਰਮਾਤਮਾ ਦਾ ਗੁਣ ਗਾਇਨ ਕੀਤਾ। ਸਿੱਖ ਸੰਗਤ ਵਲੋਂ ਵੀ ਗੁਰਬਾਣੀ ਦਾ ਕੀਰਤਨ ਗਾਇਨ ਕੀਤਾ ਗਿਆ। ਸਿੱਖ ਪ੍ਰਦਰਸ਼ਨੀ ਵਿਚ ਪੁਸਤਕਾਂ, ਕਕਾਰ ਸ਼ਾਮਲ ਸਨ ਤੇ ਆਉਣ ਵਾਲੇ ਮਹਿਮਾਨਾਂ ਨੂੰ ਕਿਤਾਬਚੇ ਵੀ ਵੰਡੇ ਗਏ। ਸਿਨਸਿਨਾਟੀ ਦੇ ਮੇਅਰ ਜੌਹਨ ਕ੍ਰੇਨਲੀ ਨੇ ਸਿੱਖ ਭਾਈਚਾਰੇ ਦਾ ਧੰਨਵਾਦ ਕਰਦਿਆਂ ਕਿਹਾ, ਕਿਮੈਂ ਖੁਸ਼ ਹਾਂ ਕਿ ਅੱਜ ਇੱਥੇ ਸਾਰੇ ਧਰਮਾਂ ਦੇ ਲੋਕ ਇਕੱਠੇ ਹੋਏ ਹਨ ਤੇ ਸਿਨਸਿਨਾਟੀ ਦੀ ਸਿੱਖ ਸੰਗਤ ਵਲੋਂ ਲੰਗਰ ਦੀ ਸੇਵਾ ਕੀਤੀ ਗਈ ਹੈ। ਮੈਨੂੰ ਲੰਗਰ ਛਕ ਕੇ ਬਹੁਤ ਚੰਗਾ ਲੱਗਾ ਹੈ। ਲੰਗਰ ਦੀ ਇਹ ਪ੍ਰਥਾ ਦਰਸਾਉਂਦੀ ਹੈ ਕਿ ਸਾਰੇ ਮਨੁੱਖ ਇਕ ਬਰਾਬਰ ਹਨ।ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਕਿਹਾ ਕਿ ਇਸ ਸਾਲ ਦੁਨੀਆ ਭਰ ਵਿਚ ਗੁਰੁ ਨਾਨਕ ਜੀ ਦੀ 550 ਸਾਲਾਂ ਗੁਰਪੁਰਬ ਦੀ ਸ਼ਤਾਬਦੀ ਮਨਾਈ ਜਾ ਰਹੀ ਹੈ। ਅੱਜ ਅਸੀਂ ਗੁਰੁ ਸਾਹਿਬ ਦਾ ਸੁਨੇਹਾ ਇੱਥੇ ਆਏ ਹੋਏ ਵੱਖ-ਵੱਖ ਧਰਮਾਂ ਦੇ ਲੋਕਾਂ ਤੱਕ ਪਹੁੰਚਾਇਆ ਹੈ। ਆਏ ਹੋਏ ਮਹਿਮਾਨਾਂ ਦੇ ਦਸਤਾਰ ਬੰਨਣ ਤੇ ਉਸ ਦੀ ਮਹੱਤਤਾ ਬਾਰੇ ਜਾਣੂ ਕਰਾਉਣ ਲਈ ਸੈਸ਼ਨ ਦਾ ਪ੍ਰਬੰਧ ਕੀਤਾ ਗਿਆ। ਵੱਖ-ਵੱਖ ਰੰਗਾਂ ਦੀਆ ਦਸਤਾਰਾਂ ਸਜਾਈ ਇਹ ਸਮਾਗਮ ਸਿੱਖ ਸਭਿਆਚਾਰ ਦੇ ਰੰਗਾਂ ਅਤੇ ਪਰੰਪਰਾਵਾਂਵਿਚ ਲੀਨ ਹੋ ਗਿਆ। ਦਸਤਾਰ ਸਜਾ ਕੇ ਬੱਚੇ, ਵੱਡੇ, ਬਜ਼ੁਰਗ ਬਹੁਤ ਹੀ ਉਤਸ਼ਾਹਿਤ ਹੁੰਦੇ, ਤਸਵੀਰਾਂ ਲੈਂਦੇ ਅਤੇ ਮਾਣ ਨਾਲ ਸੰਮੇਲਨ ਵਿਚ ਘੁੰਮਦੇ ਰਹੇ। ਗੱਤਕਾ ਪ੍ਰਦਰਸ਼ਨ ਸ਼ਹੀਦ ਬਾਬਾ ਦੀਪ ਸਿੰਘ ਗੱਤਕਾ ਅਕੈਡਮੀ ਵਲੋਂ ਕੀਤਾ ਗਿਆ ਜੋ ਕਿ 600 ਮੀਲ ਦੂਰੋਂ ਨਿਊਯਾਰਕ ਤੋਂ ਖਾਸ ਕਰਕੇ ਇਸ ਸਮਾਰੋਹ ਵਿਚ ਹਿੱਸਾ ਲੈਣ ਲਈ ਆਏ ਸਨ। ਸਿਨਸਿਨਾਟੀ ਸਿੱਖ ਭਾਈਚਾਰੇ ਦੇ ਮੈਂਬਰ ਜੈਪਾਲ ਸਿੰਘ ਨੇ ਕਿਹਾ, ਕਿ ਵੱਖ-ਵੱਖ ਧਰਮਾਂ ਦੇ ਲੋਕ ਇਕ ਛੱਤ ਹੇਠ ਇਕੱਠੇ ਹੋ ਕੇ ਇਕ ਦੂਜੇ ਨਾਲ ਸਾਂਝ ਵਧਾਉਣ ਦੀ ਗੱਲ ਕਰ ਰਹੇ ਸਨ। ਉਹਨਾਂ ਸਿਨਸਿਨਾਟੀ ਅਤੇ ਡੇਟਨ ਦੀ ਸੰਗਤ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਲੰਗਰ ਦੀ ਸੇਵਾ, ਦਸਤਾਰਾਂ, ਪ੍ਰਦਰਸ਼ਨੀ ਟੇਬਲ, ਗੱਤਕਾ, ਗੁਰਮਤਿ ਸੰਗੀਤ ਅਤੇ ਵੱਖੋ-ਵੱਖਰੀਆਂ ਪੇਸ਼ਕਾਰੀਆਂ ਦੁਆਰਾ ਗੁਰੂ ਦੀ ਵਿਰਾਸਤ ਨੂੰ ਹੋਰ ਧਰਮਾਂ ਦੇ ਲੋਕਾਂ ਨਾਲ ਸਾਂਝਾ ਕੀਤਾ।

## ਸਾਹਿਤਕ ਮਹਿਫ਼ਿਲ ਦੌਰਾਨ ਬਲਵੀਰ ਸੂਫ਼ੀ ਦਾ ਸਨਮਾਨ



**ਲੰਡਨ /ਮਨਦੀਪ ਖੁਰਮੀ :**
"ਬੇਸ਼ੱਕ ਸੁਹਿਰਦ ਬੋਲਾਂ ਤੇ ਲੇਖਣੀ ਦੇ ਮੁਕਾਬਲੇ ਹਲਕੀ ਸ਼ਬਦਾਵਲੀ ਵਾਲੀ ਗਾਇਕੀ ਅੰਬਰ ਛੋਹ ਰਹੀ ਦਿਸਦੀ ਹੈ, ਪਰ ਅਸਲੀਅਤ ਹੈ ਕਿ ਵਕਤੀ ਤੌਰ ਤੇ ਆਏ ਬੱਦਲ ਸੱਚ ਦੇ ਸੂਰਜ ਨੂੰ ਵਧੇਰੇ ਚਿਰ ਲੁਕੋ ਕੇ ਨਹੀਂ ਰੱਖ ਸਕਦੇ। ਕੰਧ ਤੇ ਲਿਖਿਆ ਸੱਚ ਇਹ ਹੀ ਹੈ ਕਿ ਲੋਕ ਪੱਖੀ ਤੇ ਸਮਾਜਿਕ ਮਸਲਿਆਂ ਦੀ ਬਾਤ ਪਾਉਂਦੇ ਬੋਲ ਹਮੇਸ਼ਾ ਲਈ ਜੀਵਿਤ ਰਹਿੰਦੇ ਹਨ।" ਉਕਤ ਵਿਚਾਰਾਂ ਦਾ ਪ੍ਰਗਟਾਵਾ ਸਾਊਥਾਲ ਵਿਖੇ ਆਯੋਜਿਤ ਹੋਈ ਸਾਹਿਤਕ ਮਹਿਫਿਲ ਦੌਰਾਨ ਆਪਣੇ ਸੰਬੋਧਨ ਦੌਰਾਨ ਈਲਿੰਗ ਸਾਊਥਾਲ ਦੇ ਪਾਰਲੀਮੈਂਟ ਮੈਂਬਰ ਵੀਰੇਂਦਰ ਸ਼ਰਮਾ ਨੇ ਕੀਤਾ। ਇਸ ਮਹਿਫਿਲ ਦੌਰਾਨ ਪ੍ਰਸਿੱਧ ਗਾਇਕ ਬਲਵੀਰ ਸੂਫ਼ੀ ਨੇ ਆਪਣੇ ਇੱਕ ਤੋਂ ਵਧਕੇ ਇੱਕ ਗੀਤਾਂ ਰਾਂਹੀਂ ਮਾਹੌਲ ਨੂੰ ਸੰਗੀਤਮਈ ਬਣਾਈ ਰੱਖਿਆ। ਵਰਿੰਦਰ ਸਿੰਘ ਵਿਰਕ, ਚਰਨਜੀਤ ਸਿੰਘ ਸਹੋਤਾ, ਰਣਧੀਰ ਸਿੰਘ ਵਿਰਕ ਤੇ ਦਵਿੰਦਰ ਸਹੋਤਾ ਦੇ ਉੱਦਮ ਨਾਲ ਜੁੜੀ ਇਸ ਮਹਿਫਿਲ ਵਿੱਚ ਪੰਜਾਬੀ ਸਾਹਿਤ ਕਲਾ ਕੇਂਦਰ ਦੀ ਪ੍ਰਧਾਨ ਸ੍ਰੀਮਤੀ ਕੁਲਵੰਤ ਕੌਰ ਢਿੱਲੋਂ, ਵੀਰੇਂਦਰ ਸ਼ਰਮਾ, ਸੁਰਜੀਤ ਸਿੰਘ ਘੁੰਮਣ (ਐੱਮ ਬੀ ਈ), ਮਨਜੀਤ ਕੌਰ ਪੱਡਾ, ਕੁੰਦਨ ਸਿੰਘ ਬੋਲਾ, ਇੰਦਰਜੀਤ ਲੰਡਨ, ਕੁਲਦੀਪ ਮਹੇ, ਭਿੰਦਰ ਜਲਾਲਾਬਾਦੀ ਆਦਿ ਵੱਲੋਂ ਯਾਦ ਨਿਸ਼ਾਨੀ ਨਾਲ ਸਨਮਾਨ ਕੀਤਾ ਗਿਆ।

## ਗੁਰੂ ਨਾਨਕ ਸਪੋਰਟਸ ਕਲੱਬ ਸੈਨਵਾਕੀਨ ਵੱਲੋਂ ਅਗਲੇ ਸਾਲ 2 ਮਈ ਨੂੰ ਅੰਤਰਰਾਸ਼ਟਰੀ ਟੂਰਨਾਮੈਂਟ ਕਰਵਾਉਣ ਦਾ ਐਲਾਨ



**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :**
ਗੁਰੂ ਨਾਨਕ ਸਪੋਰਟਸ ਕਲੱਬ ਸੈਨਵਾਕੀਨ ਅਤੇ ਕਰਮਨ ਦੇ ਮੈਂਬਰਾਂ ਦੀ ਇਕ ਵਿਸ਼ੇਸ਼ ਮੀਟਿੰਗ ਸੈਨਵਾਕੀਨ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ। ਇਸ ਦੌਰਾਨ ਬੀਤੇ ਦਿਨੀਂ ਕਰਵਾਏ ਗਏ ਬਾਸਕਟਬਾਲ ਟੂਰਨਾਮੈਂਟ ਦੀ ਸਫਲਤਾ ਲਈ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ। ਇਸ ਤੋਂ ਇਲਾਵਾ ਅਗਲੇ ਸਾਲ ਦੇ ਸਲਾਨਾ ਟੂਰਨਾਮੈਂਟ ਦੀ ਮਿਤੀ ਐਲਾਨ ਕਰਦੇ ਹੋਏ ਦੱਸਿਆ ਗਿਆ ਕਿ ਇਹ 2 ਅਤੇ 3 ਮਈ, 2020 ਨੂੰ ਹੋਵੇਗਾ, ਜਿਸ ਵਿੱਚ ਪ੍ਰਮੁੱਖ ਤੌਰ 'ਤੇ ਅਮਰੀਕਾ ਦੇ ਜੰਮਪਲ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਲਈ ਉਤਸ਼ਾਹਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਅੰਤਰ-ਰਾਸ਼ਟਰੀ ਪੱਧਰ ਦੀ ਕਬੱਡੀ, ਵਾਲੀਬਾਲ, ਬਾਸਕਟਬਾਲ, ਸਾਕਰ, ਦੌੜਾਂ ਦੇ ਮੁਕਾਬਲੇ ਕਰਵਾਏ ਜਾਣਗੇ ਜੋ ਸੈਨਵਾਕੀਨ ਸਕੂਲ ਦੀਆਂ ਗਰਾਊਂਡਾਂ ਅਤੇ ਜਿੰਮ ਵਿਚ ਹੋਣਗੇ। ਹਾਜ਼ਰੀਨ ਲਈ ਮੁਫਤ ਲੰਗਰ ਲਾਏ ਜਾਣਗੇ। ਹਮੇਸ਼ਾ ਦੀ ਤਰ੍ਹਾਂ ਪਹਿਲੇ ਦਿਨ ਪਰਿਵਾਰਕ ਪਿਕਨਿਕ ਹੋਵੇਗੀ, ਜਿਸ ਵਿਚ ਵਿਰਾਸਤੀ ਖੇਡਾਂ ਹੋਣਗੀਆਂ। ਦੋਵੇਂ ਦਿਨ ਨਾਮਵਰ ਸਥਾਨਕ ਗਾਇਕ ਕਲਾਕਾਰ ਰੰਗਾ-ਰੰਗ ਸੱਭਿਆਚਾਰਿਕ ਪ੍ਰੋਗਰਾਮ ਪੇਸ਼ ਕਰਨਗੇ। ਜੇਤੂ ਟੀਮਾਂ ਅਤੇ ਹਿੱਸਾ ਲੈਣ ਵਾਲ਼ਿਆਂ ਨੂੰ ਦਿਲਕਸ਼ ਇਨਾਮ-ਸਨਮਾਨ ਦਿੱਤੇ ਜਾਣਗੇ।

## ਲਾਈਵ ਓਕ, ਗਰਿਡਲੀ ਤੀਆਂ ਦੇ ਮੇਲੇ 'ਚ ਗਾਇਕਾ ਰੁਪਿੰਦਰ ਹਾਂਡਾ ਨੇ ਰੌਣਕਾਂ ਲਾਈਆਂ





**ਯੂਬਾ ਸਿਟੀ/ਹੁਸਨ ਲੜੋਆ ਬੰਗਾ :**
ਯੂਬਾ ਸਿਟੀ ਲਾਗੇ ਸ਼ਹਿਰ ਲਾਈਵ ਓਕ ਤੇ ਗਰਿਡਲੀ ਸ਼ਹਿਰ ਦੀਆਂ ਸਾਂਝੀਆਂ ਤੀਆਂ ਦਾ ਆਯੋਜਨ ਰਿਵਰਵੈਲੀ ਹਾਈ ਸਕੂਲ ਯੂਬਾ ਸਿਟੀ ਵਿਖੇ ਕਰਵਾਇਆ ਗਿਆ। ਇਸ ਵਿਚ ਵੰਨ ਸੁਵੰਨੀਆਂ ਸਭਿਆਚਾਰਿਕ ਸਟੇਜ ਪੇਸ਼ਕਾਰੀਆਂ ਤੋਂ ਇਲਾਵਾ ਪੰਜਾਬੀ ਦੀ ਸਿਰਕੱਢ ਗਾਇਕਾ ਰੁਪਿੰਦਰ ਹਾਂਡਾ ਨੇ ਆਪਣੇ ਗੀਤਾਂ ਤੇ ਬੋਲੀਆਂ ਨਾਲ ਭਰਵੀਂ ਹਾਜ਼ਰੀ ਲੁਆਈ ਅਤੇ ਬੀਬੀਆਂ ਨੂੰ ਖੂਬ ਨਚਾਇਆ। ਇਸ ਪ੍ਰੋਗਰਾਮ ਦੀ ਆਯੋਜਿਕ ਜਸਵਿੰਦਰ ਕੌਰ ਨੇ ਪ੍ਰਬੰਧਾਂ ਪੱਖੋਂ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਪ੍ਰੋਗਰਾਮ ਵਿਚ ਸਥਾਨਕ ਬੀਬੀਆਂ ਨੇ ਗਿੱਧੇ ਦੀ ਧੂੜ ਪੁੱਟੀ। ਹੋਰ ਵੱਖ-ਵੱਖ 25 ਆਇਟਮਾਂ ਰਾਹੀਂ ਰੋਜ਼ਵਿਲ, ਸੈਕਰਾਮੈਂਟੋ, ਯੂਬਾ ਸਿਟੀ ਤੇ ਦੂਜੇ ਸ਼ਹਿਰਾਂ ਤੋਂ ਟੀਮਾਂ ਗਿੱਧੇ ਤੇ ਭੰਗੜੇ ਲਈ ਪੁੱਜੀਆਂ। ਹਰ ਇਕ ਟੀਮ ਨੇ ਆਪੋ ਆਪਣਾ ਪ੍ਰਭਾਵ ਛੱਡਿਆ। ਬੀਬੀ ਆਸ਼ਾ ਸ਼ਰਮਾ ਨੇ ਲਗਾਤਾਰ ਸਾਰੀਆਂ ਟੀਮਾਂ ਨੂੰ ਸਟੇਜ 'ਤੇ ਪੇਸ਼ ਕਰਵਾਇਆ। ਇਸ ਮੌਕੇ ਟੀਵੀ, ਰੇਡੀਓ 'ਤੇ ਵੀ ਪ੍ਰਸਾਰਣ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਸਟਾਰ ਆਫ਼ ਇੰਡੀਆ ਵਲੋਂ ਮੁਫ਼ਤ ਖਾਣਾ, ਬੀਟੂ ਦੇਵਗਨ ਵਲੋਂ ਸਾਊਂਡ, ਚਾਹਲ ਵੀਡੀਓ ਵਲੋਂ ਮੁਫ਼ਤ ਸੇਵਾ ਕੀਤੀ ਗਈ। ਇਸ ਸਮਾਗਮ ਵਿਚ ਵਿਰਸਾ ਅਕੈਡਮੀ ਵਲੋਂ ਗਿੱਧੇ-ਭੰਗੜੇ ਦੀਆਂ ਸਪੈਸ਼ਲ ਆਇਟਮਾਂ ਪੇਸ਼ ਕੀਤੀਆਂ ਗਈਆਂ। ਅੰਤ ਵਿਚ ਪ੍ਰਬੰਧਕ ਜਸਵਿੰਦਰ ਕੌਰ ਮੱਟੂ ਨੇ ਸਾਰੇ ਸਪਾਂਸਰਾਂ ਅਤੇ ਦਰਸ਼ਕਾਂ ਦਾ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਧੰਨਵਾਦ ਕੀਤਾ।

## ਹਰਪ੍ਰੀਤ ਰੰਧਾਵਾ ਦੇ ਨਵੇਂ ਗੀਤ "ਯਾਰ ਕੈਨੇਡਾ ਵਾਲੇ" ਨੂੰ ਦੇਸ-ਪ੍ਰਦੇਸ 'ਚ ਭਰਵਾਂ ਹੁੰਗਾਰਾ

**ਨਿਊਯਾਰਕ/ਰਾਜ ਗੋਗਨਾ :**
ਗਾਇਕ ਹਰਪ੍ਰੀਤ ਰੰਧਾਵਾ ਦੇ ਨਵੇਂ ਗੀਤ 'ਯਾਰ ਕੈਨੇਡਾ ਵਾਲੇ' ਨੂੰ ਦੇਸ਼ ਵਿਦੇਸ਼ 'ਚ ਕਾਫ਼ੀ ਹੁੰਗਾਰਾ ਮਿਲ ਰਿਹਾ ਹੈ। ਕੈਨੇਡਾ 'ਚ ਰਹਿੰਦੇ ਅਤੇ ਪੰਜਾਬ ਦੇ ਜ਼ਿਲਾ ਕਪੂਰਥਲਾ ਦੇ ਪਿੰਡ ਲੱਖਣ ਕਲਾਂ ਨਾਲ ਪਿਛੋਕੜ ਰੱਖਣ ਵਾਲੇ ਇਸ ਕਲਾਕਾਰ ਨੇ ਸਾਡੇ ਪੱਤਰਕਾਰ ਨੂੰ ਫ਼ੋਨ ਵਾਰਤਾ ਵਿਚ ਦੱਸਿਆ ਕਿ ਅਜੋਕੇ ਸਮੇਂ 'ਚ ਚੱਲਦੀ ਲੱਚਰਤਾ, ਗੁੰਡਾਗਰਦੀ, ਹਥਿਆਰਾਂ ਤੇ ਨਸ਼ਿਆਂ ਨੂੰ ਪ੍ਰੋਮੋਟ ਕਰਨ ਵਾਲੇ ਗੀਤਾਂ ਦੀ ਹਨੇਰੀ ਦੇ ਖਿਲ਼ਾਫ ਡਟਕੇ ਪਹਿਰਾ ਦਿੰਦੇ ਹੋਏ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਆਪਣਾ ਫਰਜ ਨਿਭਾਉਂਦੇ ਹੋਏ, ਪ੍ਰਦੇਸਾਂ ( ਕੈਨੇਡਾ ) ਚ ਵੱਸਦੇ ਪੰਜਾਬੀਆਂ ਦੀ ਮਿਹਨਤਕਸ਼ ਜਿੰਦਗੀ ਤੇ ਉਹਨਾਂ ਦੇ ਪੰਜਾਬੀ ਮਾਂ ਬੋਲੀ ਪ੍ਰਤੀ ਪਿਆਰ ਨੂੰ ਸਮਰਪਿਤ ਟਰੈਕ " ਯਾਰ ਕੈਨੇਡਾ ਵਾਲੇ " ਲੈ ਕੇ ਆਪ ਸਭ ਦੇ ਰੂ ਬ ਰੂ ਹੋਏ ਹਾਂ। ਉਨ੍ਹਾਂ ਉਮੀਦ ਜਤਾਈ ਕਿ ਦਰਸ਼ਕ ਉਸ ਦੇ ਸਾਫ ਸੁਥਰੇ ਤੇ ਸੱਭਿਅਕ ਉਪਰਾਲੇ ਨੂੰ ਆਪਣੇ ਸਰਕਲ ਦੇ ਸਾਰੇ ਹੀ ਦੋਸਤਾਂ ਮਿੱਤਰਾਂ ਤੱਕ ਜਰੂਰ ਪਹੁੰਚਾਉਣਗੇ। ਰੰਧਾਵਾ ਨੇ ਦੱਸਿਆ ਕਿ ਇਹ ਟਰੈਕ "ਰਹਿਣ ਚੜ੍ਹਦੀਕਲਾ 'ਚ ਬਈ, ਸਾਡੇ ਯਾਰ ਕੈਨੇਡਾ ਵਾਲੇ" ਦਾ ਗੀਤਕਾਰ ਭੱਟੀ ਭੜੀਵਾਲਾ ਹੈ ਤੇ ਸੰਗੀਤ ਆਸ਼ੂ ਸਿੰਘ ਨੇ ਦਿੱਤਾ ਹੈ।

## ਕੈਨੇਡਾ 'ਚ ਹੋਏ ਕਾਮਨਵੈਲਥ ਪਾਵਰਲਿਫਟਿੰਗ ਮੁਕਾਬਲਿਆਂ ਵਿਚ ਪੰਜਾਬ ਦੇ ਅਜੇ ਗੋਗਨਾ ਨੇ ਗੋਲ਼ਡ ਮੈਡਲ ਜਿੱਤਿਆ



**ਸੇਂਟ ਜੋਹਨ ਸਿਟੀ (ਕੈਨੇਡਾ)/ਏਟਹ ਨਿਊਜ਼ :**
14 ਤੋਂ 21 ਸਤੰਬਰ ਤਕ ਕੈਨੇਡਾ ਦੇ ਸੂਬੇ ਨਿਊਫੋਰਟਲੈਂਡ ਦੇ ਸ਼ਹਿਰ ਸੇਂਟ ਜੋਹਨ ਸਿਟੀ ਵਿਖੇ ਹੋਈ ਕਾਮਨਵੈਲਥ ਪਾਵਰਲਿਫਟਿੰਗ ਪ੍ਰਤਿਯੋਗਤਾ 'ਚ ਪੰਜਾਬ ਦੇ ਭੁਲੱਥ ਕਸਬੇ ਦੇ ਜੰਮਪਲ ਅਜੇ ਗੋਗਨਾ ਨੇ ਆਪਣੇ ਅੱਥਰੇ ਜ਼ੋਰ ਨਾਲ ਕੈਨੇਡਾ ਦੀ ਧਰਤੀ 'ਤੇ ਸਭ ਤੋਂ ਵੱਧ ਬੈਂਚ ਪ੍ਰੈਸ ਲਾ ਕੇ ਆਪਣੇ 120 ਕਿੱਲੋਗ੍ਰਾਮ ਭਾਰ ਵਰਗ 'ਚ ਗੋਲ਼ਡ ਮੈਡਲ ਜਿੱਤਿਆ। 29 ਸਾਲਾ ਨੌਜਵਾਨ ਅਜੇ ਗੋਗਨਾ ਸਪੁੱਤਰ ਪਰਵਾਸੀ ਪੱਤਰਕਾਰ ਰਾਜ ਗੋਗਨਾ ਭਾਰਤ ਦੀ ਨਾਮਵਰ ਇੰਡੀਅਨ ਪਾਵਰਲਿਫਟਿੰਗ ਫੈਡਰੇਸ਼ਨ ਵੱਲੋਂ ਖੇਡਦਾ ਹੈ। ਪਿਛਲੇ ਦੋ ਸਾਲਾਂ ਤੋਂ ਉਹ ਦੁਬਈ, ਆਸਟ੍ਰੇਲੀਆ, ਜਾਪਾਨ ਤੇ ਹੁਣ ਕੈਨੇਡਾ ਵਿਖੇ ਹੋਏ ਪਾਵਰਲਿਫਟਿੰਗ ਮੁਕਾਬਲਿਆਂ 'ਚ ਦੇਸ਼ ਅਤੇ ਆਪਣੇ ਸੂਬੇ ਦਾ ਨਾਂ ਰੋਸ਼ਨ ਕਰ ਰਿਹਾ ਹੈ। ਉਸ ਨੇ ਕਾਮਨਵੈਲਥ ਦੇ ਪਾਵਰਲਿਫਟਿੰਗ ਮੁਕਾਬਲਿਆਂ ਵਿਚ ਇਕ ਹੋਰ ਗੋਲ਼ਡ ਮੈਡਲ ਭਾਰਤ ਦੀ ਝੋਲੀ ਪਾਇਆ ਹੈ।
ਯਾਦ ਰਹੇ ਕਿ 29 ਸਾਲਾ ਅਜੇ ਗੋਗਨਾ ਪੰਜਾਬ ਦੀਆਂ ਅਨੇਕਾਂ ਕਲੱਬਾਂ, ਸੰਸਥਾਵਾਂ ਵੱਲੋਂ ਸਟਰੌਂਗਮੈਨ ਆਫ਼ ਪੰਜਾਬ ਦੇ ਖਿਤਾਬ ਵੀ ਜਿੱਤ ਚੁੱਕਾ ਹੈ।
ਅਜੇ ਗੋਗਨਾ ਦੀ ਜਿੱਤ ਦੀ ਖੁਸ਼ੀ 'ਚ ਪੰਜਾਬ ਦੇ ਭੁਲੱਥ ਦੇ ਨਜ਼ਦੀਕ ਪਿੰਡ ਬਾਗੜੀਆਂ ਵਿਖੇ ਵਿਸ਼ਾਲ ਕਬੱਡੀ ਟੂਰਨਾਮੈਂਟ 'ਚ ਅਜੇ ਗੋਗਨਾ ਦਾ ਇਕ ਲੱਖ ਰੁਪਏ ਅਤੇ ਨਵੇਂ ਮੋਟਰ-ਸਾਈਕਲ ਨਾਲ ਕੈਨੇਡਾ ਦੇ ਐਨ.ਆਰ ਆਈ ਚੰਨਾ ਧਾਲੀਵਾਲ ਪਿੰਡ (ਭਗਵਾਨਪੁਰ) ਸਰਪ੍ਰਸਤ ਦਸਮੇਸ਼ ਸਪੋਰਟਸ, ਸਾਹਿਬਜ਼ਾਦੇ ਸਪੋਰਟਸ ਕਲੱਬ ਪਿੰਡ ਬਾਗੜੀਆਂ, ਆਉਣ ਵਾਲੀ 20 ਨਵੰਬਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨ ਕਰਨਗੇ।


Sir Speedy Tustin
Printers to the Community
SUBWAY eat fresh.
OPEN 24 HOURS
7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਪੰਜਾਬ ਵਿਚ ਜ਼ਿਮਨੀ ਚੋਣਾਂ ਦਾ ਬਿਗਲ ਵੱਜਿਆ

ਰਾਮ ਆਂਵਲਾ, ਮੁਕੇਰੀਆਂ ਤੋਂ ਇੰਦੂ ਬਾਲਾ ਤੇ ਫਗਵਾੜਾ ਤੋਂ ਬਲਵਿੰਦਰ ਸਿੰਘ ਧਾਲੀਵਾਲ ਨੂੰ ਚੋਣ ਉਮੀਦਵਾਰ ਐਲਾਨਿਆ ਗਿਆ ਹੈ। ਆਈਏਐਸ ਅਫ਼ਸਰ ਬਲਵਿੰਦਰ ਸਿੰਘ ਧਾਲੀਵਾਲ ਨੇ ਹਾਲ ਹੀ 'ਚ ਫਗਵਾੜਾ ਤੋਂ ਜ਼ਿਮਨੀ ਚੋਣ ਲੜਨ ਲਈ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ।

ਉਧਰ ਅਕਾਲੀ ਦਲ ਨੇ ਦਾਖਾ ਵਿਧਾਨ ਸਭਾ ਹਲਕੇ ਤੋਂ ਉਮੀਦਵਾਰ ਐਲਾਨਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਾਖਾ ਵਿਧਾਨ ਸਭਾ ਹਲਕੇ ਤੋਂ ਮਨਪ੍ਰੀਤ ਸਿੰਘ ਇਆਲ਼ੀ ਨੂੰ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਦਾ ਸਾਂਝਾ ਉਮੀਦਵਾਰ ਐਲਾਨ ਦਿੱਤਾ ਹੈ।

ਚੋਣਾਂ ਦੇ ਐਲਾਨ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਸਾਰੀਆਂ ਸੀਟਾਂ ਤੋਂ ਚੋਣ ਲੜਨਗੇ ਤੇ ਜਿੱਤ ਵੀ ਉਨ੍ਹਾਂ ਦੀ ਹੀ ਹੋਏਗੀ।

ਇਸ ਦੇ ਨਾਲ ਹੀ ਪੰਜਾਬ ਦੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਵਿੱਚ ਵੀ 21 ਅਕਤੂਬਰ ਨੂੰ ਹੀ ਚੋਣਾਂ ਹੋਣਗੀਆਂ। 23 ਸਤੰਬਰ ਨੂੰ ਨੋਟੀਫਿਕੇਸ਼ਨ ਜਾਰੀ ਹੋਏਗਾ। 30 ਸਤੰਬਰ ਤੋਂ ਨਾਮਜ਼ਦਗੀਆਂ ਭਰੀਆਂ ਜਾਣਗੀਆਂ। 24 ਨੂੰ ਵੋਟਾਂ ਦੀ ਗਿਣਤੀ ਕੀਤੀ ਜਾਏਗੀ।

ਇਸ ਦੇ ਨਾਲ ਹੀ ਚੋਣ ਕਮਿਸ਼ਨ ਨੇ ਭਾਰਤ ਦੇ ਮਹਾਰਾਸ਼ਟਰ ਤੇ ਹਰਿਆਣਾ 'ਚ ਵੀ ਵਿਧਾਨ ਸਭਾ ਚੋਣਾਂ ਦਾ ਐਲਾਨ ਕਰ ਦਿੱਤਾ ਹੈ। ਮਹਾਰਾਸ਼ਟਰ ਅਤੇ ਹਰਿਆਣਾ 'ਚ ਵੀ 21 ਅਕਤੂਬਰ ਨੂੰ ਹੀ ਚੋਣਾਂ ਹੋਣਗੀਆਂ ਤੇ 24 ਅਕਤੂਬਰ ਨੂੰ ਵੋਟਾਂ ਦੀ ਗਿਣਤੀ ਹੋਵੇਗੀ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚਾਰ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਵਿੱਚ ਕਾਂਗਰਸੀ ਉਮੀਦਵਾਰਾਂ ਲਈ ਮੁਹਿੰਮ ਵਿੱਢਣ ਦਾ ਮੁੱਢ ਬੰਨ੍ਹਦਿਆਂ ਹਰੇਕ ਹਲਕੇ ਵਿੱਚ ਤਿੰਨ ਤੋਂ ਚਾਰ ਕੈਬਨਿਟ ਮੰਤਰੀਆਂ ਵੱਲੋਂ ਚੋਣ ਮੁਹਿੰਮ ਦੀ ਨਿਗਰਾਨੀ ਕਰਨ ਦਾ ਐਲਾਨ ਕੀਤਾ ਹੈ। ਹਰੇਕ ਹਲਕੇ ਵਿੱਚ 16 ਤੋਂ 18 ਵਿਧਾਇਕਾਂ ਤੋਂ ਇਲਾਵਾ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਦੋ ਦਰਜਨ ਸੀਨੀਅਰ ਅਹੁਦੇਦਾਰ ਜੋ ਪਹਿਲਾਂ ਹੀ ਪਾਰਟੀ ਲਈ ਕੰਮ ਕਰ ਰਹੇ ਹਨ, ਵੀ ਮੰਤਰੀਆਂ ਦਾ ਸਾਥ ਦੇਣਗੇ।

ਪਾਰਟੀ ਉਮੀਦਵਾਰਾਂ ਨੂੰ ਚੋਣ ਮੁਹਿੰਮ ਲਈ ਸ਼ੁਭ ਕਾਮਨਾਵਾਂ ਦਿੰਦਿਆਂ ਕੈਪਟਨ ਨੇ ਉਮੀਦਵਾਰਾਂ ਨੂੰ ਅਕਾਲੀ ਦਲ ਅਤੇ ਆਪ ਦੇ ਕੂੜ ਪ੍ਰਚਾਰ ਦਾ ਡਟ ਕੇ ਮੁਕਾਬਲਾ ਕਰਨ ਅਤੇ ਉਨ੍ਹਾਂ ਦੀ ਸਰਕਾਰ ਵੱਲੋਂ ਲੋਕ ਭਲਾਈ ਸਕੀਮਾਂ ਤੇ ਪ੍ਰੋਗਰਾਮਾਂ ਦਾ ਸੰਦੇਸ਼ ਲੋਕਾਂ ਤੱਕ ਪਹੁੰਚਾਉਣ ਲਈ ਆਖਿਆ। ਉਨ੍ਹਾਂ ਨੇ ਉਮੀਦਵਾਰਾਂ ਨੂੰ ਚੋਣ ਮੁਹਿੰਮ ਸਮੇਂ ਰੱਖਿਆਤਮਕ ਪਹੁੰਚ ਨਾ ਅਪਣਾਉਣ ਲਈ ਆਖਿਆ, ਕਿਉਂਕਿ ਸੂਬਾ ਸਰਕਾਰ ਨੇ ਕਾਫੀ ਭਲਾਈ ਤੇ ਵਿਕਾਸ ਕਾਰਜ ਕੀਤੇ ਹਨ।

## ਭਾਜਪਾ ਵਿਚ "ਇਕ ਅਨਾਰ ਸੌ ਬਿਮਾਰ" ਵਾਲੀ ਹਾਲਤ

ਹਨ ਉਨ੍ਹਾਂ ਵਿਚ ਅਨੀਤਾ ਸੋਮ ਪ੍ਰਕਾਸ਼, ਸਾਹਿਲ ਸਾਂਪਲਾ, ਰਜੇਸ਼ ਬਾਘਾ, ਕੌਂਸਲਰ ਓਮ ਪ੍ਰਕਾਸ਼ ਬਿੱਟੂ, ਡਾ. ਦਿਲਬਾਗ ਸਿੰਘ ਅਤੇ ਗੁਰਦੇਵ ਸਿੰਘ ਬੇਦੀ ਸ਼ਾਮਲ ਹਨ। ਮੁਕੇਰੀਆਂ ਉਪ ਚੋਣ ਲਈ 12 ਨਾਂ ਆਏ ਹਨ, ਜਿਨ੍ਹਾਂ ਵਿਚ ਪ੍ਰਮੁੱਖ ਤੌਰ 'ਤੇ ਅਰੂਨੇਸ਼ ਸ਼ਾਕਰ, ਠਾਕੁਰ ਸੰਗਰਾਮ ਸਿੰਘ ਅਤੇ ਜੰਗੀ ਲਾਲ ਮਹਾਜਨ ਸ਼ਾਮਲ ਹਨ। ਅਰੂਨੇਸ਼ ਸ਼ਾਕਰ ਦੋ ਵਾਰ ਮੁਕੇਰੀਆਂ ਹਲਕੇ ਦੀ ਪ੍ਰਤੀਨਿਧਤਾ ਕਰ ਚੁੱਕੇ ਹਨ। ਤਿੰਨ ਵਾਰ ਉਹ ਵਿਧਾਨ ਸਭਾ ਦੀਆਂ ਚੋਣਾਂ ਹਾਰ ਗਏ ਸਨ।

ਪੰਜਾਬ ਭਾਜਪਾ ਦੇ ਪ੍ਰਧਾਨ ਸ਼ਵੇਤ ਮਲਿਕ ਨੇ ਚੋਣ ਕਮਿਸ਼ਨ ਕੋਲੋਂ ਮੰਗ ਕੀਤੀ ਕਿ ਪੰਜਾਬ ਵਿਚ ਕੇਂਦਰੀ ਬਲਾਂ ਦੀ ਨਿਗਰਾਨੀ ਹੇਠ ਉਪ ਚੋਣਾਂ ਕਰਵਾਈਆਂ ਜਾਣ ਕਿਉਂਕਿ ਕੈਪਟਨ ਸਰਕਾਰ ਨੇ ਸੂਬੇ ਵਿਚ ਪਹਿਲਾਂ ਵੀ ਧੱਕੇਸ਼ਾਹੀ ਨਾਲ ਨਗਰ ਨਿਗਮ ਤੇ ਹੋਰ ਚੋਣਾਂ ਜਿੱਤੀਆਂ ਸਨ। ਜਦੋਂ ਉਨ੍ਹਾਂ ਨੂੰ ਇਹ ਸਵਾਲ ਕੀਤਾ ਗਿਆ ਕਿ ਕੀ ਭਾਜਪਾ 'ਚ ਐਮਪੀ ਦੇ ਪਰਿਵਾਰ ਵਿਚ ਹੀ ਵਿਧਾਨ ਸਭਾ ਦੀ ਟਿਕਟ ਦੇਣ ਦਾ ਰੁਝਾਨ ਹੈ ਤਾਂ ਇਸ ਸਵਾਲ ਦਾ ਜਵਾਬ ਦਿੰਦਿਆਂ ਸ੍ਰੀ ਮਲਿਕ ਨੇ ਕਿਹਾ ਕਿ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿਚ ਇਕੋ ਪਰਿਵਾਰ 'ਚ ਐਮਪੀ ਤੇ ਵਿਧਾਇਕ ਹਨ। ਚੋਣਾਂ ਦੌਰਾਨ ਬਾਗੀ ਸੁਰ ਰੱਖਣ ਵਾਲੇ ਆਗੂਆਂ ਨੂੰ ਟਿਕਟ ਦੇਣ ਬਾਰੇ ਪੁੱਛੇ ਸਵਾਲ ਦਾ ਜਵਾਬ ਟਾਲਦਿਆਂ ਸ਼ਵੇਤ ਮਲਿਕ ਨੇ ਕਿਹਾ ਕਿ ਅਜਿਹੇ ਮਾਮਲੇ ਪਾਰਟੀ ਦੇ ਅੰਦਰ ਹੀ ਵਿਚਾਰੇ ਜਾਂਦੇ ਹਨ, ਨਾ ਕਿ ਮੀਡੀਆ 'ਚ।

## ਪੰਜਾਬੀ ਬੋਲੀ ਖਿਲਾਫ ਭੁਗਤੇ ਗੁਰਦਾਸ ਮਾਨ ਦਾ ਵਿਸ਼ਵ ਭਰ 'ਚ ਸਖਤ ਵਿਰੋਧ

ਥੋਪਣ ਦੀ ਹਮਾਇਤ ਕੀਤੇ ਜਾਣ ਅਤੇ ਪੰਜਾਬੀ ਬੋਲੀ ਪ੍ਰਤੀ ਮੰਦ-ਬੋਲ ਬੋਲੇ ਜਾਣ, ਅਤੇ ਇਸੇ ਦਿਨ ਮੋਦੀ ਸਰਕਾਰ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸਾਰੇ ਖਿੱਤੇ ਵਿਚ ਹਿੰਦੀ ਥੋਪਣ ਦੀ ਵਕਾਲਤ ਕਰਨ ਤੋਂ ਬਾਅਦ ਪੰਜਾਬ ਵਿਚ ਪੰਜਾਬੀ ਬੋਲੀ ਦੇ ਹੱਕ ਵਿਚ ਅਤੇ ਹਿੰਦੀ ਥੋਪੇ ਜਾਣ ਦੇ ਵਿਰੋਧ ਵਿਚ ਦੇਖਣਯੋਗ ਹੁਲਾਰਾ ਪੈਦਾ ਹੋਇਆ ਹੈ।

ਪੰਜਾਬੀਆਂ ਤੇ ਦੱਖਣ ਭਾਰਤ ਵਲੋਂ ਵਿਰੋਧ ਹੋਣ 'ਤੇ ਮੋਦੀ ਸਰਕਾਰ ਹਿੰਦੀ, ਹਿੰਦੂ, ਹਿੰਦੁਸਤਾਨ ਦੀ ਨੀਤੀ ਲਾਗੂ ਕਰਨ ਇਕ ਵਾਰ ਤਾਂ ਭੱਜ ਗਈ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਉਨ੍ਹਾਂ ਨੇ ਕਦੇ ਵੀ ਹਿੰਦੀ ਨੂੰ ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਲਾਗੂ ਕਰਨ ਦੀ ਗੱਲ ਨਹੀਂ ਕਹੀ, ਇਸ ਨੂੰ ਸਿਰਫ਼ ਦੂਸਰੀ ਭਾਸ਼ਾ ਵਜੋਂ ਵਰਤਣ ਦੀ ਵਕਾਲਤ ਕੀਤੀ ਸੀ।

ਭਾਵੇਂ ਮੋਦੀ ਸਰਕਾਰ ਨੇ ਹਿੰਦੀ, ਹਿੰਦੂ, ਹਿੰਦੋਸਤਾਨ ਤੋਂ ਆਪਣੇ ਕਦਮ ਹਾਲ ਦੀ ਘੜੀ ਖਿੱਚ ਲਏ ਹਨ, ਪਰ ਪੰਜਾਬ ਦਾ ਗਾਇਕ ਗੁਰਦਾਸ ਮਾਨ ਇਸੇ ਨੀਤੀ ਦੀ ਪੈਰਵਾਈ ਕਰ ਰਿਹਾ ਹੈ ਤੇ ਗੁਰਦਾਸ ਮਾਨ ਹਿੰਦੀ, ਹਿੰਦੂ, ਹਿੰਦੁਸਤਾਨ ਦਾ ਪ੍ਰਤੀਨਿਧ ਬਣਿਆ ਹੋਇਆ ਹੈ।

### ਵੈਨਕੂਵਰ 'ਚ ਕਰੜਾ ਵਿਰੋਧ-

ਦਰਅਸਲ ਸੰਗੀਤਕ ਸ਼ੋਅ ਕਰਨ ਕੈਨੇਡਾ ਪਹੁੰਚੇ ਗੁਰਦਾਸ ਮਾਨ ਨੂੰ ਹਿੰਦੀ ਨਾਲ ਹੇਜ ਕਰਨਾ ਮਹਿੰਗਾ ਪੈ ਰਿਹਾ ਹੈ। ਸਾਰੀ ਦੁਨੀਆ ਵਿਚ ਵਸੇ ਪੰਜਾਬੀ ਪ੍ਰੇਮੀਆਂ ਨੂੰ ਗੁਰਦਾਸ ਮਾਨ ਦੇ ਬਾਈਕਾਟ ਦੀ ਅਪੀਲ ਕੀਤੀ ਗਈ ਹੈ। ਪਤਾ ਲੱਗਾ ਹੈ ਕਿ ਉਨ੍ਹਾਂ ਦਾ ਸ਼ੋਅ ਵੇਖਣ ਆਏ ਦਰਸ਼ਕਾਂ ਵਿਚੋਂ ਵੱਡੀ ਗਿਣਤੀ ਲੋਕ ਟਿਕਟਾਂ ਪਾੜ ਕੇ ਪ੍ਰਦਰਸ਼ਨ ਵਿਚ ਸ਼ਾਮਲ ਹੋਏ ਸਨ। ਵੈਨਕੂਵਰ ਵਿੱਚ ਉਨ੍ਹਾਂ ਦੇ ਸ਼ੋਅ ਦੌਰਾਨ ਹਾਲ ਦੇ ਬਾਹਰ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਅਤੇ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਕੋਆਰਡੀਨੇਟਰ ਡਾ. ਗੁਰਵਿੰਦਰ ਸਿੰਘ ਦੀ ਅਗਵਾਈ ਵਿਚ ਅਨੇਕਾਂ ਸਾਹਿਤਕ ਤੇ ਪੰਥਕ ਜਥੇਬੰਦੀਆਂ ਨੇ ਮੁਜ਼ਾਹਰਾ ਕੀਤਾ ਅਤੇ ਕੁਝ ਬੈਨਰ ਲੈ ਕੇ ਹਾਲ ਦੇ ਅੰਦਰ ਵੀ ਚਲੇ ਗਏ, ਜਿੱਥੇ ਪੰਜਾਬੀ ਗਾਇਕ ਗੁਰਦਾਸ ਮਾਨ ਦਾ ਸ਼ੋਅ ਚੱਲ ਰਿਹਾ ਸੀ। ਜਦੋਂ ਮੰਚ ਤੋਂ ਮਾਨ ਨੇ ਮੁੜ ਹਿੰਦੀ ਭਾਸ਼ਾ ਦਾ ਸਮਰਥਨ ਕੀਤਾ ਹੈ ਤਾਂ ਇਕ ਪੰਜਾਬੀ ਲੇਖਕ ਨੇ ਪੋਸਟਰ ਵਿਖਾ ਕੇ ਇਸ ਦਾ ਕਰੜਾ ਵਿਰੋਧ ਕੀਤਾ। ਇਸ ਦੇ ਜੁਆਬ ਵਿਚ ਮਾਨ ਨੇ ਲੇਖਕ ਖਿਲਾਫ਼ ਤੇ ਪੰਜਾਬੀਆਂ ਲਈ ਭੱਦੀ ਤੇ ਅਸ਼ਲੀਲ ਸ਼ਬਦਾਵਲੀ ਵੀ ਵਰਤੀ।

ਡਾ. ਗੁਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਗੁਰਦਾਸ ਮਾਨ ਸੰਘ ਪਰਿਵਾਰ ਦਾ ਫੀਲਾ ਬਣ ਕੇ ਪੰਜਾਬੀਆਂ ਨੂੰ ਨੀਵਾ ਦਿਖਾ ਰਿਹਾ ਹੈ ਤੇ ਪੰਜਾਬੀ ਬੋਲੀ ਦੀ ਹੋਂਦ ਮਿਟਾਉਣ ਦੇ ਰਾਹ ਪਿਆ ਹੋਇਆ ਹੈ। ਆਪਣੀ ਗਲਤ ਗੱਲ ਨੂੰ ਸਹੀ ਸਾਬਤ ਕਰਨ ਲਈ ਮਾਨ ਦਾ ਇਹ ਕਹਿਣਾ ਕਿ ਉੱਤਰ ਤੋਂ ਲੈ ਕੇ ਦੱਖਣ ਤੱਕ ਸਾਰੇ ਹਿੰਦੁਸਤਾਨ-ਰਾਸ਼ਟਰ ਵਿੱਚ ਇੱਕ ਭਾਸ਼ਾ ਹੋਣੀ ਚਾਹੀਦੀ ਹੈ, ਜਿਵੇਂ ਕਿ ਫਰਾਂਸ ਦੇ ਵਿੱਚ ਤੇ ਜਰਮਨੀ ਦੇ ਵਿੱਚ ਇੱਕ ਭਾਸ਼ਾ ਹੈ, ਬਿਲਕੁਲ ਬੇਤੁਕਾ ਹੈ। ਭਾਰਤ ਵਿੱਚ ਭਗਵੀਆਂ ਤਾਕਤਾਂ ਵੀ ਇਹੀ ਕਰਨ ਦੀ ਕੋਸ਼ਿਸ਼ ਵਿਚ ਹਨ ਅਤੇ ਫਾਸ਼ੀਵਾਦੀ ਨੀਤੀਆਂ ਨਾਲ ਦੱਖਣੀ ਭਾਰਤ ਵਿੱਚ ਵੀ ਹਿੰਦੀ ਨੂੰ ਲਾਗੂ ਕਰਨ ਦਾ ਤਹੱਈਆ ਕੀਤਾ ਹੋਇਆ ਹੈ, ਪਰ ਇਸ ਦੇ ਤਿੱਖੇ ਵਿਰੋਧ ਵਿੱਚ ਉੱਥੋਂ ਦੇ ਸਾਹਿਤਕਾਰ, ਕਲਾਕਾਰ, ਗਾਇਕ -ਗੀਤਕਾਰ ਸਭ ਇੱਕ -ਮੁੱਠ ਹਨ। ਭਾਰਤ ਵਿੱਚ ਭਾਸ਼ਾਵਾਂ ਦੀ ਵੰਨ- ਸੁਵੰਨਤਾ ਹੈ, ਸੱਭਿਆਚਾਰ ਵੱਖੋ- ਵੱਖਰੀ ਹਨ। ਜਬਰੀ ਹਿੰਦੀ ਭਾਸ਼ਾ ਲਾਗੂ ਕਰਨ ਦੀ ਨੀਤੀ ਬਹੁਤ ਵੱਡੀ ਹਿੰਦੂਤਵੀ ਕੱਟੜਤਾ ਤੇ ਘੱਟ ਗਿਣਤੀਆਂ ਦੇ ਵਿਰੋਧ ਵਿੱਚ ਘੜੀ ਗਈ ਚਾਲ ਹੈ, ਜਿਸ ਦੀ ਪ੍ਰੋੜਤਾ ਪੰਜਾਬੀ ਗਾਇਕ ਗੁਰਦਾਸ ਮਾਨ ਵੱਲੋਂ 'ਹੁੰਗਾਰਾ' ਦੇ ਕੇ ਕੀਤੀ ਜਾਣੀ, ਨਿਖੇਧੀਜਨਕ ਹੈ। ਕੈਨੇਡਾ ਵਿਚ ਸ਼ੋਅ ਕਰਨ ਆਏ ਗੁਰਦਾਸ ਮਾਨ ਇੱਥੋਂ ਦੀ ਸਥਿਤੀ ਦੇਖ ਸਕਦੇ ਹਨ ਕਿ ਇੱਥੋਂ ਦੇ ਹੀ ਇੱਕ ਸੂਬੇ ਕਿਊਬੈਕ ਵਿੱਚ ਫਰੈਂਚ ਭਾਸ਼ਾ ਦਾ ਬੋਲਬਾਲਾ ਹੈ ਤੇ ਉੱਥੇ ਧੱਕੇ ਨਾਲ ਕਿਸੇ ਹੋਰ ਭਾਸ਼ਾ ਨੂੰ ਲਾਗੂ ਕੀਤੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਪਰ ਉਨ੍ਹਾਂ ਕੈਨੇਡਾ ਦੀ ਉਦਾਹਰਨ ਛੱਡ ਕੇ ਉਹ ਉਦਾਹਰਨਾਂ ਦਿੱਤੀਆਂ, ਜਿੱਥੇ ਭਾਸ਼ਾਈ ਵੰਨ- ਸੁਵੰਨਤਾ ਨਹੀਂ ਹੈ। ਅਜਿਹੀ ਬਿਆਨਬਾਜ਼ੀ 'ਤੇ ਟਿੱਪਣੀਆਂ ਨੇ ਪੰਜਾਬੀ ਪ੍ਰੇਮੀਆਂ ਦੇ ਦਿਲਾਂ ਨੂੰ ਭਾਰੀ ਸੱਟ ਮਾਰੀ ਹੈ।

### ਐਡਮਿੰਟਨ ਵਿਚ ਰੋਸ ਪ੍ਰਦਰਸ਼ਨ-

ਐਡਮਿੰਟਨ ਵਿਚ ਸੌ ਤੋਂ ਵੱਧ ਮੁਜ਼ਾਹਰਾਕਾਰੀਆਂ ਨੇ ਮਾਨ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਮੁਜ਼ਾਹਰਾਕਾਰੀਆਂ ਨੇ ਹੱਥਾਂ ਵਿਚ ਮਾਨ ਖ਼ਿਲਾਫ਼ ਨਾਅਰਿਆਂ ਵਾਲੇ ਬੈਨਰ ਚੁੱਕੇ ਹੋਏ ਸਨ। ਮੁਜ਼ਾਹਰੇ ਦਾ ਅਸਰ ਗੁਰਦਾਸ ਮਾਨ ਦੇ ਐਡਮਿੰਟਨ ਵਿਖੇ ਹੋਏ ਸ਼ੋਅ ਵਿਚ ਵੀ ਦੇਖਣ ਨੂੰ ਮਿਲਿਆ। ਦਰਸ਼ਕਾਂ ਦੀ ਗਿਣਤੀ ਆਮ ਨਾਲੋਂ ਕਾਫ਼ੀ ਘੱਟ ਸੀ। ਸ਼ੋਅ ਦੌਰਾਨ ਤਿੰਨ ਮੁਜ਼ਾਹਰਾਕਾਰੀਆਂ ਨੇ ਹਾਲ ਵਿਚ ਜਾ ਕੇ ਗੁਰਦਾਸ ਮਾਨ ਦਾ ਤਿੱਖਾ ਵਿਰੋਧ ਕੀਤਾ। ਗੁਰਦਾਸ ਮਾਨ ਭਾਵੇਂ ਕੁਝ ਸਮੇਂ ਲਈ ਉੱਚੀ ਆਵਾਜ਼ ਵਿਚ ਬੋਲੇ ਪਰ ਐਬਸਫੋਰਡ ਵਿਚ ਵਰਤੀ ਭਾਸ਼ਾ ਵਰਤਣ ਤੋਂ ਗੁਰੇਜ਼ ਕੀਤਾ।

ਚੀਫ ਖ਼ਾਲਸਾ ਦੀਵਾਨ ਪ੍ਰਬੰਧਕਾਂ ਨੇ ਉੱਘੇ ਕਲਾਕਾਰ ਗੁਰਦਾਸ ਮਾਨ ਵੱਲੋਂ ਆਪਣੀ ਮਾਂ ਬੋਲੀ ਪੰਜਾਬੀ ਨੂੰ ਨੀਵਾਂ ਦਿਖਾਉਣ ਅਤੇ ਕੈਨੇਡਾ ਵਿਖੇ ਪੰਜਾਬੀ ਭਾਈਚਾਰੇ ਲਈ ਇਤਰਾਜ਼ਯੋਗ ਸ਼ਬਦਾਵਲੀ ਵਰਤਣ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ।

ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਪ੍ਰਧਾਨ ਡਾ. ਤੇਜਵੰਤ ਮਾਨ ਨੇ ਕਿਹਾ ਹੈ ਕਿ ਗੁਰਦਾਸ ਮਾਨ ਨੇ ਇੱਕ ਭਾਸ਼ਾ, ਇੱਕ ਰਾਸ਼ਟਰ ਤੇ ਇੱਕ ਸੱਭਿਆਚਾਰ ਦੇ ਹੱਕ ਵਿਚ ਖੜ੍ਹ ਕੇ ਪੰਜਾਬ ਤੇ ਪੰਜਾਬੀ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਅਜਿਹੇ ਗਾਇਕਾਂ ਦੇ ਮੁਕੰਮਲ ਬਾਈਕਾਟ ਦਾ ਸੱਦਾ ਦਿੱਤਾ ਹੈ। ਡਾ. ਮਾਨ ਨੇ ਕਿਹਾ ਕਿ ਭਾਰਤ ਦੀ ਬਹੁਕੌਮੀ, ਬਹੁ-ਭਾਸ਼ਾਈ ਤੇ ਬਹੁ-ਸੱਭਿਆਚਾਰਕ ਪਛਾਣ ਨੂੰ ਖ਼ਤਮ ਕਰਨ ਵਾਲੀਆਂ ਤਾਕਤਾਂ ਦੇ ਹੱਥਾਂ ਵਿੱਚ ਖੇਡਣ ਵਾਲੇ ਗੁਰਦਾਸ ਮਾਨ ਨੇ ਕਾਫ਼ੀ ਕੁਟਿਲਤਾ ਨਾਲ ਪੰਜਾਬੀ ਭਾਸ਼ਾ ਦੇ ਹਿਤੈਸ਼ੀਆਂ ਨੂੰ ਵਿਹਲੜ ਗਰਦਾਨ ਕੇ ਆਪਣੀ ਗੁਲਾਮ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਦੇ ਪ੍ਰੋਫੈਸਰ ਗੁਰਮੁਖ ਸਿੰਘ ਕਹਿੰਦੇ ਹਨ "ਜਦੋਂ ਗੁਰਦਾਸ ਮਾਨ ਹਿੰਦੋਸਤਾਨੀ ਤੋਂ ਪਹਿਲਾਂ ਮਾਂ ਬੋਲੀ ਦੀ ਗੱਲ ਕਰਦੇ ਹਾਂ ਤਾਂ ਉਹ ਇਤਰਾਜਯੋਗ ਨਹੀਂ ਲੱਗਦੇ, ਪਰ ਜਦੋਂ ਉਹ ਕਹਿੰਦੇ ਹਨ ਕਿ ਇੱਕ ਦੇਸ ਦੀ ਇੱਕ ਭਾਸ਼ਾ ਤਾਂ ਹੋਣੀ ਹੀ ਚਾਹੀਦੀ ਹੈ ਤਾਂ ਇਹ ਭਾਰਤ ਦੇ ਬਹੁਸੱਭਿਅਕ ਖਾਸੇ ਦੇ ਖਿਲਾਫ਼ ਭੁਗਤਦੇ ਦਿਖਦੇ ਹਨ।"

ਦਿੱਲੀ ਤੋਂ ਸਿੱਖ ਪੱਤਰਕਾਰ ਜਰਨੈਲ ਸਿੰਘ ਨੇ ਵੀ ਫੇਸਬੁੱਕ 'ਤੇ ਵੀਡੀਓ ਜਾਰੀ ਕਰਕੇ ਗੁਰਦਾਸ ਮਾਨ ਦੇ ਬਿਆਨ ਦਾ ਸਖ਼ਤ ਵਿਰੋਧ ਕੀਤਾ ਹੈ। ਉਨ੍ਹਾਂ ਆਖਿਆ ਕਿ ਪੰਜਾਬੀਆਂ ਨੂੰ ਪੰਜਾਬੀ ਨਾਲੋਂ ਤੋੜ ਕੇ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਤੋਂ ਦੂਰ ਕਰਨ ਦੀ ਸਾਜਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ 'ਇਕ ਦੇਸ਼-ਇਕ ਬੋਲੀ' ਅਸਲ ਵਿਚ ਸਾਰਿਆਂ ਨੂੰ ਇਕ ਧਰਮ ਵੱਲ ਲਿਜਾ ਰਹੀ ਹੈ। ਜਿਸ ਨੂੰ ਸਮਝਣ ਦੀ ਲੋੜ ਹੈ। ਉਨ੍ਹਾਂ ਨੇ ਮਾਨ 'ਤੇ ਨਿਸ਼ਾਨਾ ਸਾਧਦਿਆ ਆਖਿਆ ਕਿ ਮਾਨ ਯੂਰਪ ਦੀ ਗੱਲ ਕਰਦੇ ਹਨ ਕਿ ਉਥੇ ਇਕ ਭਾਸ਼ਾ ਬੋਲੀ ਜਾਂਦੀ ਹੈ ਪਰ ਮੈਂ ਉਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹੈ ਕਿ ਪੂਰੇ ਯੂਰਪ ਵਿਚ ਇਕ ਭਾਸ਼ਾ ਨਹੀਂ ਬੋਲੀ ਜਾਂਦੀ ਬਲਕਿ ਕੁਝ ਖਿੱਤਿਆਂ ਦੀ ਆਪਣੀ ਬੋਲੀ ਹੈ। ਭਾਰਤ ਵਿਚ ਵੀ ਬੋਲੀਆਂ ਦੇ ਆਧਾਰ 'ਤੇ ਖਿੱਤਿਆਂ ਦੀ ਵੰਡ ਹੋਈ ਹੈ। ਉਨ੍ਹਾਂ ਕਿਹਾ ਕਿ ਮਾਨ ਦਾ ਇਹ ਬਿਆਨ ਗੁਰੂ ਗ੍ਰੰਥ ਸਾਹਿਬ ਜੀ ਤੋਂ ਦੂਰ ਕਰਨ ਦੀ ਸਾਜਿਸ਼ ਹੈ ਤਾਂ ਜੋ ਉਨ੍ਹਾਂ ਨੂੰ ਸਿੱਖੀ ਤੋਂ ਦੂਰ ਕੀਤਾ ਜਾ ਸਕੇ ਪਰ ਪੰਜਾਬੀਆਂ ਨੂੰ ਇਸਨੂੰ ਲੈ ਕੇ ਸੁਚੇਤ ਹੋਣ ਦੀ ਲੋੜ ਹੈ।

### ਪੰਜਾਬੀ ਕਲਾਕਾਰਾਂ ਨੇ ਮੰਦਭਾਗਾ ਦੱਸਿਆ-

ਪੰਜਾਬ ਦੇ ਨਾਮਵਰ ਕਲਾਕਾਰਾਂ ਪੰਮੀ ਬਾਈ, ਸੁਖਵਿੰਦਰ ਸੁੱਖੀ, ਹਰਿੰਦਰ ਸੰਧੂ, ਭਗਵਾਨ ਹਾਂਸ, ਨਛੱਤਰ ਸਿੰਘ ਸੂਫ਼ੀ, ਚਾਨਾ ਕਟਾਣੇ ਵਾਲਾ ਸਮੇਤ ਇਕ ਦਰਜਨ ਦੇ ਕਰੀਬ ਗਾਇਕਾਂ ਵਲੋਂ ਗੁਰਦਾਸ ਮਾਨ ਦੀ ਪੰਜਾਬੀ ਵਿਰੋਧੀ ਨੀਤੀ ਨੂੰ ਮੰਦਭਾਗਾ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬੀ ਸਾਡੀ ਮਾ ਬੋਲੀ ਹੈ ਤੇ ਮਾਤ ਭਾਸ਼ਾ ਹੈ ਅਸੀਂ ਇਸੇ ਦਾ ਦਿੱਤਾ ਖਾਦੇ ਹਾਂ ਫੇਰ ਸਾਨੂੰ ਇਸ ਦੇ ਹੱਕ ਵਿਚ ਖੜ੍ਹਨ ਤੋਂ ਝਿਜਕਣਾ ਨਹੀਂ ਚਾਹੀਦਾ, ਜੇਕਰ ਪੰਜਾਬੀ ਨਾ ਰਹੀ ਤਾ ਅਸੀਂ ਵੀ ਨਹੀਂ ਰਹਾਗੇ। ਉਨ੍ਹਾਂ ਕੈਨੇਡਾ ਵਿਖੇ ਗੁਰਦਾਸ ਮਾਨ ਵਲੋਂ ਸਰੋਤਿਆਂ ਨੂੰ ਵਰਤੀ ਭੱਦੀ ਸ਼ਬਦਾਵਲੀ ਸਬੰਧੀ ਕਿਹਾ ਕਿ ਇਕ ਵੱਡੇ ਕਲਾਕਾਰ ਨੂੰ ਸ਼ਰੇਆਮ ਇਹ ਗੱਲ ਸ਼ੋਭਾ ਨਹੀਂ ਦਿੰਦੀ। ਉਨ੍ਹਾਂ ਕਿਹਾ ਕਿ ਇਸ ਮੰਦਭਾਗੀ ਘਟਨਾ ਨੇ ਸਮੂਹ ਪੰਜਾਬੀਆਂ ਦੇ ਦਿਲਾਂ ਨੂੰ ਠੇਸ ਪਹੁੰਚਾਈ ਹੈ।

ਸਾਹਿਤਕ ਤੇ ਪੰਥਕ ਜਥੇਬੰਦੀਆਂ ਵਲੋਂ ਵਿਰੋਧ-

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਗੁਰਦਾਸ ਮਾਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬੀ ਮਾਂ ਬੋਲੀ ਦੇ ਨਾਂ 'ਤੇ ਆਪਣੀ ਰੋਟੀ ਚਲਾਉਣ ਵਾਲੇ ਲੋਕਾਂ ਦਾ ਦੋਗਲਾ ਚਿਹਰਾ ਪੰਜਾਬੀਆਂ ਨੂੰ ਪ੍ਰਵਾਨ ਨਹੀਂ। ਗੁਰਦਾਸ ਮਾਨ ਨੂੰ ਆਪਣੀ ਗ਼ਲਤੀ 'ਤੇ ਤੁਰੰਤ ਮਾਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਵੀ ਪੰਜਾਬੀ ਦੀ ਅਣਦੇਖੀ ਲਈ ਸਵਾਲਾਂ ਦੇ ਘੇਰੇ ਵਿਚ ਲਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਪੰਜਾਬ ਅੰਦਰ ਥਾਂ-ਥਾਂ ਲਾਏ ਗਏ ਅੰਗਰੇਜ਼ੀ ਦੇ ਬੋਰਡ ਪੰਜਾਬ ਸਰਕਾਰ ਦੀ ਪੰਜਾਬੀ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਹਨ। ਇਸ ਨਾਲ ਪੰਜਾਬੀ ਭਾਸ਼ਾ ਦਾ ਮਾਣ ਘਟਿਆ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਹਿੰਦੀ ਦਿਵਸ ਵਾਲੇ ਦਿਨ ਭਾਸ਼ਾ ਵਿਭਾਗ ਦੇ ਇਕ ਸਮਾਗਮ ਵਿਚ ਪੰਜਾਬੀ ਦਾ ਨਿਰਾਦਰ ਕੀਤਾ ਗਿਆ ਸੀ। ਪੰਜਾਬੀ ਭਾਸ਼ਾ ਪ੍ਰਤੀ ਪੰਜਾਬ ਸਰਕਾਰ ਆਪਣੀ ਨੀਤੀ ਸਪੱਸ਼ਟ ਕਰੇ।

## ਪੰਜਾਬੀ ਗਾਇਕਾਂ ਤੇ ਇਤਿਹਾਸਕਾਰਾਂ ਨੂੰ ਆਪਣੀਆਂ ਜਮੀਰਾਂ ਪਛਾਨਣ ਦੀ ਲੋੜ

ਇੱਕ ਕੌਮ (ਹਿੰਦੂ ਕੌਮ) ਦੇ ਸੰਕਲਪ ਦੇ ਧਾਰਨੀ ਹਨ। ਇਹ ਹਿੰਦੂ ਧਰਮ ਦੀਆਂ ਪ੍ਰਾਚੀਨ ਅਤੇ ਮੱਧਕਾਲੀਨ ਪਿਛਾਂਹਖਿੱਚੂ ਅਤੇ ਰੂੜੀਵਾਦੀ ਰਸਮਾਂ-ਰਿਵਾਜਾਂ ਅਤੇ ਗੈਰ-ਵਿਗਿਆਨਕ ਮਿੱਥਾਂ-ਮਨੌਤਾਂ ਨੂੰ "ਹਿੰਦੂਤਵ" ਦੇ ਚੋਲੇ ਵਿੱਚ ਸ਼ਿੰਗਾਰ ਕੇ ਅਖੌਤੀ ਕੌਮੀ ਸਭਿਆਚਾਰ ਦਾ ਨਾਂ ਦਿੰਦੀਆਂ ਹਨ। ਵੱਖ ਵੱਖ ਘੱਟ ਗਿਣਤੀ ਧਾਰਮਿਕ ਭਾਈਚਾਰਿਆਂ ਦਾ ਵਜੂਦ, ਮੁਲਕ ਵਿੱਚ ਦਰਜਨਾਂ ਕੌਮੀਅਤਾਂ ਦੀ ਹੋਂਦ, ਉਹਨਾਂ ਦੀਆਂ ਵੱਖ ਵੱਖ ਬੋਲੀਆਂ ਅਤੇ ਸਭਿਆਚਾਰਾਂ ਦੀ ਮੌਜੂਦਗੀ ਨੂੰ ਇਹ ਪ੍ਰਵਾਨ ਨਹੀਂ ਕਰਦੀਆਂ। ਇਸ ਸਭ ਧਾਰਮਿਕ ਘੱਟ-ਗਿਣਤੀਆਂ ਅਤੇ ਕੌਮੀਅਤਾਂ ਨੂੰ ਜਬਰੀ "ਹਿੰਦੂਤਵ" ਦੀ ਅਧੀਨਗੀ ਹੇਠ ਲਿਆਉਣ ਅਤੇ ਹਿੰਦੂ ਧਰਮ ਵਿੱਚ ਸਮੋਣ ਦਾ ਭਰਮ ਪਾਲਦੀਆਂ ਹਨ। ਸਭਨਾਂ ਕੌਮੀਅਤਾਂ ਨੂੰ ਅਖੌਤੀ ਹਿੰਦੂ ਕੌਮਵਾਦ ਵਿੱਚ ਆਤਮਸਾਤ ਕਰਨ ਦਾ ਭਰਮ ਪਾਲਦੀਆਂ ਹਨ। ਮੁਲਕ ਅੰਦਰ ਸਭਨਾਂ ਕੌਮੀਅਤਾਂ ਅਤੇ ਸਭਿਆਚਾਰਾਂ ਦੀ ਥਾਂ ਹਿੰਦੀ ਅਤੇ ਸੰਸਕ੍ਰਿਤ ਬੋਲੀਆਂ ਅਤੇ ਅਖੌਤੀ ਹਿੰਦੂਤਵ ਸਭਿਆਚਾਰ ਠੋਸਣ ਦੇ ਮਨਸੂਬੇ ਪਾਲਦੀਆਂ ਹਨ। ਇਉਂ ਸਪਸ਼ਟ ਹੈ ਕਿ ਇਹ ਫਿਰਕੂ ਭਗਵਾਂ ਸਿਸਟਮ ਹਿੰਦੂਤਵੀ ਫਾਸ਼ੀ ਏਜੰਡਾ ਲੈ ਕੇ ਚੱਲ ਰਿਹਾ ਹੈ ਅਤੇ ਕਦਮ-ਬ-ਕਦਮ ਇਸ ਏਜੰਡੇ ਨੂੰ ਲਾਗੂ ਕਰਨ ਲਈ ਤਾਣ ਲਾ ਰਿਹਾ ਹੈ। ਗੁਰਦਾਸ ਮਾਨ ਆਪਣੇ ਭਗਵੇ ਪ੍ਰਭੂਆਂ ਅਧੀਨ ਸਰਗਰਮ ਹੈ। ਇਹ ਫੀਲੇ ਹਨ ਤੇ ਫੀਲਿਆਂ ਦਾ ਇਲਾਜ ਪੰਜਾਬੀਆਂ ਦੀ ਇਕਮੁਠਤਾ ਤੇ ਫੀਲਿਆਂ ਦਾ ਬਾਈਕਾਟ ਹੈ।

ਬੀਤੇ ਦਿਨੀਂ ਪੱਤਰਕਾਰ ਚਰਨਜੀਤ ਸਿੰਘ ਸੁਜੋਂ ਨੇ ਵੈਨਕੂਵਰ ਵਿਚ ਗੁਰਦਾਸ ਮਾਨ ਦੇ ਦੇ ਸ਼ੋਅ ਦੌਰਾਨ ਉਸ ਦਾ ਵਿਰੋਧ ਕੀਤਾ ਤਾਂ ਗੁਰਦਾਸ ਮਾਨ ਉਸ ਨੂੰ ਤੇ ਪੰਜਾਬੀਆ ਦੇ ਹਕ ਵਿਚ ਡਟਣ ਵਾਲਿਆਂ ਨੂੰ ਅਸ਼ਲੀਲ ਗਾਲਾਂ ਕੱਢੀਆਂ। ਅਸਲ ਵਿਚ ਗੁਰਦਾਸ ਮਾਨ ਕੋਲ ਸਭ ਵਿਚਾਰ ਖਤਮ ਹਨ। ਜਦੋਂ ਮਨੁੱਖ ਆਪਣੀ ਜਮੀਰ ਮਾਰ ਕੇ ਆਪਣੀ ਕੌਮੀਅਤ ਦੇ ਵਿਰੋਧੀਆਂ ਦਾ ਫੀਲਾ ਬਣ ਜਾਂਦਾ ਹੈ ਤਾਂ ਉਹ ਆਪਣੀ ਹੋਂਦ ਤੇ ਸਤਿਕਾਰ ਗੁਆ ਬੈਠਦਾ ਹੈ। ਇਹ ਸਤਿਕਾਰ ਹੀ ਤੇ ਆਪਣੀ ਸਭਿਅਤਾ ਦਾ ਮਾਣ ਮਨੁੱਖ ਨੂੰ ਨਾਇਕ ਬਣਾਉਂਦੀ ਹੈ ਤੇ ਵਿਰੋਧੀਆਂ ਨਾਲ ਗੱਠਜੋੜ ਖਲਨਾਇਕ ਬਣਾਉਂਦੀ ਹੈ। ਅੱਜ ਮਾਨ ਦੀ ਹਾਲਤ ਖਲਨਾਇਕ ਵਰਗੀ ਹੈ। ਪਰਵਾਸੀ ਪੰਜਾਬੀਆਂ ਦੇ ਵਡੇ ਵਿਰੋਧ ਨੇ ਉਸਦਾ ਭਵਿੱਖ ਸਟਾਰ ਉਡਾ ਦਿੱਤਾ ਹੈ। ਇਹ ਸਟਾਰ ਖੁਸਣਾ ਉਸ ਦੀ ਖਿਝ ਦਾ ਕਾਰਣ ਹੈ। ਇਸੇ ਕਰਕੇ ਉਹ ਆਪਣੇ ਵਿਰੋਧ ਕਰਨ ਵਾਲੇ ਪੰਜਾਬੀਆਂ ਨੂੰ ਗਾਲ੍ਹਾਂ ਕੱਢ ਰਿਹਾ ਹੈ। ਲੇਖਕ ਤੇ ਪੱਤਰਕਾਰ ਸੂਜੋ ਇਸ ਪੰਜਾਬੀ ਮਿਸ਼ਨ ਦਾ ਸਟਾਰ ਹੈ। ਗੁਰਦਾਸ ਮਾਨ ਦੀ ਭੈੜੀ ਹਰਕਤ ਸੂਜੋ ਨੂੰ ਸਟਾਰ ਬਣਾ ਗਈ।

ਪੰਜਾਬ ਸਿਰਫ ਸਿਖਾਂ ਦਾ ਨਹੀਂ ਇਹ ਮੂਲ ਨਿਵਾਸੀਆਂ, ਪੰਜਾਬੀ ਹਿੰਦੂਆਂ, ਮੁਸਲਮਾਨਾਂ, ਈਸਾਈਆਂ ਦਾ ਵੀ ਹੈ ਤੇ ਹਰੇਕ ਪੰਜਾਬੀ ਦਾ ਹੈ ਜੋ ਗੁਰੂ ਦੀ ਸਿਰਜੀ ਸਭਿਅਤਾ ਨੂੰ ਪਿਆਰ ਕਰਦਾ ਸਾਂਝੀਵਾਲਤਾ ਦੇ ਮਾਰਗ 'ਤੇ ਚਲਦਾ ਹੈ। ਪਰਵਾਸੀ ਪੰਜਾਬੀ ਭਾਈਚਾਰਾ ਇਹਨਾਂ ਪੰਜਾਬੀ ਵਿਰੋਧੀ ਗਾਇਕਾਂ ਦਾ ਬਾਈਕਾਟ ਕਰ ਦੇਵੇ ਤਾਂ ਪੰਜਾਬ ਵਿਚ ਇਹ ਕਾਂਗਰਸੀ ਬੂਟੀ ਨਾ ਉਗੇ। ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਹਿੰਦੀ ਪੂਰੇ ਦੇਸ ਦੀ ਸਾਂਝੀ ਭਾਸ਼ਾ ਨਹੀਂ ਬਣ ਸਕਦੀ। ਇਹ ਆਰੀਅਨ ਭਾਸ਼ਾ ਹੈ ਜੋ ਸੰਸਕ੍ਰਿਤ ਵਿਚੋਂ ਨਿਕਲੀ ਹੈ। ਗੁਰਮੁਖੀ ਪ੍ਰਾਚੀਨ ਪੰਜਾਬੀ ਭਾਸ਼ਾ ਦਾ ਮੂਲ ਪ੍ਰਾਕ੍ਰਿਤ ਹੈ ਅਤੇ ਅੱਜ ਜਿਸ ਨੂੰ ਪੰਜਾਬੀ ਵਜੋਂ ਜਾਣਿਆ ਜਾਂਦਾ ਹੈ ਤੇ ਸਾਧ ਭਾਖਾ ਵਿਚੋ ਉਪਜੀ ਬਾਬਾ ਫਰੀਦ ਗੁਰੂਆਂ ਦੀ ਬੋਲੀ ਹੈ ਜਿਸ ਦੀ ਲਿਪੀ ਗੁਰਮੁਖੀ ਹੈ। ਬੁਧ ਧਰਮ ਦੀ ਪਾਲੀ ਭਾਸ਼ਾ ਵੀ ਪਰਕਿਰਤ ਵਿਚੋਂ ਨਿਕਲੀ ਹੈ। ਇਹ ਆਰੀਅਨਾਂ ਵਲੋਂ ਮਿਟਾ ਦਿਤੀ ਗਈ। ਭਾਰਤ ਵਿੱਚ ਪੰਜਾਬੀ ਭਾਸ਼ਾ ਲਈ ਵਰਤੀ ਜਾਣ ਵਾਲੀ ਲਿੱਪੀ ਨੂੰ ਗੁਰਮੁਖੀ ਲਿੱਪੀ ਕਿਹਾ ਜਾਂਦਾ ਹੈ। ਸ਼ਬਦ ਗੁਰਮੁਖੀ ਦੋ ਸ਼ਬਦਾਂ ਗੁਰੂ ਅਤੇ ਮੁਖੀ ਨਾਲ ਮਿਲ ਕੇ ਬਣਿਆ ਹੋਇਆ ਹੈ ਜਿਸ ਦਾ ਭਾਵ ਗੁਰੂ ਦੇ ਮੁੱਖ ਤੋਂ ਹੈ। ਧਾਰਮਿਕ ਗ੍ਰੰਥ 'ਗੁਰੂ ਗ੍ਰੰਥ ਸਾਹਿਬ' ਇਸੇ ਲਿੱਪੀ ਵਿੱਚ ਲਿਖਿਆ ਹੋਇਆ ਹੈ। ਸਿੱਖਾਂ ਦੇ ਦੂਜੇ ਗੁਰੂ, ਗੁਰੂ ਅੰਗਦ ਦੇਵ ਜੀ ਨੇ ਇਸ ਲਿੱਪੀ ਦੀ ਸਿਰਜਨਾ ਕੀਤੀ। ਇਸ ਲਿੱਪੀ ਦੇ ਪੈਂਤੀ ਅੱਖਰ ਹਨ ਇਸ ਕਰਕੇ ਇਸ ਨੂੰ ਪੈਂਤੀ ਵੀ ਕਿਹਾ ਜਾਂਦਾ ਹੈ। ਪੰਜਾਬੀ ਵਿੱਚ ਅਰਬੀ, ਫ਼ਾਰਸੀ ਦੇ ਬਹੁਤ ਸਾਰੇ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜਿਸ ਕਰਕੇ ਇਸ ਲੋੜ ਨੂੰ ਪੂਰਾ ਕਰਨ ਲਈ ਛੇ ਅੱਖਰਾਂ ਹੇਠ ਬਿੰਦੀ ਲਗਾ ਕੇ ਇਹ ਲੋੜ ਪੂਰੀ ਕੀਤੀ ਗਈ ਹੈ। ਇਨ੍ਹਾਂ ਛੇ ਅੱਖਰਾਂ ਨੂੰ ਲਿੱਪੀ ਵਿੱਚ ਸ਼ਾਮਲ ਕਰਨ ਨਾਲ ਅੱਖਰਾਂ ਦੀ ਗਿਣਤੀ 41 ਹੋ ਜਾਂਦੀ ਹੈ। ਇਸ ਪੰਜਾਬ ਤੇ ਪੰਜਾਬੀ ਭਾਸ਼ਾ ਨੂੰ ਆਰੀਅਨ ਗਰੰਥਾਂ ਵਿਚ ਉਜਡਾਂ ,ਗੰਵਾਰਾਂ ਦੀ ਸਭਿਅਤਾ ਦਸਿਆ ਹੈ। ਜਦ ਕਿ ਇਹ ਲੋਕਾਂ, ਕਿਰਤੀਆਂ ਦੀ ਸਭਿਅਤਾ ਤੇ ਭਾਸ਼ਾ ਹੈ। ਸੰਵਿਧਾਨ ਵਿਚ ਵਨਸਵੰਨੀ ਸਭਿਅਤਾਵਾਂ ਦਾ ਦੇਸ ਭਾਰਤ ਦਸਿਆ ਹੈ । ਹਿੰਦੀ, ਹਿੰਦੂ ਹਿੰਦੋਸਤਾਨ ਨੂੰ ਮਾਨਤਾ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੇ ਨਹੀਂ ਦਿੱਤੀ। ਬਾਬਾ ਸਾਹਿਬ ਦੀ ਫਿਲਾਸਫੀ ਵਿਚ ਇਸ ਸਿਧਾਂਤ ਦਾ ਕਰੜਾ ਵਿਰੋਧ ਹੈ। ਗੁਰਦਾਸ ਮਾਨ ਵਰਗੇ ਨਾਚਾਰ ਕਿਸੇ ਸਭਿਅਤਾ ਤੇ ਭਾਸ਼ਾ ਦੀ ਗੁਣਵਤਾ ਸਮਝ ਨਹੀਂ ਸਕਦੇ। ਇਹ ਨਾਚਾਰ ਸਭਿਅਤਾਵਾਂ ਦੀ ਵੰਨ ਸਵੰਨਤਾ ਨੂੰ ਨਹੀਂ ਜਾਣਦੇ। ਦੱਖਣ ਭਾਰਤ ਵਿਚ ਅਸਾਮ, ਕਸ਼ਮੀਰ ਤੇ ਆਦਿਵਾਸੀ ਸੂਬਿਆਂ ਨਾਗਾਲੈਂਡ, ਤ੍ਰਿਪੁਰਾ, ਝਾਰਖੰਡ ਆਦਿ ਵਿਚ ਹਿੰਦੀ ਭਾਸ਼ਾ ਨਹੀਂ ਵੜਨ ਦਿਤੀ। ਪੰਜਾਬੀ ਸੂਬਾ ਬਣਨ ਦੇ ਬਾਵਜੂਦ ਹਿੰਦੀ ਧਕੇ ਨਾਲ ਵਾੜੀ ਗਈ। ਕੈਨੇਡਾ ਵਿਚ ਕਿਊਬਕ ਸੂਬਾ ਹੈ ਜਿਸ ਨੇ ਆਪਣੀ ਭਾਸ਼ਾ, ਸਭਿਅਤਾ ਤੇ ਇਮਾਰਤਸਾਜ਼ੀ ਕਾਇਮ ਰਖੀ ਹੈ। ਭਾਰਤ ਵੀ ਇਕ ਉਦਾਹਰਣ ਹੈ ਜਿਸ ਦਾ ਮੌਲਿਕ ਗਰੰਥ ਗੁਰੂ ਗਰੰਥ ਸਾਹਿਬ ਹੈ ਜਿਸ ਵਿਚ ਵੱਖ ਵੱਖ ਸੂਬਿਆਂ ਦੇ ਰਹਿਬਰਾਂ ਦੀ ਬਾਣੀ ਸ਼ਾਮਲ ਹੈ ਜੋ ਵਨਸਵੰਨੀ ਸਭਿਅਤਾਵਾਂ ਤੇ ਭਾਸ਼ਾ 'ਤੇ ਪਹਿਰਾ ਦੇਂਦੀ ਹੈ। ਨਾਚਾਰ ਗੁਰਦਾਸ ਮਾਨ ਤੇ ਉਸਦੇ ਪ੍ਰਭੂ ਮਹਾਨ ਗੁਰੂ ਗਰੰਥ ਸਾਹਿਬ ਦੀ ਫਿਲਾਸਫੀ ਤੇ ਜੁਗਤ ਨਹੀਂ ਸਮਝ ਸਕੇ ,ਕਿਉਂ ਕਿ ਭਗਵਿਆਂ ਦੇ ਰੰਗ ਵਿਚ ਮਸਤ ਹਨ।

## Classified

**BRIDE WANTED**

Jatt sikh boy, Age 40 years, Single, Height-5”/11, Profession Dentist Doctor.

**Contact : 909 815 2797**


## ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ

ਤੇਜੋ ਛੱੜ੍ਹੀ ਭਾਗ ਬਡ ਨਿਸ ਦਿਨ ਪ੍ਰਭੁ ਚੇਤੰ ॥2 ॥
(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 14)

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪੁੱਤਰੀ ਬੀਬੀ ਅਮਰੋ ਜੀ, ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਭਾਈ ਜੱਸੂ ਨਾਲ ਵਿਆਹੀ ਹੋਈ ਸੀ। ਉਹ ਪਿਛਲ- ਰਾਤ ਜਾਗ ਕੇ ਇਸ਼ਨਾਨ ਕਰਕੇ ਗੁਰਬਾਣੀ ਬੜੇ ਪ੍ਰੇਮ ਨਾਲ ਪੜ੍ਹਦੀ ਸੀ। ਇਕ ਦਿਨ ਉਸ ਪਾਠ ਕਰਦੀ ਨੂੰ ਸੁਣ ਕੇ, ਸ੍ਰੀ ਗੁਰੂ ਅਮਰਦਾਸ ਜੀ ਦੇ ਹਿਰਦੇ ਵਿਚ ਖਿੱਚ ਪਈ ਤੇ ਉਹ ਬੀਬੀ ਅਮਰੋ ਜੀ ਪਾਸ ਆ ਕੇ ਕਹਿਣ ਲੱਗੇ, ਹੇ ਪੁੱਤਰੀ! ਜੋ ਤੂੰ ਪੜ੍ਹ ਰਹੀ ਸੀ ਉਹ ਮੈਨੂੰ ਫਿਰ ਪੜ੍ਹ ਕੇ ਸੁਣਾ, ਉਸ ਨੇ ਤਾਂ ਮੇਰੇ ਸਰੀਰ 'ਚ ਜਾਨ ਜਿਹੀ ਪਾ ਦਿੱਤੀ। ਬੀਬੀ ਅਮਰੋ ਜੀ ਨੇ ਗੁਰ-ਸ਼ਬਦ ਦਾ ਉਚਾਰਨ ਇਉਂ ਕੀਤਾ:

ਕਰਣੀ ਕਾਗਦੁ ਮਨੁ ਮਸਵਾਣੀ
ਬੁਰਾ ਭਲਾ ਦੁਇ ਲੇਖ ਪਾਏ ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ
ਤਉ ਗੁਣ ਨਾਹੀ ਅੰਤੁ ਹਰੇ ॥
ਚਿਤ ਚੇਤਸਿ ਕੀ ਨਹੀ ਬਾਵਰਿਆ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥ (ਪੰਨਾ 990)।

ਇਹ ਸੁਣਦਿਆਂ ਹੀ ਸ੍ਰੀ ਅਮਰਦਾਸ ਜੀ ਦੇ ਮਨ ਨੂੰ ਸ਼ਾਂਤੀ ਆ ਗਈ ਤੇ ਹਿਰਦਾ- ਕਮਲ ਖਿੜ ਉੱਠਿਆ। ਆਪ ਜੀ ਨੇ ਪੁੱਛਿਆ,ਬੀਬੀ! ਇਹ ਸ਼ਬਦ ਕਿਸ ਦਾ ਉਚਾਰਿਆ ਹੋਇਆ ਹੈ? ਬੀਬੀ ਅਮਰੋ ਜੀ ਨੇ ਦੱਸਿਆ ਕਿ ਇਹ ਸ਼ਬਦ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਹੋਇਆ ਹੈ, ਜੋ ਜੋਤੀ-ਜੋਤਿ ਸਮਾ ਚੁੱਕੇ ਹਨ ਤੇ ਮੇਰੇ ਪਿਤਾ ਜੀ ਹੁਣ ਉਸ ਗੱਦੀ 'ਤੇ ਬਿਰਾਜਮਾਨ ਹਨ। ਸ੍ਰੀ ਗੁਰੂ ਅਮਰਦਾਸ ਜੀ ਨੇ ਬੀਬੀ ਅਮਰੋ ਜੀ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਆਪਣੇ ਪਿਤਾ ਜੀ ਪਾਸ ਲੈ ਚੱਲੇ। ਬੀਬੀ ਅਮਰੋ ਜੀ ਉਨ੍ਹਾਂ ਨੂੰ ਖਡੂਰ ਸਾਹਿਬ ਆਪਣੇ ਪਿਤਾ ਗੁਰੂ, ਸ੍ਰੀ ਅੰਗਦ ਦੇਵ ਜੀ ਪਾਸ ਲੈ ਗਈ, ਕੁੜਮ ਆਏ ਜਾਣ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਆਦਰ ਵਿਚ ਖੜ੍ਹੇ ਹੋ ਗਏ ਤਾਂ ਸ੍ਰੀ ਅਮਰਦਾਸ ਜੀ ਨੇ ਆਪ ਜੀ ਦੇ ਚਰਨ ਫੜ ਲਏ-

ਚਰਨ ਗਹੇ ਸ੍ਰੀ ਅਮਰ ਤਬਿ ਬੰਦਨ ਕੋ ਠਾਨੀ।
ਉਚਿਤ ਨਹੀਂ ਗਰ ਮਿਲਨ ਕੇ ਲਿਹੁ ਦਾਸ ਪਛਾਨੀ।
(ਰਾਸਿ 1, ਅੰਸੂ 15)।

ਇਸ ਤਰ੍ਹਾਂ ਗੁਰੂ ਅਤੇ ਚੇਲੇ ਦਾ ਪਹਿਲਾ ਮਿਲਾਪ ਹੋਇਆ। ਸ੍ਰੀ ਗੁਰੂ ਅਮਰਦਾਸ ਜੀ 'ਤੇ ਪ੍ਰਭੂ ਬਖਸ਼ਿਸ਼ ਹੋਈ ਤੇ ਆਪ ਗੁਰੂ ਸੇਵਾ ਪ੍ਰਭੂ- ਸਿਮਰਨ ਦੇ ਮਾਰਗ ਵਿਚ ਆ ਗਏ। ਆਪ ਨੇ ਜ਼ਿੰਦਗੀ ਦੀ ਵਡੇਰੀ ਉਮਰ ਦੇ ਹੁੰਦਿਆਂ ਗੁਰੂ ਸੇਵਾ ਦੀ ਕਰੜੀ ਘਾਲ ਘਾਲੀ। ਆਪ ਨੇ ਪਾਣੀ ਭਰਨ ਦੀ ਸੇਵਾ ਸੰਭਾਲੀ ਗੁਰੂ ਸਾਹਿਬ ਦੇ ਇਸ਼ਨਾਨ ਲਈ ਤੇ ਸੰਗਤ ਦੇ ਪੀਣ ਲਈ ਆਪ ਜਲ ਢੋਂਦੇ ਰਹੇ। ਬਿਆਸ ਦਰਿਆ ਤੋਂ ਜਲ ਲਿਆ ਕੇ ਗੁਰੂ ਜੀ ਦਾ ਇਸ਼ਨਾਨ ਕਰਵਾਉਣ ਪਿੱਛੋਂ ਬਸਤਰ ਧੋ ਕੇ ਲਿਆਉਂਦੇ, ਬੜਾ ਘੱਟ ਬੋਲਦੇ, ਥੋੜ੍ਹਾ ਖਾਂਦੇ ਤੇ ਥੋੜ੍ਹਾ ਹੀ ਸੌਂਦੇ ਸਨ। ਹਰ ਵਕਤ ਸੇਵਾ ਵਿਚ ਜੁਟੇ ਰਹਿੰਦੇ,ਹੋਰ ਸਭ ਕੁਝ ਵਿਸਾਰ ਦਿੱਤਾ। ਸ੍ਰੀ ਅਮਰਦਾਸ ਜੀ ਨੂੰ ਗੁਰੂ ਜੀ ਦੀ ਨੇੜਤਾ ਦਾ ਮਾਣ ਪ੍ਰਾਪਤ ਹੋਇਆ। ਹੁਣ ਆਪ ਜੀ ਨੂੰ ਗੁਰੂ ਜੀ ਦੇ ਬਰਤਨ ਮਾਂਜਣ, ਕੱਪੜੇ ਧੋਣ ਅਤੇ ਪੱਖਾ ਝੱਲਣ ਦੀ ਸੇਵਾ ਪ੍ਰਾਪਤ ਹੋ ਗਈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਨੂੰ ਈਰਖਾ ਤੋਂ ਬਚਾਉਣ ਲਈ ਪਹਿਲਾਂ ਹੀ ਗੋਇੰਦਵਾਲ ਰਹਿਣ ਦੀ ਆਗਿਆ ਕੀਤੀ ਹੋਈ ਸੀ। ਇਕ ਦਿਨ ਸ੍ਰੀ ਅਮਰਦਾਸ ਜੀ, ਗੁਰੂ ਜੀ ਦੇ ਇਸ਼ਨਾਨ ਲਈ ਜਲ ਲੈਣ ਵਾਸਤੇ ਬਿਆਸ ਦਰਿਆ ਵੱਲ ਗਾਗਰ ਚੁੱਕ ਕੇ ਗਏ। ਉਧਰੋਂ ਜਲ ਦੀ ਗਾਗਰ ਭਰ ਕੇ ਖਡੂਰ ਸਾਹਿਬ ਵੱਲ ਆ ਰਹੇ ਸਨ ਤਾਂ ਅਚਾਨਕ ਹਨੇਰੇ ਕਾਰਨ ਰਸਤੇ ਵਿਚ ਇਕ ਕਿੱਲੇ 'ਚ ਅੜਕ ਕੇ ਡਿੱਗ ਗਏ ਪਰ ਗਾਗਰ ਵਿੱਚੋਂ ਜਲ ਨਾ ਡੁੱਲਣ ਦਿੱਤਾ। ਖੜਕਾ ਸੁਣ ਕੇ ਜੁਲਾਹਾ ਉੱਠਿਆ ਅਤੇ ਆਪਣੀ ਪਤਨੀ ਨੂੰ ਕਹਿਣ ਲੱਗਿਆ ਕਿ ਕੋਈ ਚੋਰ ਹੈ ਤਾਂ ਉਹ ਕਹਿਣ ਲੱਗੀ ਕਿ ਐਸੀ ਠੰਡ 'ਚ ਤਾਂ ਮਨੁੱਖ ਤੇ ਪਸ਼ੂ-ਪੰਛੀ ਸਭ ਲੁਕਦੇ ਫਿਰਦੇ ਆ, ਇਸ ਸਮੇਂ ਕਿਹੜਾ ਚੋਰ ਹੋਣੈ, ਇਹ ਤਾਂ ਅਮਰੂ ਨਿਥਾਵਾਂ ਹੋਣਾ, ਜੋ ਆਪਣੇ ਕੁੜਮਾਂ ਦਾ ਪਾਣੀ ਢੋਂਦਾ ਫਿਰਦੈ। ਸ੍ਰੀ ਅਮਰਦਾਸ ਜੀ ਨੇ ਜੁਲਾਹੀ ਦੀ ਗੱਲ ਸੁਣੀ ਤਾਂ ਉੱਚੀ ਦੇਣੇ ਕਿਹਾ- ਮੈਂ ਨਿਥਾਵਾਂ ਨਹੀਂ ਆਂ, ਗੁਰੂ ਮੇਰੀ ਥਾਂ ਐ, ਕਮਲੀਏ!

ਗੁਰੂ ਜੀ ਨੇ ਇਸ਼ਨਾਨ ਕਰ ਲਿਆ, ਦੀਵਾਨ ਸਜ ਗਿਆ। ਸ੍ਰੀ ਅਮਰਦਾਸ ਜੀ ਨੂੰ ਬੁਲਾਵਾ ਭੇਜਿਆ ਤੇ ਵਾਪਰੀ ਘਟਨਾ ਬਾਰੇ ਪੁੱਛਿਆ। ਜੁਲਾਹਾ ਆਪਣੀ ਪਤਨੀ ਨੂੰ ਲੈ ਕੇ ਹਾਜ਼ਰ ਹੋਇਆ ਤੇ ਖਿਮਾ ਮੰਗਣ ਲੱਗਿਆ। ਸ੍ਰੀ ਅਮਰਦਾਸ ਜੀ ਨੇ ਬੇਨਤੀ ਕੀਤੀ-ਮੈਂ ਨਿਥਾਵਾਂ ਸਾਂ, ਜਦੋਂ ਦਾ ਆਪ ਜੀ ਦੀ ਸੇਵਾ ਵਿੱਚ ਹਾਜ਼ਰ ਹੋਇਆ ਆਂ, ਮੈਂ ਨਿਥਾਵਾਂ ਨਹੀਂ ਰਿਹਾ। ਮੈਂ ਗੁਰੂ-ਘਰ ਦਾ ਨਿਰਾਦਰ ਕਿਵੇਂ ਸਹਿ ਜਾਂਦਾ? ਇਸ ਲਈ ਮੈਥੋਂ ਜੁਲਾਹੀ ਨੂੰ 'ਕਮਲੀ' ਕਹਿ ਹੋਇਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਚਨ ਸੁਣੇ ਤਾਂ ਸ੍ਰੀ ਅਮਰਦਾਸ ਜੀ ਨੂੰ ਗਲਵੱਕੜੀ ਵਿੱਚ ਲੈ ਲਿਆ ਤੇ ਇਉਂ ਬਖਸ਼ਿਸ਼ਾਂ ਬਖ਼ਸ਼ਣ ਲੱਗੇ। ਭਾਈ ਸੰਤੋਖ ਸਿੰਘ ਜੀ 'ਸੂਰਜ ਪ੍ਰਕਾਸ਼' ਵਿਚ ਇਸ ਤਰ੍ਹਾਂ ਲਿਖਦੇ ਹਨ-

ਤੁਮਹੋ ਨਿਥਾਵਨ ਥਾਨ।
ਕਰਿ ਹੋ ਨਿਮਾਨਹਿਂ ਮਾਨ।
ਬਿਨ ਓਟ ਕੀ ਤੁਮ ਓਟ।
ਨਿਧਰੇਨ ਕੀ ਧਿਰ ਕੋਟ ॥ 23 ॥ (ਰਾਸਿ 1, ਅੰਸੂ 17)।

ਸ੍ਰੀ ਅਮਰਦਾਸ ਜੀ ਦੀ ਸੇਵਾ ਸਫਲ ਹੋਈ। ਉਨ੍ਹਾਂ ਨੂੰ ਗੁਰੂ ਜੀ ਨੇ ਇਸ਼ਨਾਨ ਕਰਵਾਇਆ ਤੇ ਸੁੰਦਰ ਬਸਤਰ ਪਹਿਨਾਏ ਭਾਈ ਸੰਤੋਖ ਸਿੰਘ ਜੀ ਦੇ ਸ਼ਬਦਾਂ ਰਾਹੀਂ ਇਸ ਘਟਨਾ ਦਾ ਵਰਣਨ ਇਸ ਤਰ੍ਹਾਂ ਮਿਲਦਾ ਹੈ-

ਮੈਂ ਅਪਨੇ ਅਸਥਾਨ ਬਿਠਾਵੌਂ।
ਗੁਰਤਾਗਾਦੀ ਦੈ ਹਰਖਾਵੌਂ।
ਸਭਿ ਸੰਗਤਿ ਕੌ ਦਯੋ ਸੁਨਾਇ।
ਇਹੁ ਮੇਰੋ ਅਬ ਰੂਪ ਸੁਹਾਇ ॥।32।। ॥
ਬਿਦਤਿ ਭਏ ਗੁਰ ਸੰਗਤਿ ਮਾਂਹਿ।
ਗੁਰ ਸ੍ਰੀ ਅਮਰ ਅਪਰ ਹੁਇਂ ਨਾਂਹਿ ॥।33।।
(ਰਾਸਿ 1, ਅੰਸੂ 17)।

ਇਸ ਕਾਰਜ ਤੋਂ ਥੋੜ੍ਹੇ ਸਮੇਂ ਬਾਅਦ ਹੀ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਤਾਗੱਦੀ ਦੀ ਜ਼ਿੰਮੇਵਾਰੀ ਸੌਂਪਦਿਆਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜੋਤੀ-ਜੋਤਿ ਸਮਾਉਣ ਦੀ ਤਿਆਰੀ ਕਰ ਲਈ। ਪਹਿਲੇ ਗੁਰੂ ਜੀ ਨੇ ਆਪ ਮੱਥਾ ਟੇਕਿਆ ਤੇ ਪਿੱਛੋਂ ਸਰਬੱਤ ਸੰਗਤ ਨੇ ਸੀਸ ਨਿਵਾਇਆ। ਸ੍ਰੀ ਗੁਰੂ ਅਮਰਦਾਸ ਜੀ ਬੜੇ ਵੈਰਾਗਵਾਨ ਹੋਏ ਤੇ ਗੋਇੰਦਵਾਲ ਸਾਹਿਬ ਆ ਗਏ।

ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਇਹ ਇਲਾਹੀ ਦਾਤ ਸੇਵਕ ਬਣ ਕੇ ਹਾਸਲ ਕੀਤੀ।

'ਗੁਰੂ ਜੋਤਿ' ਦਾ ਵਰਤਾਰਾ ਇਸ ਤਰ੍ਹਾਂ ਵਰਤਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਅਮਰਦਾਸ ਜੀ ਤੋਂ ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਆਦਿ 'ਗੁਰੂ ਜੋਤਿ' ਵਿੱਚ ਪ੍ਰਗਟ ਹੋਏ, ਕਿਉਂਕਿ 'ਹਰਿ ਜੋਤਿ' ਇਕ ਹੀ ਸੀ ਸਿਰਫ ਕਾਇਆ ਜਾਂ ਦੇਹੀ ਹੀ ਬਦਲਦੀ ਰਹੀ। ਸੋ ਬੇਨਤੀ ਹੈ ਕਿ 'ਗੁਰੂ ਜੋਤਿ' ਇਕ ਹੀ ਹੈ, ਇਸ ਨੂੰ ਵਿਖਿਆਉਣ ਲੱਗਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਾਂ ਚੌਥੀ ਜੋਤਿ ਕਹਿਣਾ ਉਚਿਤ ਨਹੀਂ, ਇਸ ਲਈ ਸਾਨੂੰ ਸਾਰਿਆਂ ਨੂੰ ਥੋੜ੍ਹਾ ਸੁਚੇਤਾਈ ਤੋਂ ਕੰਮ ਲੈਣਾ ਚਾਹੀਦਾ ਹੈ।

ਦਸਮ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਸੰਕਲਪ ਬਾਰੇ ਸਾਨੂੰ ਸਪਸ਼ਟ ਆਦੇਸ਼ ਦਿੰਦੇ ਹਨ:

ਸ੍ਰੀ ਨਾਨਕ ਅੰਗਦਿ ਕਰਿ ਮਾਨਾ।
ਅਮਰ ਦਾਸ ਅੰਗਦ ਪਹਿਚਾਨਾ।
ਅਮਰ ਦਾਸ ਰਾਮਦਾਸ ਕਹਾਯੋ।
ਸਾਧਨ ਲਖਾ ਮੂੜ੍ਹ ਨਹਿ ਪਾਯੋ ॥।9।।
ਭਿੰਨ ਭਿੰਨ ਸਭ ਹੂੰ ਕਰਿ ਜਾਨਾ।
ਏਕ ਰੂਪ ਕਿਨਹੂੰ ਪਹਿਚਾਨਾ।
ਜਿਨ ਜਾਨਾ ਤਿਨ ਹੀ ਸਿਧਿ ਪਾਈ।
ਬਿਨੁ ਸਮਝੇ ਸਿਧਿ ਹਾਥਿ ਨਾ ਆਈ। ॥10 ॥।
(ਬਚਿੱਤਰ ਨਾਟਕ, ਅਧਿਆਏ 5)।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਪਿਤਾ ਗੁਰੂ, ਸ੍ਰੀ ਗੁਰੂ ਰਾਮਦਾਸ ਜੀ ਅਤੇ ਮਾਤਾ ਬੀਬੀ ਭਾਨੀ ਜੀ ਦੇ ਗ੍ਰਹਿ ਵਿਖੇ 1563 ਈਸਵੀ ਨੂੰ ਗੋਇੰਦਵਾਲ ਸਾਹਿਬ ਵਿਖੇ ਹੋਇਆ। ਬੀਬੀ ਭਾਨੀ ਜੀ, ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਸਨ। ਸ੍ਰੀ ਅਰਜਨ ਦੇਵ ਜੀ, ਸ੍ਰੀ ਗੁਰੂ ਰਾਮਦਾਸ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਆਪ ਜੀ ਨੂੰ ਹਰ ਪ੍ਰਕਾਰ ਦੀ ਵਿੱਦਿਆ ਵਿੱਚ ਨਿਪੁੰਨ ਕਰਨ ਵਿੱਚ ਨਾਨਾ ਗੁਰੂ ਸ੍ਰੀ ਗੁਰੂ ਅਮਰਦਾਸ ਜੀ, ਬਾਬਾ ਬੁੱਢਾ ਜੀ ਅਤੇ ਹੋਰ ਗੁਰਸਿੱਖਾਂ ਦਾ ਵਿਸ਼ੇਸ਼ ਯੋਗਦਾਨ ਹੈ। ਆਪ ਜੀ ਦੀ ਸ਼ਖ਼ਸੀਅਤ ਚੰਗੇ ਗੁਣਾਂ ਦਾ ਖਜ਼ਾਨਾ ਹੋ ਨਿੱਬੜੀ। ਇਨ੍ਹਾਂ ਸਮੂਹ ਗੁਣਾਂ ਦੇ ਕਾਰਨ ਹੀ ਆਪ ਜੀ ਗੁਰੂ ਪਾਤਸ਼ਾਹ ਜੀ ਦੀ ਬਖਸ਼ਿਸ਼ ਇਲਾਹੀ ਦਾਤ ਗੁਰਤਾਗੱਦੀ ਦੇ ਵਾਰਿਸ ਬਣੇ।

ਗੁਰੂ- ਪਿਤਾ ਜੀ ਦੇ ਬਚਨਾਂ ਦਾ ਪੂਰੀ ਤਰ੍ਹਾਂ ਪਾਲਣ, ਸੇਵਾ ਅਤੇ ਪਰਉਪਕਾਰ ਆਪ ਜੀ ਦੇ ਜੀਵਨ ਦੇ ਅਮਲੀ ਪੱਖ ਸਨ। ਇਨ੍ਹਾਂ ਗੁਣਾਂ ਕਾਰਨ ਹੀ 1581 ਈਸਵੀ ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਕੁਝ ਸਮਾਂ ਪਹਿਲਾਂ ਹੀ ਆਪ ਜੀ ਨੂੰ ਗੁਰਿਆਈ ਬਖ਼ਸ਼ਿਸ਼ ਕੀਤੀ। ਵੱਡੇ ਭਰਾ ਪ੍ਰਿਥੀ ਚੰਦ ਨੇ ਆਪਣਾ ਹੱਕ ਜਿਤਾਇਆ, ਵਿਰੋਧ ਕੀਤਾ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਹਿਨਸ਼ੀਲਤਾ, ਸਬਰ ਅਤੇ ਸੁਹਿਰਦਤਾ ਅੱਗੇ ਉਸ ਦੀ ਪੇਸ਼ ਨਾ ਗਈ। ਆਪ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਏ ਨਿਰਮਲ ਪੰਥ ਨੂੰ ਹਰ ਪੱਖੋਂ ਮਜ਼ਬੂਤ ਅਤੇ ਸਵੈ-ਨਿਰਭਰ ਬਣਾਇਆ। ਇਕ ਪਾਸੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੰਪੂਰਨਤਾ ਕਰਕੇ ਸਿੱਖ ਸੰਗਤ ਨੂੰ ਇਕ ਨਵਾਂ ਧਰਮ ਕੇਂਦਰ ਬਖ਼ਸ਼ਿਆ, ਦੂਜੇ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਕੇ ਗੁਰੂ ਵਿਰਸੇ ਦੀ ਨਾ ਕੇਵਲ ਸੰਭਾਲ ਕੀਤੀ, ਸਗੋਂ ਸਿੱਖ ਜਗਤ ਨੂੰ ਗੁਰਬਾਣੀ ਨਾਲ ਜੁੜਨ ਦਾ ਵਸੀਲਾ ਵੀ ਪ੍ਰਦਾਨ ਕੀਤਾ। ਗੁਰੂ ਜੀ ਨੇ ਸਿੱਖ ਸੰਗਤਾਂ ਨੂੰ ਸ਼ਬਦ ਕੀਰਤਨ ਦੀ ਇਲਾਹੀ ਦਾਤ ਨਾਲ ਜੋੜਿਆ ਅਤੇ ਹਰ ਸਿੱਖ ਨੂੰ ਆਪ ਕੀਰਤਨ ਕਰਨ ਲਈ ਉਤਸ਼ਾਹਿਤ ਕੀਤਾ। ਸ੍ਰੀ ਅੰਮ੍ਰਿਤਸਰ ਸ਼ਹਿਰ ਨੂੰ ਹਰ ਪੱਖੋਂ ਉਜਾਗਰ ਕਰਨ ਲਈ ਵਪਾਰੀਆਂ, ਕਿਸਾਨਾਂ ਅਤੇ ਮਿਹਨਤੀ ਕਾਰੀਗਰਾਂ ਨੂੰ ਕੰਮ/ਰੁਜ਼ਗਾਰ ਵਿਚ ਮਾਲੀ ਮਦਦ ਕਰਕੇ ਉਨ੍ਹਾਂ ਦੇ ਕਾਰੋਬਾਰ ਤੋਰੇ। ਧਰਮ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਹਿਤ ਦਸਵੰਧ ਦੀ ਪ੍ਰਥਾ ਨੂੰ ਵਿਕਸਿਤ ਕੀਤਾ, ਜਿਸ ਨਾਲ ਸਿੱਖ ਸੰਗਠਨ ਆਰਥਿਕ ਪੱਖੋਂ ਮਜ਼ਬੂਤ ਹੋਇਆ। ਗੁਰੂ ਪਾਤਸ਼ਾਹ ਜੀ ਨੇ ਮਨੁੱਖੀ ਭਲਾਈ ਦੇ ਕਾਰਜ ਆਰੰਭੇ ਜਿਵੇਂ- ਭਿਆਨਕ ਰੋਗੀਆਂ ਅਤੇ ਕੋਹੜੀਆਂ ਦੇ ਇਲਾਜ ਲਈ ਵਿਸ਼ੇਸ਼ ਪ੍ਰਬੰਧ ਤਰਨ ਤਾਰਨ ਸਾਹਿਬ ਵਿਖੇ ਕੀਤਾ। ਇਸੇ ਤਰ੍ਹਾਂ ਪਾਣੀ ਦੀ ਕਿੱਲਤ ਨੂੰ ਦੂਰ ਕਰਨ ਵਾਸਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦੀ ਖੁਸ਼ੀ ਅੰਦਰ ਛੇਹਰਟਾ ਸਾਹਿਬ ਵਿਖੇ ਖੂਹ ਲਗਵਾਇਆ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਸ੍ਰੇਸ਼ਟ ਦੇਣ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਹੈ, ਜਿਸ ਵਿੱਚ ਪੰਜ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਪੰਦਰ੍ਹਾਂ ਭਗਤਾਂ ਅਤੇ ਹੋਰ ਗੁਰਸਿੱਖਾਂ ਦੀ ਬਾਣੀ ਸ਼ਾਮਲ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਰਬ-ਸਾਂਝੀਵਾਲਤਾ ਅਤੇ ਮਨੁੱਖੀ ਭਾਈਚਾਰੇ ਦੀ ਏਕਤਾ ਦਾ ਪ੍ਰਤੀਕ ਹੈ। ਇਹ ਪਾਵਨ ਬਾਣੀ ਸਾਰੀ ਮਨੁੱਖਤਾ ਨੂੰ ਪ੍ਰਭੂ ਪਿਆਰ ਨਾਲ ਜੋੜਦੀ ਹੋਈ, ਮਨੁੱਖੀ ਭਾਈਚਾਰੇ ਦਾ ਸੰਕਲਪ ਪੇਸ਼ ਕਰਦੀ ਹੈ, ਜਿਸ ਵਿੱਚ ਕੋਈ ਊਚ-ਨੀਚ, ਜਾਤ-ਪਾਤ, ਅਮੀਰ-ਗਰੀਬ ਅਤੇ ਰੰਗ ਰੂਪ ਦਾ ਭੇਦ ਨਹੀਂ ਜੋ-ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ਦੀ ਭਾਵਨਾ ਦ੍ਰਿੜ੍ਹ ਕਰਵਾਉਂਦੀ ਹੈ। ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਰਬ ਮਨੁੱਖਤਾ ਹਿੱਤ ਪਿਆਰ ਅਤੇ ਸੇਵਾ ਕਾਰਨ ਸਿੱਖੀ ਬਹੁਤ ਪ੍ਰਫੁੱਲਤ ਹੋਈ।

ਜਿੰਨੀ ਮਹਾਨ ਅਤੇ ਸੱਚੀ-ਸੁੱਚੀ ਕਿਸੇ ਦੀ ਸ਼ਖ਼ਸੀਅਤ ਹੁੰਦੀ ਹੈ, ਓਨਾ ਹੀ ਵਧੇਰੇ ਉਸ ਸ਼ਖ਼ਸੀਅਤ ਦੀ ਕੁਰਬਾਨੀ ਦਾ ਲੋਕ ਮਨਾਂ 'ਤੇ ਪ੍ਰਤੀਕਰਮ ਹੁੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਆਪ ਪ੍ਰਤੱਖ ਪਰਮਾਤਮਾ ਦਾ ਰੂਪ ਸਨ। ਆਪ ਜੀ ਸੇਵਾ, ਸਿਮਰਨ, ਸਹਿਨਸ਼ੀਲਤਾ ਅਤੇ ਰੱਬੀ ਭਾਣੇ ਦੀ ਸਾਕਾਰ ਮੂਰਤ ਸਨ। ਗੁਰੂ ਪਾਤਸ਼ਾਹ ਜੀ ਨੇ ਸਰਬ ਮਨੁੱਖਤਾ ਨੂੰ ਸੱਚਾ ਜੀਵਨ ਜਿਊਣ ਦਾ ਮਾਰਗ ਦੱਸਿਆ ਅਤੇ ਆਪਣੀ ਸ਼ਹੀਦੀ ਰਾਹੀਂ ਸੱਚ ਲਈ ਸ਼ਹੀਦ ਹੋਣ ਦੇ ਪੂਰਨੇ ਪਾਏ।

ਪੰਚਮ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਬਾਰੇ ਭਾਈ ਸੰਤੋਖ ਸਿੰਘ ਜੀ 'ਸੂਰਜ ਪ੍ਰਕਾਸ਼' ਅੰਦਰ ਇਸ ਤਰ੍ਹਾਂ ਲਿਖਦੇ ਹਨ-

ਸ੍ਰੀ ਅਰਜਨ ਸ੍ਰੋਤਾ ਅਰਜ, ਸਿਰਜਨ ਆਰਜਤਾਯ।
ਲਰਜਤਿ ਜਮ ਜਿਨ ਨਾਮ ਤੇ, ਬੰਦੋਂ ਤਿਨ ਜੁਗ
ਪਾਯ ॥13 ॥

ਭਾਵ- ਸ੍ਰੀ ਗੁਰੂ ਅਰਜਨ ਦੇਵ ਜੀ ਬੇਨਤੀਆਂ ਦੇ ਸੁਣਨ ਵਾਲੇ ਤੇ ਵਡਿਆਈਆਂ ਦੇ ਰਚਨਹਾਰ ਹਨ, ਜਿਨ੍ਹਾਂ ਦੇ ਨਾਮ ਤੋਂ ਯਮ ਕੰਬਦਾ ਹੈ, ਮੈਂ ਉਨ੍ਹਾਂ ਦੇ ਦੋਹਾਂ ਚਰਨਾਂ 'ਤੇ ਨਮਸਕਾਰ ਕਰਦਾ ਹਾਂ।

ਇਸ 'ਗੁਰੂ ਜੋਤਿ' ਦੇ ਸੰਕਲਪ ਅਧੀਨ ਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋਈ ਪਰੰਪਰਾ ਦਸ ਜਾਮਿਆਂ ਅੰਦਰ ਵਿਚਰੀ ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉੱਤਰਾਧਿਕਾਰੀ ਗੁਰੂ ਸਾਹਿਬਾਨ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਆਦਿ ਵੱਖ-ਵੱਖ ਨਾਵਾਂ ਨਾਲ ਜਾਣੇ ਗਏ, ਪਰ ਸਭ ਬਾਣੀਕਾਰ ਗੁਰੂ ਪਾਤਸ਼ਾਹ ਜੀ ਨੇ ਬਾਣੀ ਅੰਦਰ 'ਨਾਨਕ' ਪਦ ਹੀ ਵਰਤਿਆ ਹੈ। 'ਜੋਤਿ' ਅਤੇ 'ਜੁਗਤਿ' ਦਸਾਂ ਪਾਤਸ਼ਾਹੀਆਂ ਵਿੱਚ ਉਹੀ ਅਕਾਲ ਪੁਰਖ ਦੀ 'ਹਰਿ ਜੋਤਿ' ਹੀ ਪ੍ਰਗਟ ਹੁੰਦੀ ਰਹੀ। ਸੋ ਇਕ ਹੀ 'ਹਰਿ ਜੋਤਿ' ਦਸ ਪਾਤਸ਼ਾਹੀਆਂ ਅੰਦਰ ਵਿਗਸੀ ਇਸ 'ਹਰਿ ਜੋਤਿ' ਦੇ ਵਿਗਸਣ ਸਬੰਧੀ ਭਾਈ ਸਤਾ ਜੀ ਅਤੇ ਭਾਈ ਬਲਵੰਡ ਜੀ ਰਾਮਕਲੀ ਦੀ ਵਾਰ ਅੰਦਰ ਬਿਆਨ ਕਰਦੇ ਹਨ:

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ
ਪਲਟੀਐ ॥ (ਪੰਨਾ 966)।

## ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ

ਹੁਣ ਗੱਲ ਕਰੀਏ ਸਿਫਰ ਨਕਾਰਾਤਮਕ ਸੋਚ ਵਾਲੇ ਮਨੁੱਖ ਦੀ ਜੋ ਅਲੋਚਨਾ ਤੋਂ ਇਲਾਵਾ ਕੁੱਝ ਜਾਣਦਾ ਹੀ ਨਾ ਹੋਵੇ ਤੇ ਕਦੇ ਵੀ ਸਾਰਥਕ ਗੱਲ ਨਾ ਕਰਦਾ ਹੋਵੇ। ਅਜਿਹਾ ਮਨੁੱਖ ਆਪਣੇ ਮਨ ਨੂੰ ਇਹ ਸਮਝਾ ਲੈਂਦਾ ਹੈ ਕਿ ਰੁੱਖਾ ਬੋਲਣਾ ਉਸ ਦਾ ਖਾਸ ਗੁਣ ਹੈ ਤੇ ਇੰਜ ਹੀ ਉਹ ਆਪਣੇ ਆਪ ਨੂੰ ਬਾਕੀਆਂ ਤੋਂ ਵੱਖ ਤੇ ਉੱਚਾ ਸਮਝਣ ਲੱਗ ਪੈਂਦਾ ਹੈ। ਹੌਲੀ-ਹੌਲੀ ਅਜਿਹੇ ਮਨੁੱਖ ਦੀ ਸੋਚ ਹੀ ਤਬਦੀਲ ਹੋ ਜਾਂਦੀ ਹੈ ਤੇ ਹਉਮੈ ਉਸ ਨੂੰ ਜਕੜ ਲੈਂਦੀ ਹੈ। ਉਸ ਨੂੰ ਆਪਣੇ ਸਾਹਮਣੇ ਸਾਰੇ ਬੌਣੇ ਜਾਪਣ ਲੱਗ ਪੈਂਦੇ ਹਨ। ਦੂਜੇ ਦੀ ਚੀਸ ਨਾ ਸਮਝਣਾ ਤੇ ਦੂਜੇ ਨੂੰ ਨੀਵਾਂ ਵਿਖਾ ਕੇ ਖ਼ੁਸ਼ ਮਹਿਸੂਸ ਹੋਣਾ ਹੀ ਕਿਸੇ ਕਿਸੇ ਦਾ ਸੁਭਾਓ ਬਣ ਜਾਂਦਾ ਹੈ।

ਅਜਿਹਾ ਮਨੁੱਖ ਰੁੱਖਾ ਹੋਣ ਦੇ ਨਾਲ ਅੜਬ ਤੇ ਆਪਣੇ ਆਲੇ-ਦੁਆਲੇ ਭੇਦ ਨਾ ਸਕਣ ਵਾਲਾ ਚੱਕਰਵਿਊ ਸਿਰਜ ਲੈਂਦਾ ਹੈ ਜਿਸ ਨੂੰ ਪਾਰ ਨਾ ਕਰ ਸਕਣ ਵਾਲਾ ਕਿਨਾਰਾ ਕਰਨ ਲੱਗ ਪੈਂਦਾ ਹੈ ਤੇ 'ਅੰਗੂਰ ਖੱਟੇ ਹਨ' ਵਾਂਗ ਹੀ ਉਸ ਬਾਰੇ ਮਾੜੀ ਸ਼ਬਦਾਵਲੀ ਵਰਤ ਕੇ ਪਰ੍ਹਾਂ ਹੋ ਜਾਂਦਾ ਹੈ। ਇਹੋ ਨਿੰਦਾ ਅਗਾਂਹ ਤੁਰਦੀ ਹੋਈ ਉਸ ਮਨੁੱਖ ਨੂੰ ਰੁੱਖਾ ਤੇ ਨਕਾਰਾਤਮਕ ਸਾਬਤ ਕਰ ਦਿੰਦੀ ਹੈ ਤੇ ਲੋਕਾਂ ਵਿਚ ਅਜਿਹੇ ਮਨੁੱਖ ਦੇ ਜ਼ਿਕਰ ਨਾਲ ਹੀ ਉਸ ਨੂੰ ਭੰਡਿਆ ਜਾਣ ਲੱਗ ਪੈਂਦਾ ਹੈ।

ਇਹ ਸਾਰੀ ਖੋਜ ਮਨੋਵਿਗਿਆਨੀਆਂ ਨੇ ਸਿਰਫ਼ ਇਸ ਨੁਕਤੇ ਨੂੰ ਸਾਬਤ ਕਰਨ ਉੱਤੇ ਲਾਈ ਹੈ ਕਿ ਇਨਸਾਨੀ ਮਨ ਨਿੰਦਿਆ ਵੱਲ ਛੇਤੀ ਖਿੱਚਿਆ ਜਾਂਦਾ ਹੈ ਤੇ ਆਪ ਵੀ ਸੁਣੀ ਸੁਣਾਈ ਨਿੰਦਿਆ ਦਾ ਹਿੱਸਾ ਅਚੇਤ ਮਨ ਰਾਹੀਂ ਬਣ ਜਾਂਦਾ ਹੈ। ਪਰ, ਲਗਾਤਾਰ ਸੁਣੀ ਜਾ ਰਹੀ ਨਿੰਦਿਆ ਤੋਂ ਅਕੇਵਾਂ ਹੁੰਦੇ ਸਾਰ ਮਨੁੱਖੀ ਮਨ ਸਹਿਜ ਹੋਣ ਲਈ ਕੁੱਝ ਸੁਖਾਵੇਂ ਸ਼ਬਦ ਭਾਲਣ ਲੱਗ ਪੈਂਦਾ ਹੈ। ਯਾਨੀ ਬਹੁਤੀ ਦੇਰ ਰੁੱਖਾਪਨ ਸੁਣਿਆ ਨਹੀਂ ਜਾਂਦਾ ਤੇ ਦਿਮਾਗ਼ ਵਿਚਲੀਆਂ ਬਿਜਲਈ ਤਰੰਗਾਂ ਨੂੰ ਸ਼ਾਂਤ ਕਰਨ ਲਈ ਕੁੱਝ ਚੰਗਾ ਸੁਣਨਾ ਇਨਸਾਨੀ ਮਨ ਦੀ ਫਿਤਰਤ ਹੈ।

ਜਿਹੜਾ ਮਨੁੱਖ ਸਦਾ ਹੀ ਰੁੱਖੇ ਬਚਨ ਉਚਾਰਦਾ ਰਹੇ, ਉਸ ਦੀ ਬਾਕੀਆਂ ਨਾਲ ਸਾਂਝ ਹੌਲੀ-ਹੌਲੀ ਟੁੱਟਣ ਲੱਗ ਪੈਂਦੀ ਹੈ ਤੇ ਲੋਕ ਉਸ ਤੋਂ ਪਾਸਾ ਵੱਟਣ ਲੱਗ ਪੈਂਦੇ ਹਨ।

ਹੁਣ ਤਾਂ ਸੌਖਿਆਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਸ਼ਬਦ ਸਮਝ ਆ ਸਕਦਾ ਹੈ-

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ।।
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ।।
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ।।
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ।। (ਅੰਗ 473)।

ਅੱਗੇ ਤੋਂ ਜਿਹੜਾ ਜਣਾ ਸਿਰਫ਼ ਹੀ ਸਿਫ਼ਤ ਕਰਦਾ ਮਿਲੇ ਤਾਂ ਉਸ ਉੱਪਰ ਝੂਠ ਦੇ ਚੜ੍ਹੇ ਮੁਖੌਟੇ ਬਾਰੇ ਸਮਝ ਲੈਣਾ ਚਾਹੀਦਾ ਹੈ ਤੇ ਇਸ 'ਫੂਕ ਸ਼ਸਤਰ' ਤੋਂ ਬਚਾਓ ਹੀ ਬਿਹਤਰ ਹੁੰਦਾ ਹੈ।

ਕਿਸੇ ਅੰਦਰ ਸਿਰਫ਼ ਹੀ ਗੁਣ ਹੋਣ, ਇਹ ਸੰਭਵ ਨਹੀਂ ਪਰ ਸਿਰਫ਼ ਔਗੁਣ ਹੋਣ, ਇਹ ਵੀ ਸਹੀ ਨਹੀਂ ਹੈ। ਰਿਸ਼ਤਿਆਂ ਨੂੰ ਲੰਮੇ ਸਮੇਂ ਤੱਕ ਚੱਲਦੇ ਰੱਖਣ ਲਈ 5:1 ਦੀ ਸਹੀ ਮਿਕਦਾਰ ਜ਼ਰੂਰ ਚਾਹੀਦੀ ਹੈ।

## ਪੰਜਾਬੀਆਂ ਨੂੰ ਜੋਸ਼ ਨਾਲ ਹੋਸ਼ ਦੀ ਵੀ ਲੋੜ

ਦਾ ਉੱਥੇ ਹੈ; ਭਾਵ ਧਰਮ ਕਦੇ ਕੌਮ ਨਹੀਂ ਹੋ ਸਕਦਾ। ਇਸ ਹਿਸਾਬ ਨਾਲ ਸਿੱਖ, ਬੋਧੀ, ਜੈਨ, ਪਾਰਸੀ, ਇਸਾਈ ਆਦਿ ਵੀ ਸਭ ਕੌਮਾਂ ਹਨ ਪਰ ਕੌਮ ਕਿਸੇ ਭਾਸ਼ਾ ਤੇ ਉਸ ਦੇ ਸੱਭਿਆਚਾਰ ਵਿਚੋਂ ਹੋਂਦ ਵਿਚ ਆਉਂਦੀ ਹੈ। ਧਰਮ ਨੂੰ ਕੌਮ ਮੰਨਿਆ ਜਾਵੇ ਤਾਂ ਇਸਾਈਆਂ, ਬੋਧੀਆਂ, ਮੁਸਲਮਾਨਾਂ ਦਾ ਇਕ ਇਕ ਦੇਸ਼ ਹੋਣਾ ਚਾਹੀਦਾ ਹੈ ਪਰ ਅਜਿਹਾ ਨਹੀਂ ਹੋ ਸਕਦਾ, ਕਿਉਂਕਿ ਕੌਮ ਨੂੰ ਕੌਮ ਬਣਾਉਣ ਲਈ ਭਾਸ਼ਾ ਅਤੇ ਉਸ ਦਾ ਸੱਭਿਆਚਾਰ ਲਾਜ਼ਮੀ ਹੈ। ਪੰਜਾਬੀ ਨੂੰ ਹਿੰਦੀ ਦੇ ਰੰਗ ਵਿਚ ਨਹੀਂ ਰੰਗਿਆ ਜਾ ਸਕਦਾ। ਇਹ ਉਸੇ ਤਰ੍ਹਾਂ ਦਾ ਯਤਨ ਹੈ, ਜਿਵੇਂ ਲਹਿੰਦੇ ਪੰਜਾਬ ਵਿਚ ਜਗੀਰੂ ਇਲੀਤ (elite) ਨੇ ਉਰਦੂ ਦਾ ਜੂਲ਼ਾ ਪੰਜਾਬੀ ਦੇ ਗਲ ਵਿਚ ਪਾ ਰੱਖਿਆ ਹੈ ਅਤੇ ਆਮ ਲੋਕਾਂ ਕੋਲੋਂ ਉਨ੍ਹਾਂ ਦੀ ਭਾਸ਼ਾ ਖੋਹਣ ਦਾ ਯਤਨ ਹੁੰਦਾ ਆ ਰਿਹਾ ਹੈ।

ਪੰਜਾਬੀ ਜ਼ਬਾਨ ਨਾਲ ਪਿਆਰ ਕਰਨ ਵਾਲੇ ਗੁਰਦਾਸ ਮਾਨ ਨੂੰ ਕਈ ਲੋਕ ਭੱਦੇ ਵਿਸ਼ੇਸ਼ਣਾਂ ਨਾਲ ਨਵਾਜ ਰਹੇ ਹਨ। ਇਸ ਬਿਆਨ ਨਾਲੋਂ ਵੱਧ ਮਾਰੂ ਕਾਰਜ ਉਸ ਨੇ ਡੇਰਾਵਾਦੀ ਬਣ ਕੇ ਡੇਰਿਆਂ ਦੀ ਤਰੱਕੀ ਵਿਚ ਚੋਖਾ 'ਯੋਗਦਾਨ' ਪਾਉਂਦਿਆਂ ਕੀਤਾ। ਉਸ ਵੇਲੇ ਉਸ ਦੇ ਖ਼ਿਲਾਫ਼ ਕੋਈ ਨਹੀਂ ਬੋਲਿਆ ਕਿਉਂਕਿ ਉਹ ਇਹ ਕੌੜੀ ਦਵਾਈ ਪੀਰਵਾਦੀ ਜਗੀਰੂ ਵਿਚਾਰਧਾਰਾ ਦੀ ਚਾਸ਼ਨੀ ਵਿਚ ਡੋਬ ਕੇ ਖੁਆ ਰਿਹਾ ਸੀ। ਗੁਰਦਾਸ ਮਾਨ ਨੇ ਸ਼ਬਦ ਦੇ ਪੱਧਰ ਤੇ ਜਗੀਰੂ ਵੈਲੀਪੁਣੇ ਅਤੇ ਫ਼ਿਰਕੂ ਜ਼ਹਿਰ ਖ਼ਿਲਾਫ਼ ਲਗਾਤਾਰ ਚਾਰ ਦਹਾਕੇ ਕੰਮ ਕੀਤਾ ਹੈ ਅਤੇ ਆਪਣੇ ਨਿਵੇਕਲੇ ਵਿਚਾਰਾਂ ਨਾਲ ਪੰਜਾਬੀਅਤ ਦੀ ਫ਼ਸਲ ਨੂੰ ਸਿੰਜਿਆ ਹੈ। ਵੈਲੀ ਸੱਭਿਆਚਾਰ ਪੰਜਾਬ ਨੂੰ ਘੁਣ ਵਾਂਗ ਖਾ ਰਿਹਾ ਹੈ। ਗੁਰਦਾਸ ਮਾਨ ਦਾ ਲਿਖਣ ਅਤੇ ਗਾਉਣ ਦਾ ਨਿਵੇਕਲਾ ਤਰੀਕਾ ਜੈਵਿਕ ਬੁੱਧੀਵਾਨਾਂ ਵਾਲਾ ਹੈ ਜਿਸ ਨੂੰ ਕਦੇ ਵੀ ਖਾਰਿਜ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕੀਤਾ ਜਾਣਾ ਚਾਹੀਦਾ ਹੈ।

ਕੋਈ ਵੀ ਮਨੁੱਖ ਸੰਪੂਰਨ ਨਹੀਂ ਹੁੰਦਾ। ਸਿੱਧੂ ਮੂਸੇਵਾਲਾ ਤੇ ਗੁਰਦਾਸ ਮਾਨ ਲਈ ਇਕੋ ਜਿਹੀ ਭਾਸ਼ਾ ਨਾਲ ਅਸੀਂ ਆਪਣਾ ਹੋਸ਼ ਨਾ ਗਵਾਈਏ। ਮੁਸ਼ਕਿਲ ਦੌਰ ਵਿਚੋਂ ਲੰਘ ਰਹੇ ਪੰਜਾਬੀਆਂ ਦੇ ਜੋਸ਼ ਨੂੰ ਸਲਾਮ ਪਰ ਹੋਸ਼/ਚਿੰਤਨ ਜੱਦੋ-ਜਹਿਦ ਵਿਚ ਬਹੁਤ ਜ਼ਰੂਰੀ ਹੁੰਦੇ ਹਨ। ਗੁਰਦਾਸ ਮਾਨ ਨੂੰ ਪੰਜਾਬੀ ਦੁਸ਼ਮਣ ਕਰਾਰ ਦੇ ਕੇ ਅਸੀਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਅਸਲੀ ਦੁਸ਼ਮਣਾਂ ਦੇ ਹੱਥ ਮਜ਼ਬੂਤ ਕਰ ਰਹੇ ਹੋਵਾਂਗੇ ਕਿਉਂਕਿ ਮਾਨ ਕਿਸੇ ਵੀ ਤਰ੍ਹਾਂ ਉਸ ਪਾਲੇ ਦਾ ਹਮਸਫ਼ਰ ਨਹੀਂ ਹੈ। ਉਹ ਸੋਸ਼ਲ ਮੀਡੀਆ ਨੂੰ ਵਿਅੰਗ ਨਾਲ ਸੰਬੋਧਿਤ ਸੀ ਪਰ ਮਾਨ ਲਈ ਅੱਜ ਦੇ ਟਰੌਲਿੰਗ ਯੁੱਗ ਵਿਚ ਨਜਿੱਠਣਾ ਸੌਖਾ ਨਹੀਂ ਜਿੱਥੇ ਸਾਰੇ ਹੀ ਮੁਨਸਿਫ਼ ਹਨ। ਇਸ ਮਾਧਿਅਮ ਨਾਲ ਜੁੜੇ ਲੋਕਾਂ ਦਾ ਆਪ ਭਾਵੇਂ ਸਮਾਜਿਕ ਸਰੋਕਾਰਾਂ ਵਿਚ ਕੋਈ ਯੋਗਦਾਨ ਹੋਵੇ ਜਾਂ ਨਾ ਹੋਵੇ ਪਰ ਉਹ ਰੋਮਿਲਾ ਥਾਪਰ ਨੂੰ ਫ਼ਿਕਸਨ ਲੇਖਕ ਲਿਖ ਕੇ ਉਸ ਨੂੰ ਡਿਗਰੀਆਂ ਪੁੱਛਣ ਦੀ ਆਦਤ ਜ਼ਰੂਰ ਰੱਖਦੇ ਹਨ। ਸਾਡੀ ਨਾਰਾਜ਼ਗੀ ਦੀ ਭਾਸ਼ਾ ਨੇ ਮਾਨ ਨੂੰ ਵੀ ਉਸੇ ਭਾਸ਼ਾ ਦੇ ਰਾਹੇ ਤੋਰ ਦਿੱਤਾ ਹੈ। ਗੁਰਦਾਸ ਮਾਨ ਨੂੰ ਵੀ ਗੁੱਸੇ ਤੋਂ ਨਹੀਂ, ਹੋਸ਼ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਦਲੀਲ ਨਾਲ ਇਸ ਮਸਲੇ ਨੂੰ ਨਜਿੱਠਣਾ ਚਾਹੀਦਾ ਹੈ। ਮਾਨ ਮਾਨਵੀ ਸਮਾਜਿਕ ਸਰੋਕਾਰਾਂ ਨੂੰ ਪ੍ਰਨਾਇਆ ਬੰਦਾ ਅਤੇ ਗੁਣਾਂ ਦੀ ਗੁਥਲੀ ਹੈ। ਪੰਜਾਬੀਆਂ ਦਾ ਉਸ ਲਈ ਇੰਨਾ ਗੁੱਸਾ ਜਾਇਜ਼ ਨਹੀਂ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com




22

GET FLAT 22 CENTS




DISCOUNT AT

TA TravelCenters of America

PETRO Stopping Centers®

We also offer Line of Credit for Fuel Card

*Additional Services with our Fuel Card*

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com